ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਮਈ-ਜੂਨ 2014
May-June 2014



ਅੰਦਰ ਝਾਤ :

... ਅਤੇ ਹੋਰ ਗਿਆਨ ਵਰਧਕ ਰਚਨਾਵਾਂ

20/-

ਅਗਿਆਨਤਾ ਉਹ ਜ਼ਮੀਨ ਹੈ ਜਿਸ ਵਿੱਚ ਕਰਾਮਾਤਾਂ ਲਈ ਯਕੀਨ ਉੱਗਦਾ ਹੈ ... ਰੌਬਰਟ ਇੰਗਰਸੋਲ

ਪ੍ਰਸਿੱਧ ਮਰਹੂਮ ਉਰਦੂ ਸ਼ਾਇਰ ਮਿਰਜ਼ਾ ਗ਼ਾਲਿਬ (1797-1869) ਵੱਲੋਂ ਮੁਗਲ ਸਾਮਰਾਜ ਦੇ ਪਤਨ ਅਤੇ ਬ੍ਰਿਟਿਸ਼ ਰਾਜ ਦੇ ਉਦੈ ਹੋਣ ਸਮੇਂ ਦੀ ਲਿਖੀ ਗਈ ਇਹ ਗਜ਼ਲ ਅਜੋਕੇ ਸਮੇਂ ਵਿੱਚ ਵੀ ਸਾਰਥਿਕਤਾ ਰਖਦੀ ਹੈ। ਮਿਰਜ਼ਾ ਗ਼ਾਲਿਬ ਦਾ ਇਹ ਕਲਾਮ ਅਜੋਕੇ ਚੋਣ ਦੰਗਲ ਸਮੇਂ ਰਾਜਨੀਤਿਕ ਆਗੂਆਂ ਵੱਲੋਂ ਕੀਤੇ ਜਾ ਰਹੇ ਭਰਮਾਊ ਵਾਅਦਿਆਂ ਉੱਪਰ ਪੂਰੀ ਤਰ੍ਹਾਂ ਢੁਕਦਾ ਹੈ। ਸਿਤਮ ਜ਼ਰੀਫੀ ਇਹ ਹੈ ਕਿ ਪੌਣੀਆਂ ਦੋ ਸਦੀਆਂ ਦੇ ਬਾਅਦ ਵੀ ਰਾਜ ਦਾ ਚਿਹਰਾ ਬਦਲਦੇ ਰਹਿਣ ਦੇ ਬਾਵਜੂਦ ਜੀਵਨ ਦਾ ਯਥਾਰਥ ਸ਼ਾਇਰ ਵੱਲੋਂ ਚਿਤਰੇ ਕਲਾਮ ਅਨੁਸਾਰ ਹੀ ਹੈ।

ਨਏਂ ਵਾਅਦੋਂ ਕਾ ...

ਏਕ ਬ੍ਰਾਹਮਣ ਨੇ ਕਹਾ ਹੈ ਕਿ ਯੇਹ ਸਾਲ ਅੱਛਾ ਹੈ।

ਜ਼ੁਲਮ ਕੀ ਰਾਤ ਬਹੁਤ ਜਲਦ ਢਲੇਗੀ ਅਬ ਤੋ,
ਆਗ ਚੂਲ੍ਹੋਂ ਮੇਂ ਹਰ ਏਕ ਰੋਜ਼ ਜਲੇਗੀ ਅਬ ਤੋ।

ਭੂਖ ਕੇ ਮਾਰੇ ਕੋਈ ਬੱਚਾ ਨਹੀਂ ਰੋਏਗਾ,
ਚੈਨ ਕੀ ਨੀਂਦ ਹਰ ਏਕ ਸਖਸ਼ ਯਹਾਂ ਸੋਏਗਾ।



ਮਿਰਜ਼ਾ ਗ਼ਾਲਿਬ

ਆਂਧੀ ਨਫਰਤ ਕੀ ਚਲੇਗੀ ਨਾ ਕਹੀਂ ਅਬ ਕੇ ਬਰਸ,
ਪਿਆਰ ਕੀ ਫਸਲ ਉਗਾਏਗੀ ਜ਼ਮੀਂ ਅਬ ਕੇ ਬਰਸ।

ਹੈ ਯਕੀਨ ਅਬ ਨਾ ਕੋਈ ਸ਼ੋਰ-ਸ਼ਰਾਬਾ ਹੋਗਾ,
ਜ਼ੁਲਮ ਹੋਗਾ ਨਾ ਕਹੀਂ ਖ਼ੂਨ ਖ਼ਰਾਬਾ ਹੋਗਾ।

ਉਸ ਔਰ ਧੂਪ ਕੇ ਸਦਮੇਂ ਨਾ ਸਹੇਗਾ ਕੋਈ,
ਅਬ ਮੇਰੇ ਦੇਸ਼ ਮੇਂ ਬੇਘਰ ਨਾ ਰਹੇਗਾ ਕੋਈ।

ਨਏਂ ਵਾਅਦੋਂ ਕਾ ਜੋ ਡਾਲਾ ਹੈ ਵੋ ਜਾਲ ਅੱਛਾ ਹੈ,
ਰਹਿਨਮਾਓਂ ਨੇ ਕਹਾ ਹੈ ਕਿ ਯੇਹ ਸਾਲ ਅੱਛਾ ਹੈ।

ਦਿਲ ਕੇ ਖੁਸ਼ ਰਖਨੇ ਮੇਂ 'ਗ਼ਾਲਿਬ' ਯੇ ਖਿਆਲ ਅੱਛਾ ਹੈ।

ਪੇਸ਼ਕਸ਼ : ਪਾਲ ਬਾਗਪੁਰ

ਧੰਨਵਾਦ : ਪਿੰਡ ਤਖਤਮੱਲ (ਸਿਰਸਾ) ਦੇ ਸਰਪੰਚ ਜਗਤਾਰ ਸਿੰਘ ਵੱਲੋਂ ਤਰਕਸ਼ੀਲ ਸਾਹਿਤ ਵੈਨ ਨੂੰ 5000 ਰੁਪਏ ਦੇਣ ਲਈ।

*ਜਿੱਥੇ ਸਿਆਣਪ ਖਤਮ ਹੁੰਦੀ ਹੈ,
ਉਥੋਂ ਧਰਮ ਸ਼ੁਰੂ ਹੁੰਦਾ ਹੈ।
...ਬੈਂਜ਼ਾਮਿਨ ਡਿਜ਼ਰੇਲੀ*

ਮੁੱਖ ਸੰਪਾਦਕ

ਬਲਬੀਰ ਚੰਦ ਲੌਂਗੋਵਾਲ
98153-17028
balbirchand1966@gmail.com

ਸੰਪਾਦਕੀ ਮੰਡਲ

ਰਾਮ ਸਵਰਨ ਲੱਖੇਵਾਲੀ
94173-62085
ramswarn@gmail.com

ਜਸਵੰਤ ਮੋਹਾਲੀ
98555-30721
jaswant_mohali@rediffmail.com

ਪਾਲ ਬਾਗਪੁਰ
94173-13738

ਜਸਵੰਤ ਜੀਰਖ
98151-69825

-: ਮੁੱਖ ਪ੍ਰਬੰਧਕ :-
ਸੁਖਵਿੰਦਰ ਬਾਗਪੁਰ, 94174-27538
appuartpress@gmail.com

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਚੰਦਾ
ਸਲਾਨਾ : 100/- ਰੁਪਏ
ਵਿਦੇਸ਼ : 25 ਯੂ.ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਕੰਪੋਜ਼ਿੰਗ:
ਨੀਰਜ ਕੁਮਾਰ 84277-55241

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਲੋਕ ਸਭਾ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਚੋਣ ਪ੍ਰਚਾਰ ਦੀ ਕਾਵਾਂ-ਰੌਲੀ ਸਿਖਰਾਂ ਤੇ ਹੈ। ਵੱਖ-ਵੱਖ ਸਮਾਜਿਕ, ਆਰਥਿਕ, ਰਾਜਨੀਤਕ ਮੁੱਦਿਆਂ ਤੇ ਆਪਣੀ ਨੀਤੀਗਤ ਸਮਝ ਲੋਕਾਂ ਅੱਗੇ ਰੱਖਣ ਦੀ ਥਾਂ ਇਹ ਸਿਆਸੀ ਪਾਰਟੀਆਂ ਧਰਮਾਂ, ਜਾਤਾਂ, ਫਿਰਕਿਆਂ ਦੇ ਆਧਾਰ ਤੇ ਸਮਾਜ ਵਿਰੋਧੀ ਨਾਹਰੇ ਦੇ ਕੇ, ਫਿਰਕੂ ਧਰੁਵੀਕਰਨ ਰਾਹੀਂ ਆਪਣਾ ਵੋਟ ਬੈਂਕ ਪੱਕਾ ਕਰ ਰਹੀਆਂ ਹਨ। ਨਸ਼ਿਆਂ ਅਤੇ ਨੋਟਾਂ ਰਾਹੀਂ ਵੋਟਾਂ ਪ੍ਰਾਪਤ ਕਰਨ ਲਈ ਹਰ ਹੀਲਾ ਜੁਟਾ ਰਹੀਆਂ ਹਨ। ਅੰਗਰੇਜ਼ਾਂ ਤੋਂ ਸੱਤਾ ਤਬਦੀਲੀ ਦਾ 67 ਸਾਲ ਦਾ ਇਤਿਹਾਸ ਸਾਡੇ ਸਾਹਮਣੇ ਹੈ। ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਘਟਣ ਦੀ ਥਾਂ ਹੋਰ ਵਧੀ ਹੈ। ਮਿਹਨਤਕਸ਼ ਲੋਕ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਸੱਖਣੇ ਹੋਏ ਹਨ। ਰੁਜ਼ਗਾਰ ਦੀਆਂ ਹਾਲਤਾਂ ਹੋਰ ਮਾੜੀਆਂ ਹੋਈਆਂ ਹਨ। ਖੇਤੀ ਤਬਾਹ ਹੋਈ ਹੈ, ਦਸਤਕਾਰੀ ਉਜੜੀ ਹੈ। ਨਵੀਆਂ ਆਰਥਿਕ ਨੀਤੀਆਂ-ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਨੇ ਜਿੱਥੇ ਦੇਸ਼ੀ-ਵਿਦੇਸ਼ੀ ਧੜਵੈਲ ਕੰਪਨੀਆਂ, ਸਰਮਾਏਦਾਰਾਂ ਨੂੰ ਲੁੱਟ ਕਰਨ ਦੇ ਸੌਖੇ ਰਸਤੇ ਪ੍ਰਦਾਨ ਕੀਤੇ ਹਨ, ਉੱਥੇ ਕਿਰਤੀ ਲੋਕਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ। ਅਮੀਰੀ-ਗਰੀਬੀ ਵਿਚਲਾ ਪਾੜਾ ਲਗਾਤਾਰ ਵਧਿਆ ਹੈ। ਨੌਜਵਾਨੀ ਨਸ਼ਿਆਂ, ਅਸ਼ਲੀਲ ਸਭਿਆਚਾਰ ਵਿੱਚ ਗੁਲਤਾਨ ਕੀਤੀ ਗਈ ਹੈ। ਸਿੱਖਿਆ ਨੂੰ ਵਿਗਿਆਨਕ ਲੀਹ ਪ੍ਰਦਾਨ ਕਰਨ ਦੀ ਥਾਂ, ਸਮੇਂ-ਸਮੇਂ ਤੇ ਸੱਤਾ ਤੇ ਕਾਬਜ ਪਾਰਟੀਆ ਨੇ ਉਸਨੂੰ ਆਪਣੀ ਵਿਚਾਰਧਾਰਾ ਦੀ ਰੰਗਤ ਦੇਣ ਦਾ ਹਰ ਹਰਬਾ ਵਰਤਿਆ ਹੈ। ਹੱਕ ਮੰਗਣ ਲਈ ਜਦੋਂ ਲੋਕ ਸੜਕਾਂ ਤੇ ਆਉਂਦੇ ਹਨ ਤਾਂ ਉਹਨਾਂ ਦਾ ਸਵਾਗਤ ਕਰਦੀਆਂ ਹਨ-ਡਾਂਗਾਂ, ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਦੇ ਗੋਲੇ, ਗ੍ਰਿਫਤਾਰੀਆਂ। ਕਿੱਥੇ ਹੈ ਜਮਹੂਰੀਅਤ? ਹਰ ਰੋਜ਼ ਕਤਲ ਹੋ ਰਹੀ ਹੈ। ਚੋਣ ਦੰਗਲ ਵਿੱਚ ਕੁੱਦੀਆਂ ਇਹ ਰਾਜਸੀ ਪਾਰਟੀਆਂ ਵਿਕਾਸ ਦੀਆਂ ਵੱਡੀਆਂ-ਵੱਡੀਆਂ ਡੀਂਗਾਂ ਮਾਰ ਰਹੀਆਂ ਹਨ। ਸਾਡੇ ਸੋਚਣ ਦਾ, ਚਿੰਤਨ ਦਾ ਵਿਸ਼ਾ ਹੈ - ਵਿਕਾਸ ਕਿਸ ਦਾ ਹੋਇਆ ਹੈ? ਇਹ ਅਖੌਤੀ ਨੇਤਾ ਲਗਾਤਾਰ ਜਿੱਤਦੇ ਆ ਰਹੇ ਹਨ ਅਤੇ ਲੋਕ ਹਾਰਦੇ ਆ ਰਹੇ ਹਨ। ਮਿਹਨਤ ਕਰਨ ਵਾਲੀ ਲੋਕਾਈ ਲਈ ਵਿਕਾਸ ਦਾ ਕੋਈ ਏਜੰਡਾ ਨਾ ਹੋਣ ਤੇ ਇਹਨਾਂ ਦੀ ਟੇਕ ਹੈ - ਕਿ ਲੋਕਾਂ ਨੂੰ ਧਰਮ ਦੇ ਨਾਮ ਤੇ ਭਰਮਾਇਆ ਜਾਵੇ। ਧਾਰਮਿਕ ਸਥਾਨਾਂ, ਡੇਰਿਆਂ ਰਾਹੀਂ ਵੋਟਾਂ ਪ੍ਰਾਪਤ ਕੀਤੀਆਂ ਜਾਣ। ਜੇ ਡੇਰੇ ਆਪਣੇ ਆਪ ਨੂੰ ਧਾਰਮਿਕ ਸੰਸਥਾ ਅਖਵਾਉਂਦੇ ਹਨ ਤਾਂ ਇਹਨਾਂ ਦੇ ਰਾਜਸੀ ਵਿੰਗ ਕਿਉਂ? ਹਰ ਨੇਤਾ ਇਹਨਾਂ ਸਥਾਨਾਂ ਤੇ ਗੇੜੇ ਮਾਰ ਰਿਹਾ। ਅਸਿੱਧੇ ਢੰਗ ਨਾਲ ਰਾਹਤਾਂ ਦੇ ਰਿਹਾ। ਬਹੁਤੇ ਉਮੀਦਵਾਰ, ਜੋਤਸ਼ੀਆਂ ਤੋਂ ਮਹੂਰਤ ਕਢਵਾ ਕੇ ਚੋਣ ਮੈਦਾਨ ਵਿੱਚ ਕੁੱਦੇ ਹਨ। ਗੈਰ-ਵਿਗਿਆਨਕ ਵਰਤਾਰਿਆਂ ਵਿੱਚ ਖੁਦ ਵਿਸ਼ਵਾਸ ਰੱਖਣ ਵਾਲੇ ਇਹ ਲੋਕ ਜਨਤਾ ਦਾ ਕੀ ਸੰਵਾਰਨਗੇ? ਫਿਰਕਾਪ੍ਰਸਤ ਸਿਆਸਤ ਸਿਖਰਾਂ ਤੇ ਹੈ। 'ਹਰ ਹਰ' ਦੇ ਨਾਅਰੇ ਗੂੰਜ ਰਹੇ ਹਨ। ਕਿੱਧਰੇ ਕੁੱਝ ਵੱਡੇ ਨੇਤਾਵਾਂ ਦੇ ਜਾਮਾ ਮਸਜਿਦ ਦੇ ਸਾਹੀ ਇਮਾਮ ਨਾਲ ਮੁਲਾਕਾਤਾਂ ਦੇ ਬਿਆਨ ਸਾਡੇ ਸਾਹਮਣੇ ਹਨ। ਫਿਰਕੂ ਸੰਗਠਨ ਸ਼ਰੇਆਮ ਰਾਜਸੀ ਪਾਰਟੀਆਂ ਦੇ ਬੁਲਾਰੇ ਬਣਕੇ ਉਹਨਾਂ ਦੀ ਮਦਦ ਕਰ ਰਹੇ ਹਨ। ਸਕੂਲਾਂ ਵਿੱਚ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇਣ ਦਾ ਲੋਕਾਂ ਨਾਲ ਵਾਅਦਾ ਕੀਤਾ ਜਾ ਰਿਹਾ। ਸਿੱਖਿਆ ਦਿੱਤੀ ਜਾਵੇਗੀ, ਲੋਕ ਕਰਮ ਕਰਨ ਪਰ ਫਲ ਦੀ ਇੱਛਾ ਨਾ ਰੱਖਣ। ਭਾਵ ਜੋ ਮਿਹਨਤ ਕਰਦੇ ਹਨ, ਉਹ ਕਰਦੇ ਰਹਿਣ ਅਤੇ ਜਿੰਨ੍ਹਾਂ ਦੇ ਕਰਮਾਂ ਵਿੱਚ ਮੌਜ ਕਰਨਾ ਲਿਖਿਆ, ਉਹ ਅੱਯਾਸ਼ੀਆਂ ਕਰਨਗੇ। ਸਪੱਸ਼ਟ ਹੈ ਕਿ ਇਹਨਾ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਅੱਗੇ ਗਈਆਂ ਪਾਰਟੀਆਂ ਲੋਕਾਂ ਦਾ ਕੁੱਝ ਨਹੀਂ ਸੰਵਾਰਨਗੀਆਂ। ਸਮਾਨਤਾ ਤੇ ਅਧਾਰਿਤ, ਲੁੱਟ ਰਹਿਤ ਸਮਾਜ ਦੀ ਸਥਾਪਨਾ ਲਈ ਮਿਹਨਤਕਸ਼ ਲੋਕਾਂ ਨੂੰ ਬਦਲ ਤਲਾਸ਼ਣੇ ਪੈਣੇ ਹਨ।

125-ਵੇਂ ਮਈ ਦਿਵਸ 'ਤੇ:

ਮਈ ਦਿਵਸ-ਮੁਕਤੀ ਦਿਵਸ



ਹੇਮ ਰਾਜ ਸਟੈਨੋ

ਸੰਸਾਰ ਪੱਧਰ 'ਤੇ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ ਅਤੇ ਇਸ ਵਾਰ ਵੀ ਮਨਾਇਆ ਜਾਵੇਗਾ। ਮਜ਼ਦੂਰ ਦਿਵਸ ਦੀ ਸੱਚੀ ਭਾਵਨਾ ਕੀ ਹੈ, ਇਸਨੂੰ ਵਿਚਾਰਨ ਤੋਂ ਪਹਿਲਾਂ ਇਸ ਦਿਵਸ ਦੇ ਘਟਨਾ-ਕ੍ਰਮ ਬਾਰੇ ਕੁੱਝ ਗੱਲ ਕਰਦੇ ਹਾਂ।

ਇੱਕ ਮਈ 1886 ਨੂੰ ਹਜ਼ਾਰਾਂ ਨਹੀਂ ਬਲਕਿ ਲੱਖਾਂ ਹੀ ਮਜ਼ਦੂਰ ਆਪਣੀਆਂ ਪਤਨੀਆਂ ਅਤੇ ਬੱਚਿਆਂ ਸਮੇਤ ਆਪਣੇ ਕੋਲ ਸੁੰਦਰ ਸਮਝੇ ਜਾਂਦੇ ਹਾਸਲ ਕੱਪੜੇ ਪਹਿਨਕੇ ਸ਼ਿਕਾਗੋ ਸ਼ਹਿਰ ਦੇ ਮਿਚੀਗਨ ਐਵੀਨਿਊ ਚੌਂਕ ਵੱਲ ਜਾ ਰਹੇ ਹਨ। ਉਨ੍ਹਾਂ ਦੇ ਮਨਾਂ'ਚ ਦਹਿਲ ਬਿਠਾਉਣ ਲਈ ਹੂਟਰ ਵਜਾਏ ਜਾਂਦੇ ਹਨ। ਪਰ ਮਜ਼ਦੂਰਾਂ ਦੇ ਗੀਤਾਂ ਅਤੇ ਨਾਹਰਿਆਂ ਦੀਆਂ ਰੋਹਲੀਆਂ ਹੇਕਾਂ ਇਨ੍ਹਾਂ ਹੂਟਰਾਂ ਦੀ ਆਵਾਜ਼ ਨੂੰ ਰੋਲ ਕੇ ਰੱਖ ਦਿੰਦੀਆਂ ਹਨ। ਭੁੱਖਾਂ-ਦੁੱਖਾਂ ਅਤੇ ਦਿਨ-ਰਾਤ ਕੰਮ ਦੀ ਥਕਾਵਟ ਦੇ ਸਤਾਏ ਮਜ਼ਦੂਰਾਂ ਦੇ ਚਿਹਰੇ ਭਾਵੇਂ ਪੀਲੇ-ਜ਼ਰਦ ਹਨ, ਪਰ ਜਲੌਅ ਸਿਰੇ ਦੇ ਜੋਬਨ 'ਤੇ ਹੈ। ਮਜ਼ਦੂਰ ਰੋਸ ਤੇ ਰੋਹ ਪ੍ਰਗਟ ਕਰਦੇ ਹਨ। ਇਸੇ ਤਰ੍ਹਾਂ 2 ਮਈ ਨੂੰ ਵੀ ਹੁੰਦਾ ਹੈ। ਪਰ ਇਹ ਦੋਨੋਂ ਦਿਨ ਸ਼ਾਂਤ ਨਿਕਲ ਜਾਂਦੇ ਹਨ। ਇਸ ਸ਼ਾਤੀ ਪਿਛਲਾ ਤੂਫਾਨ ਛਿਪਿਆ ਰਹਿੰਦਾ ਹੈ।

ਫਿਰ 3 ਮਈ ਦਾ ਦਿਨ ਆਉਂਦਾ ਹੈ। ਮਜ਼ਦੂਰਾਂ ਦਾ ਸੈਲਾਬ ਫਿਰ ਵਹਿੰਦਾ ਹੈ। "ਸਾਰੇ ਮਨੁੱਖ ਬਰਾਬਰ ਹਨ" ਦਾ ਨਾਹਰਾ ਲਗਾਉਣ ਵਾਲੀ ਅਮਰੀਕਨ ਸਰਮਾਏਦਾਰੀ ਹੁਣ ਆਪਣਾ ਮਨੁੱਖਾਂ ਨੂੰ ਬਰਾਬਰ ਸਮਝਣ ਦਾ ਨਕਾਬ ਲਾਹ ਸੁੱਟਦੀ ਹੈ ਅਤੇ ਅਸਲੀ ਤੇ ਖੂੰਖਾਰ ਚਿਹਰਾ ਦਿਖਾਉਂਦੀ ਹੈ। ਚਾਰ ਮਜ਼ਦੂਰਾਂ ਨੂੰ ਸ਼ਹੀਦ ਅਤੇ ਅਨੇਕਾਂ ਨੂੰ ਜ਼ਖਮੀ ਕਰ ਦਿੰਦੀ ਹੈ।

ਪਰ ਮਜ਼ਦੂਰ ਝੁਕਦੇ ਨਹੀਂ, ਰੁਕਦੇ ਨਹੀਂ। ਝੁਕਣਾ ਉਨ੍ਹਾਂ ਨੂੰ ਗੈਰਤ-ਵਿਰੁੱਧ ਲਗਦਾ ਹੈ ਅਤੇ ਰੁਕਣਾ ਮੌਤ। ਉਹ ਸਰਮਾਏਦਾਰੀ ਰਾਜ-ਸੱਤਾ ਵੱਲੋਂ ਢਾਹੇ ਜ਼ਬਰੋ-ਜ਼ੁਲਮ ਵਿਰੁੱਧ 4 ਮਈ ਨੂੰ ਫਿਰ ਹੇਅ ਮਾਰਕਿਟ ਚੌਂਕ 'ਚ ਰੈਲੀ ਕਰਦੇ ਹਨ। ਲੁੱਟ, ਦਾਬੇ ਅਤੇ ਜ਼ਬਰ ਦਾ ਅਟੁੱਟ ਰਿਸ਼ਤਾ ਹੈ। ਸੋ ਸਰਮਾਏਦਾਰੀ ਆਪਣੀ ਲੁੱਟ ਨੂੰ ਚਾਲੂ ਰੱਖਣ ਲਈ ਜ਼ਬਰ ਕਰਨ ਦਾ ਨਵਾਂ ਹਥਕੰਡਾ ਵਰਤਦੀ ਹੈ। ਉਹ ਆਪਣੇ ਕਿਸੇ ਟੁੱਕੜਬੋਚ ਤੋਂ ਇਕੱਠ 'ਚ ਬੰਬ ਸੁਟਵਾ ਦਿੰਦੀ ਹੈ। ਇਸੇ ਦਾ ਬਹਾਨਾ ਬਣਾਕੇ ਮਜ਼ਦੂਰਾਂ 'ਤੇ ਪੁਲਿਸ ਅੰਧਾ-ਧੁੰਦ ਗੋਲੀ ਚਲਾ ਦਿੰਦੀ ਹੈ। ਦੋ ਮਜ਼ਦੂਰ ਨੰਗੇ-ਚਿੱਟੇ ਤੌਰ 'ਤੇ ਸ਼ਹੀਦ ਕਰ ਦਿੱਤੇ ਜਾਂਦੇ ਹਨ। ਇੱਕ ਮਜ਼ਦੂਰ, ਮਜ਼ਦੂਰਾਂ ਦੇ ਨਿਗਾਹ ਤੋਂ ਪਾਸੇ ਸ਼ਹੀਦ ਕਰ ਦਿੱਤਾ ਜਾਂਦਾ ਹੈ ਅਤੇ ਅਨੇਕਾਂ ਜ਼ਖਮੀ। ਮਜ਼ਦੂਰ ਜਾਣਦੇ ਸਨ ਕਿ ਇਹ ਕੋਝੀ, ਕਮੀਨੀ, ਕਾਲੀ ਕਰਤੂਤ ਤੇ ਕਾਰਸਤਾਨੀ ਸਰਮਾਏਦਾਰ ਰਾਜ-ਸੱਤਾ ਦੀ ਆਪਣੀ ਹੀ ਹੈ, ਇਸ 'ਤੇ ਮਜ਼ਦੂਰਾਂ ਦਾ ਗੁੱਸਾ ਤੇ ਰੋਹ ਜਵਾਲਾ ਦਾ ਰੂਪ ਧਾਰ ਲੈਂਦਾ ਹੈ,ਉਹ ਜ਼ਬਰ ਅੱਗੇ ਝੁਕਣ ਦੇ ਉਲਟ ਸਰਮਾਏਦਾਰੀ ਪ੍ਰਬੰਧ ਦੀ ਰਖਵੈਲ ਪੁਲਿਸ ਦੇ 7 ਆਦਮੀਆਂ ਨੂੰ ਢੇਰ ਕਰ ਦਿੰਦੇ ਹਨ ਅਤੇ 69 ਪੁਲਸੀਆਂ ਦੇ ਸਰੀਰ ਨੂੰ ਵੀ ਸੇਕ ਪਹੁੰਚਦਾ ਹੈ। ਇਸ ਤਰ੍ਹਾਂ ਮਜ਼ਦੂਰ ਜਮਾਤ ਜਵਾਬੀ ਕਾਰਵਾਈ (Retailiation) ਵਜੋਂ ਸਰਮਾਏਦਾਰੀ ਜਮਾਤ ਨੂੰ ਨਜ਼ਰਾਨਾ ਪੇਸ਼ ਕਰ ਦਿੰਦੀ ਹੈ ਅਤੇ ਦਰਸਾ ਦਿੰਦੀ ਹੈ ਕਿ ਮਜ਼ਦੂਰ ਅਤੇ ਸਰਮਾਏਦਾਰੀ ਜਮਾਤ 'ਚ ਚੱਲ ਰਹੀ ਜਮਾਤੀ ਜੱਦੋਜਹਿਦ ਕੀ ਸ਼ਕਲ ਅਖਤਿਆਰ ਕਰੇਗੀ, ਇਹ ਸਪੱਸਟ ਤੌਰ 'ਤੇ ਰਾਜ-ਸੱਤਾ 'ਤੇ ਕਾਬਜ਼ ਸਰਮਾਏਦਾਰੀ ਜਮਾਤ 'ਤੇ ਨਿਰਭਰ ਕਰਦਾ ਹੁੰਦਾ ਹੈ।

ਸਰਮਾਏਦਾਰੀ ਜਮਾਤ ਲੁੱਟ 'ਤੇ ਆਧਾਰਤ ਰਾਜ-ਪ੍ਰਬੰਧ ਸਦਾ-ਸਦਾ ਲਈ ਚਾਲੂ ਰੱਖਣ ਦਾ ਭਰਮ (illusion) ਪਾਲਦੀ ਹੈ ਅਤੇ ਮਜ਼ਦੂਰ ਜਮਾਤ ਦੀ ਜੱਦੋਜਹਿਦ ਨੂੰ ਸਦਾ-ਸਦਾ ਲਈ ਖਤਮ ਕਰ ਦੇਣ ਲਈ ਗ੍ਰਿਫਤਾਰੀਆਂ ਅਤੇ ਤਸੀਹਿਆਂ ਦਾ ਅੰਨਾ ਦੌਰ ਸ਼ੁਰੂ ਕਰਦੀ ਹੈ। ਕਈਆਂ 'ਤੇ ਸੰਗੀਨ 'ਜੁਰਮਾਂ' ਅਧੀਨ ਮੁਕੱਦਮੇ ਚੱਲਦੇ ਹਨ, ਕਈਆਂ ਨੂੰ ਕੈਦ ਹੁੰਦੀ ਹੈ ਅਤੇ ਸੱਤ ਮਜ਼ਦੂਰ ਆਗੂਆਂ ਨੂੰ ਸਜ਼ਾਏ-ਮੌਤ ਸੁਣਾ ਦਿੱਤੀ ਜਾਂਦੀ ਹੈ। ਮਜ਼ਦੂਰ ਝੁਕੇ ਨਹੀਂ, ਉਹ ਦਮਨ ਦਾ ਵਿਰੋਧ ਕਰਦੇ ਹਨ। ਇਸ ਵਿਰੋਧ ਦੇ ਦਬਾਅ ਅਧੀਨ ਤਿੰਨ ਮਜ਼ਦੂਰ ਆਗੂਆਂ ਦੀ ਮੌਤ ਦੀ ਸਜ਼ਾ ਉਮਰ-ਕੈਦ ਵਿੱਚ ਬਦਲ ਦਿੱਤੀ ਜਾਂਦੀ ਹੈ ਪਰ ਬਾਕੀ ਚਾਰ ਆਗੂਆਂ ਦੀ ਫਾਂਸੀ ਬਹਾਲ ਰੱਖੀ ਜਾਂਦੀ ਹੈ। ਇਹ ਚਾਰ ਸਨ - ਪਾਰਸਨਜ਼, ਸਪਾਈਸ, ਫਿਸ਼ਰ ਅਤੇ ਏਂਗਲ।

ਇਨ੍ਹਾਂ ਆਗੂਆਂ ਵਿੱਚੋਂ ਪਾਰਸਨਜ਼ ਉਹੀ ਆਗੂ ਸਨ ਜਿੰਨ੍ਹਾਂ ਨੇ 4 ਮਈ ਨੂੰ ਕਿਹਾ "ਸਿਰਫ 8 ਘੰਟੇ ਦੇ ਕੰਮ-ਦਿਨ ਦੀ ਲਹਿਰ ਵਿੱਚ ਅਜਿਹਾ ਕੁੱਝ ਨਹੀਂ ਹੈ ਜਿਸ 'ਤੇ ਸਰਮਾਏਦਾਰ ਇੰਨਾ ਬੌਖਲਾ ਰਹੇ ਹਨ। ਕੀ ਤੁਸੀਂ ਜਾਣਦੇ ਹੋ ਕਿ ਫੌਜ ਹਥਿਆਰ ਲਈ ਖੜ੍ਹੀ ਹੈ ਅਤੇ ਬੰਦੂਕਾਂ ਤੁਹਾਨੂੰ ਕੁਚਲਣ ਲਈ ਤਿਆਰ ਹਨ?....ਜਦੋਂ ਤੁਸੀਂ ਕੋਈ ਮੰਗ ਉਠਾਉਂਦੇ ਹੋ ਤਾਂ ਜ਼ਿਲਾ ਅਧਿਕਾਰੀ ਦੁਆਰਾ ਹਥਿਆਰ-ਬੰਦ ਦਸਤੇ ਬੁਲਾ ਲਏ ਜਾਂਦੇ ਹਨ, ਤੁਹਾਡੇ 'ਤੇ ਗੋਲੀਆਂ ਅਤੇ ਡਾਂਗਾਂ ਵਰਸਾਈਆਂ ਜਾਂਦੀਆਂ ਹਨ ਅਤੇ ਸੜਕਾਂ 'ਤੇ ਕਤਲ ਕਰ ਦਿੱਤੇ ਜਾਂਦੇ ਹੋ।...ਮੇਰਾ ਮਕਸਦ ਕਿਸੇ ਨੂੰ ਭੜਕਾਉਣਾ ਨਹੀਂ ਹੈ ਬਲਕਿ ਹਕੀਕਤ ਦੱਸਣਾ ਹੈ...ਚਾਹੇ ਸਵੇਰ ਹੋਣ ਤੋਂ ਪਹਿਲਾਂ ਮੈਨੂੰ ਇਸ ਲਈ ਜਾਨ ਦੀ ਬਲੀ ਭੀ ਦੇਣੀ ਪਵੇ...ਜੇਕਰ ਤੁਸੀਂ ਆਪਣੇ ਬੀਵੀਆਂ-ਬੱਚਿਆਂ ਨੂੰ ਪਿਆਰ ਕਰਦੇ ਹੋ, ਜੇਕਰ ਉਨ੍ਹਾਂ ਨੂੰ ਭੁੱਖ ਨਾਲ ਦਮ ਤੋੜਦੇ ਹੋਏ ਜਾਂ ਸੜਕਾਂ 'ਤੇ ਕੁੱਤਿਆਂ ਦੀ ਤਰ੍ਹਾਂ ਮਰਦੇ ਹੋਏ ਦੇਖਣਾ ਨਹੀਂ ਚਾਹੁੰਦੇ, ਜੇਕਰ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਤੁਹਾਡਾ ਫਰਜ਼ ਹੈ ਕਿ ਖੁਦ ਹਥਿਆਰਬੰਦ ਹੋਵੋ।"

ਮਜ਼ਦੂਰ ਦਿਵਸ ਦਾ ਉਚੇਰਾ ਪੱਧਰ:

ਮਜ਼ਦੂਰਾਂ ਨੇ ਸੰਕਲਪ ਲਿਆ ਕਿ ਮਈ ਦਿਵਸ ਵਾਲੇ ਦਿਨ ਕਾਰਖਾਨੇ ਨਹੀਂ ਚੱਲਣਗੇ, ਖਾਣਾਂ 'ਚ ਬੇਲਚੇ ਨਹੀਂ ਚੱਲਣਗੇ, ਖੇਤਾਂ 'ਚ ਹਲ ਨਹੀਂ ਚੱਲਣਗੇ ਭਾਵ ਸਮੁੱਚੇ ਮਿਹਨਤਕਸ਼ ਦਿਖਾ ਦੇਣਗੇ ਕਿ ਕਿਰਤ ਤੋਂ ਬਿਨਾਂ ਕੋਈ ਪੈਦਾਵਾਰ ਸੰਭਵ ਨਹੀਂ। ਉਨ੍ਹਾਂ ਸਮਝ ਲਿਆ ਕਿ ਅਸਲ ਵਿੱਚ **ਕਿਰਤ** ਹੀ ਸਮਾਜ ਦੀ ਸ਼ਾਹ-ਰਗ ਹੈ ਅਤੇ *ਕਿਰਤ ਸਿਰਫ ਤੇ ਸਿਰਫ ਕਿਰਤੀ ਲੋਕ ਹੀ ਕਰਦੇ ਹਨ। ਇਸ ਲਈ ਕਿਰਤ ਦੇ ਫਲ 'ਤੇ ਸਿਰਫ ਕਿਰਤੀਆਂ ਦਾ ਹੀ ਅਧਿਕਾਰ ਹੈ।*

ਇਸ ਲਈ ਮਜ਼ਦੂਰ ਜਮਾਤ ਨੇ ਪਾਰਸਨਜ਼ ਦੇ ਕਹੇ ਬੋਲ ਕਿ "ਸਿਰਫ 8 ਘੰਟੇ ਦੇ ਕੰਮ-ਦਿਨ ਦੀ ਲਹਿਰ ਵਿੱਚ ਅਜਿਹਾ ਕੁੱਝ ਨਹੀਂ ਹੈ ਜਿਸ 'ਤੇ ਸਰਮਾਏਦਾਰ ਇੰਨਾ ਬੌਖਲਾ ਰਹੇ ਹਨ।...ਜੇਕਰ ਤੁਸੀਂ **ਮੁਕਤੀ** ਚਾਹੁੰਦੇ ਹੋ ਤਾਂ ਤੁਹਾਡਾ ਫਰਜ਼ ਹੈ ਕਿ ਖੁਦ ਹਥਿਆਰਬੰਦ ਹੋਵੋ।" ਨੂੰ ਅਪਣਾ ਕੇ **ਮਈ-ਦਿਵਸ ਨੂੰ ਮੁਕਤੀ-ਦਿਵਸ** ਦੇ ਰੂਪ 'ਚ ਮਨਾਉਣ ਦਾ ਇਰਾਦਾ ਬਣਾ ਲੈਂਦੀ ਹੈ।

ਮਜ਼ਦੂਰਾਂ 'ਚ ਫੈਲਦੀ ਇਸ ਚੇਤਨਾ ਤੋਂ ਸਰਮਾਏਦਾਰੀ ਦਾ ਦਿਮਾਗ ਚਕਰਾਉਣ ਲੱਗਿਆ। ਇਸ ਲਈ ਸੰਸਾਰ-ਪੱਧਰ 'ਤੇ ਸਰਮਾਏਦਾਰੀ ਨੇ ਵੀ ਉਸੇ ਦਿਨ ਮੀਟਿੰਗ ਬੁਲਾਈ ਜਿਸ ਦਿਨ ਮਈ ਦਿਵਸ ਮਨਾਇਆ ਜਾਣਾ ਸੀ। ਮਜ਼ਦੂਰ ਜਮਾਤ 'ਚ ਮੁਕਤੀ ਬਾਰੇ ਆਈ ਚੇਤਨਾ ਨੂੰ ਖੁੰਢਾ ਕਰਨ ਲਈ ਸਰਮਾਏਦਾਰੀ ਨੇ ਅੱਠ ਘੰਟੇ ਕੰਮ-ਦਿਨ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਨਾਲ ਅੱਠ ਘੰਟੇ ਕੰਮ-ਦਿਨ ਚਾਲੂ ਹੋ ਗਿਆ। ਇਹ ਸਰਮਾਏਦਾਰੀ ਜਮਾਤ ਦਾ ਮਜ਼ਦੂਰ ਲਹਿਰ ਨੂੰ ਸਿਰਫ ਕੰਮ-ਘੰਟਿਆਂ ਤੱਕ ਸੀਮਤ ਕਰਦਿਆਂ ਉਨ੍ਹਾਂ ਦੀ ਮੁਕਤੀ ਦੀ ਚੇਤਨਾ ਨੂੰ ਖੁੰਢਾ ਕਰਨ ਲਈ ਗੁੱਝਾ ਹਥਕੰਡਾ ਸੀ।

ਪਰ ਸਰਮਾਏਦਾਰੀ ਜਮਾਤ ਨੇ ਜਦੋਂ ਇਹ ਭਾਂਪਿਆ ਕਿ ਇਹ ਹਥਕੰਡੇ ਵਰਤਣ 'ਤੇ ਵੀ ਮਜ਼ਦੂਰ ਜਮਾਤ ਅਜੇ ਉਨ੍ਹਾਂ ਨੂੰ ਹਟ-ਪਿੱਛੇ ਕਹਿ ਰਹੀ ਹੈ ਤਾਂ ਉਸਨੇ ਮਜ਼ਦੂਰਾਂ ਦੇ ਮਨਾਂ 'ਚ ਦਮਨ ਰਾਹੀਂ ਦਹਿਲ ਬਿਠਾਉਣ ਦਾ ਮਨ ਬਣਾਇਆ। ਉਸਨੇ ਮਈ ਦਿਵਸ ਨੂੰ ਨਾ-ਮਨਵਾਉਣ ਦੇਣ ਲਈ ਗੁਪਤ ਰੂਪ 'ਚ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਇਸ ਤਰ੍ਹਾਂ ਨਾਲ ਮਜ਼ਦੂਰ ਜਮਾਤ ਅਤੇ ਸਰਮਾਏਦਾਰੀ ਜਮਾਤ ਆਹਮੋ-ਸਾਹਮਣੇ ਮੈਦਾਨ 'ਚ ਡਟ ਗਈਆਂ। **ਦੇਖੋ, ਜੰਗ ਇੱਕੋ ਹੈ-ਇੱਕ ਪਾਸਾ ਹੱਕੀ ਅਤੇ ਇਨਸਾਫ ਦੀ ਜੰਗ ਲਈ ਡਟਿਆ ਹੋਇਆ ਹੈ ਜਦੋਂ ਕਿ ਦੂਸਰਾ ਪਾਸਾ ਨਹੱਕੀ ਅਤੇ ਅਨਿਆਂ-ਪੂਰਵਕ ਜੰਗ ਲੜਨ ਲਈ ਖੜ੍ਹਾ ਹੈ।**

ਇਸ ਤਰ੍ਹਾਂ ਦੀ ਹਾਲਤ 'ਚ ਜਰਮਨ 'ਚ ਮਈ ਦਿਵਸ 'ਚ ਹਿੱਸਾ ਲੈਣ ਵਾਲੇ ਕਾਮਿਆਂ ਨੂੰ ਨੌਕਰੀਓਂ ਕੱਢਣ ਦੀਆਂ ਧਮਕੀਆਂ ਦਿੱਤੀਆਂ ਗਈਆਂ, ਫਰਾਂਸ ਦੇ ਸਰਮਾਏਦਾਰਾਂ ਨੇ ਹਥਿਆਰਬੰਦ ਟੁਕੜੀਆਂ ਤਾਇਨਾਤ ਕਰ ਦਿੱਤੀਆਂ, ਇਸੇ ਤਰ੍ਹਾਂ ਹੋਰ ਦੇਸ਼ਾਂ ਵਿੱਚ ਵੀ ਕੀਤਾ ਗਿਆ। ਪ੍ਰੰਤੂ ਇਸ ਸਭ ਕੁੱਝ ਦੇ ਬਾਵਜੂਦ ਫਰਾਂਸ, ਜਰਮਨ, ਅਮਰੀਕਾ, ਅਰਜਨਟਾਇਨਾ ਤੇ ਹੋਰ ਕਈ ਦੇਸ਼ਾਂ 'ਚ ਮਈ ਦਿਵਸ 'ਤੇ ਪ੍ਰਦਰਸ਼ਨ ਕੀਤੇ ਗਏ।

1891 'ਚ ਮਈ ਦਿਵਸ 'ਤੇ ਆਸਟਰੀਆ, ਹੰਗਰੀ ਅਤੇ ਬੈਲਜ਼ੀਅਮ 'ਚ 1,25,000 ਮਜ਼ਦੂਰ ਇਕੱਠੇ ਹੋਏ। ਡਬਲਿਨ, ਆਇਰਲੈਂਡ, ਬ੍ਰਿਟੇਨ ਅਤੇ ਜਰਮਨੀ ਵਿੱਚ ਵੀ ਮਈ ਦਿਵਸ ਮਨਾਇਆ ਗਿਆ। ਫਰਾਂਸ 'ਚ ਸ਼ਾਂਤੀਪੂਰਵਕ ਪ੍ਰਦਰਸ਼ਨ ਕਰ ਰਹੇ ਮਜ਼ਦੂਰਾਂ 'ਤੇ ਹਥਿਆਰਬੰਦ ਟੁਕੜੀਆਂ ਨੇ ਗੋਲੀ ਚਲਾਕੇ 10 ਲੋਕਾਂ ਨੂੰ ਮਾਰ ਕੇ ਸ਼ਿਕਾਗੋ ਦੇ ਜ਼ਬਰ ਨੂੰ ਫੇਰ ਤਾਜ਼ਾ ਕਰ ਦਿੱਤਾ। ਇਸ ਕਤਲੇਆਮ ਨੂੰ ਜ਼ਾਇਜ ਠਹਿਰਾਉਣ ਲਈ ਪਾਲ ਲਾਫਰਿਗੂ ਨਾਮੀ ਆਗੂ 'ਤੇ ਹਥਿਆਰਬੰਦ

ਐਕਸ਼ਨ ਉਕਸਾਉਣ ਦਾ ਝੂਠਾ ਦੋਸ਼ ਮੜ੍ਹਕੇ ਮੁਕੱਦਮਾ ਚਲਾਇਆ ਗਿਆ। ਇਸ ਸਾਰੇ ਜ਼ਬਰ ਦੇ ਬਾਵਜੂਦ ਗੋਲੀ ਦਾ ਸ਼ਿਕਾਰ ਹੋਏ ਮਜ਼ਦੂਰਾਂ ਦੇ ਅੰਤਿਮ ਸੰਸਕਾਰ 'ਤੇ 30,000 ਲੋਕਾਂ ਦਾ ਠਾਠਾਂ ਮਾਰਦਾ ਰੋਹਲਾ ਇਕੱਠ ਹੋਇਆ।

ਇਸ ਤਰ੍ਹਾਂ ਨਾਲ ਮਜ਼ਦੂਰ ਜਮਾਤ ਦੀ ਅੱਠ-ਘੰਟਿਆਂ ਦੇ ਕੰਮ-ਦਿਨ ਦੀ ਮੰਗ ਨੂੰ ਲੈ ਕੇ ਸ਼ੁਰੂ ਹੋਈ ਜੱਦੋਜਹਿਦ ਮਜ਼ਦੂਰਾਂ ਦੀ ਮੁਕਤੀ ਲਈ ਜੱਦੋਜਹਿਦ 'ਚ ਬਦਲ ਗਈ ਅਤੇ ਮਜ਼ਦੂਰ ਲਹਿਰ ਉਚੇਰੇ ਪੜ੍ਹਾਅ 'ਚ ਦਾਖਲ ਹੋਈ। ਮਜ਼ਦੂਰ ਜਮਾਤ ਨੇ ਮਈ ਦਿਵਸ ਨੂੰ ਮੁਕਤੀ ਦਿਵਸ ਵਜੋਂ ਮਨਾਉਣਾ ਸ਼ੁਰੂ ਕੀਤਾ।

ਮਈ ਦਿਵਸ ਦਾ ਕੌਮਾਂਤਰੀ ਦਿਵਸ 'ਚ ਵਟ ਜਾਣਾ:

1889 'ਚ ਮਾਰਕਸ ਦੇ ਸਾਥੀ ਕਾ.ਏਂਗਲਜ਼ ਦੀ ਮੱਦਦ ਨਾਲ ਕੌਮਾਂਤਰੀ (ਸੰਸਾਰ ਪੱਧਰੀ ਕਮਿਊਨਿਸਟਾਂ ਦੀ ਜਥੇਬੰਦੀ) ਦੀ ਦੂਸਰੀ ਕਾਂਗਰਸ ਹੋਈ। ਇਸ ਵਿੱਚ 1890 ਨੂੰ ਸ਼ਿਕਾਗੋ ਦੇ ਰੋਸ ਵਜੋਂ ਕੌਮਾਂਤਰੀ ਪੱਧਰ 'ਤੇ ਮੁਜ਼ਾਹਰੇ ਕਰਨ ਦਾ ਮਤਾ ਪਾਸ ਕੀਤਾ ਗਿਆ। ਬਾਅਦ 'ਚ 1891 ਦੀ ਕੌਮਾਂਤਰੀ ਦੀ ਦੂਸਰੀ ਕਾਂਗਰਸ 'ਚ ਪਹਿਲੀ ਮਈ ਨੂੰ ਹਰ ਸਾਲ ਸੰਸਾਰ ਪੱਧਰ 'ਤੇ ਇੱਕ ਅਹਿਮ ਘਟਨਾ ਵਜੋਂ ਬਕਾਇਦਾ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਤਰ੍ਹਾਂ ਪਹਿਲੀ ਮਈ ਸੰਸਾਰ ਪੱਧਰ 'ਤੇ ਮਨਾਇਆ ਗਿਆ। ਉਸਤੋਂ ਬਾਅਦ ਵੱਖੋ-ਵੱਖਰੇ ਦੇਸ਼ਾਂ'ਚ ਇਹ ਬਕਾਇਦਾ ਤੌਰ 'ਤੇ ਮਨਾਇਆ ਜਾਣ ਲੱਗਿਆ।

ਸਰਮਾਏਦਾਰੀ-ਪ੍ਰਬੰਧ:

ਸਰਮਾਏਦਾਰੀ ਪ੍ਰਬੰਧ 'ਚ ਜੋ ਵੀ ਪੈਦਾਵਾਰ ਕੀਤੀ ਜਾਂਦੀ ਹੈ ਉਹ ਖਪਤ ਕਰਨ ਲਈ ਨਹੀਂ ਬਲਕਿ ਵੇਚਕੇ ਮੁਨਾਫਾ ਕਮਾਉਣ ਲਈ ਹੁੰਦੀ ਹੈ। ਜਿਵੇਂ ਇੱਕ ਸਰਮਾਏਦਾਰ ਸੀਮਿੰਟ ਦੀ ਫੈਕਟਰੀ ਲਗਾਉਂਦਾ ਹੈ ਤਾਂ ਉਹ ਸੀਮਿੰਟ ਆਪਣੀ ਵਰਤੋਂ ਲਈ ਨਹੀਂ ਬਲਕਿ ਇਸਨੂੰ ਵੇਚਕੇ ਮੁਨਾਫਾ ਕਮਾਉਣ ਲਈ ਬਣਾਉਂਦਾ ਹੈ।

ਹੁਣ ਅੱਗੇ ਇਹ ਕਿ ਫੈਕਟਰੀਆਂ ਵਿੱਚ ਕੰਮ ਕੌਣ ਕਰੇਗਾ, ਇਸ ਲਈ ਸਰਮਾਏਦਾਰੀ ਜਮਾਤ ਨੂੰ ਕੰਮ ਲਈ ਮਜ਼ਦੂਰ ਦੀ ਕਿਰਤ-ਸ਼ਕਤੀ ਦੀ ਲੋੜ ਖੜ੍ਹੀ ਹੁੰਦੀ ਹੈ। ਇਹ ਕਿਰਤ-ਸ਼ਕਤੀ ਉਸਨੂੰ ਉਨ੍ਹਾਂ ਮਨੁੱਖਾਂ ਤੋਂ ਮਿਲਦੀ ਹੈ ਜਿੰਨ੍ਹਾਂ ਕੋਲ ਕੋਈ ਜਾਇਦਾਦ ਨਹੀਂ ਹੁੰਦੀ ਜਾਂ ਨਾ-ਮਾਤਰ ਹੁੰਦੀ ਹੈ ਜਾਂ ਐਨੀ ਜਾਇਦਾਦ ਤੇ ਪੂੰਜੀ ਨਹੀਂ ਹੁੰਦੀ ਕਿ ਉਹ ਆਜ਼ਾਦ ਤੌਰ 'ਤੇ ਆਪਣੇ ਹੁਨਰ ਅਤੇ ਸਾਧਨਾਂ ਰਾਹੀਂ ਸਰਮਾਏਦਾਰ ਬਣਦਿਆਂ ਕੋਈ ਲੁੱਟ ਕਰ ਸਕਣ। ਇਸ ਤਰ੍ਹਾਂ ਨਾਲ ਸਰਮਾਏਦਾਰੀ ਪ੍ਰਬੰਧ 'ਚ ਦੋ ਬੁਨਿਆਦੀ ਧਿਰਾਂ ਬਣ ਜਾਂਦੀਆਂ ਹਨ-ਪਹਿਲੇ ਵੱਡੇ ਪੈਦਾਵਾਰੀ ਦੇ ਸਾਧਨਾਂ ਦੇ ਮਾਲਕ ਲੁੱਟ ਕਰਨ ਵਾਲੇ ਸਰਮਾਏਦਾਰ ਅਤੇ ਦੂਸਰੇ ਕਿਰਤ ਕਰਨ ਵਾਲੇ।

ਸਰਮਾਏਦਾਰ, ਮੁਨਾਫਾ ਕਮਾਉਣ ਲਈ ਪੈਦਾਵਾਰ ਕਰਵਾਉਂਦਾ ਹੈ ਭਾਵ ਉਸ ਦੀ ਸਾਰੀ ਪੈਦਾਵਾਰ ਜਿਨਸ (ਵੇਚਕੇ ਮੁਨਾਫਾ ਕਮਾਉਣ ਲਈ ਪੈਦਾ ਕੀਤੀ ਜਾਣ ਵਾਲ ਸ਼ੈ) ਬਣ ਜਾਂਦੀ ਹੈ। ਸਰਮਾਏਦਾਰੀ 'ਚ ਮਜ਼ਦੂਰ ਆਜ਼ਾਦ ਤਾਂ ਦਿਖਾਈ ਦਿੰਦਾ ਹੈ ਪਰ ਉਹ ਹੁੰਦਾ ਨਹੀਂ। ਉਹ ਆਪਣੀ ਕਿਰਤ-ਸ਼ਕਤੀ ਵੇਚਣ ਵਾਲਾ ਉਜਰਤੀ ਗੁਲਾਮ ਬਣਿਆ ਰਹਿੰਦਾ ਹੈ। ਕਿਉਂਕਿ ਉਸ ਕੋਲ ਕਿਰਤ-ਸ਼ਕਤੀ ਵੇਚਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੁੰਦਾ। ਇਸ ਤਰ੍ਹਾਂ ਨਾਲ ਜਿਸਮਾਨੀ ਤੌਰ 'ਤੇ ਆਜ਼ਾਦ ਹੁੰਦਿਆਂ ਕਿਰਤ-ਸ਼ਕਤੀ ਵੇਚਣ 'ਤੇ ਮਜ਼ਬੂਰ ਹੋਣ ਕਰਕੇ ਉਹ ਸਰਮਾਏਦਾਰ ਦਾ ਗੁਲਾਮ ਬਣਿਆ ਰਹਿੰਦਾ ਹੈ ਭਾਵ ਉਜਰਤੀ ਗੁਲਾਮ। ਇਸ ਤਰ੍ਹਾਂ ਕਿਰਤ-ਸ਼ਕਤੀ ਵੀ ਬਜ਼ਾਰ 'ਚ ਵਿਕਣ ਵਾਲੀ ਇੱਕ ਸ਼ੈਅ ਬਣ ਜਾਂਦੀ ਹੈ। ਇਹ ਕਿਰਤ-ਸ਼ਕਤੀ ਵੇਚਣ 'ਚ ਇਕੱਲੇ ਸਾਧਨ-ਵਿਹੂਣੇ ਮਜ਼ਦੂਰ ਹੀ ਨਹੀਂ ਬਲਕਿ ਉਹ ਸਾਰੇ ਦੇ ਸਾਰੇ ਕਿਰਤੀ ਲੋਕ ਹੁੰਦੇ ਹਨ ਜਿਹੜੇ ਸਰਮਾਏਦਾਰ ਵਾਂਗੂੰ ਆਪਣੇ ਤੌਰ 'ਤੇ ਆਜ਼ਾਦ ਕੰਮ ਨਹੀਂ ਚਲਾ ਸਕਦੇ। ਇਸ ਤਰ੍ਹਾਂ ਇਨ੍ਹਾਂ ਸਾਰੇ ਕਾਮੇ ਲੋਕਾਂ ਦੀ ਕਿਰਤ-ਸ਼ਕਤੀ ਵੀ ਇੱਕ ਜਿਨਸ ਬਣ ਜਾਂਦੀ ਹੈ ਜਿਸਨੂੰ ਵੇਚਣ ਲਈ ਉਹ ਮਜ਼ਬੂਰ ਹੁੰਦੇ ਹਨ।

ਦੂਸਰੀ ਗੱਲ,ਓਪਰੋਂ ਦੇਖਣ ਨੂੰ ਲੱਗਦਾ ਹੈ ਜਾਂ ਸਰਮਾਏਦਾਰੀ ਦੇ ਜ਼ਰ-ਖਰੀਦਾਂ ਵੱਲੋਂ ਪ੍ਰਚਾਰਿਆ ਜਾਂਦਾ ਹੈ ਕਿ ਸਰਮਾਏਦਾਰ ਕਿਰਤੀਆਂ ਦੀ ਲੁੱਟ ਨਹੀਂ ਕਰਦਾ ਕਿਉਂਕਿ ਉਹ ਉਨ੍ਹਾਂ ਨੂੰ ਕੰਮ ਬਦਲੇ ਉਜਰਤ ਦਿੰਦਾ ਹੈ। ਪਰ ਫਿਰ ਸਰਮਾਏਦਾਰ ਕੋਲ ਪੂੰਜੀ ਦੇ ਢੇਰ ਕਿਉਂ ਲੱਗਦੇ ਜਾਂਦੇ ਹਨ, ਇਸਨੂੰ ਆਪਾਂ ਇੱਕ ਸੰਖੇਪ ਉਦਾਹਰਣ ਰਾਹੀਂ ਸਮਝਦੇ ਹਾਂ।

ਮੰਨ ਲਵੋ 100 ਮਜ਼ਦੂਰ ਇੱਕ ਫੈਕਟਰੀ ਵਿੱਚ ਕੰਮ ਕਰਦੇ ਹਨ। ਉਨ੍ਹਾਂ ਨੂੰ ਪ੍ਰਤੀ ਦਿਨ 200 ਰੁਪੈ ਉਜਰਤ ਦਿੱਤੀ ਜਾਂਦੀ ਹੈ ਭਾਵ 20000 ਰੁਪੈ। ਹੁਣ ਮੰਨ ਲਵੋ ਇੱਕ ਮਜ਼ਦੂਰ ਚਾਰ ਘੰਟਿਆਂ 'ਚ 200 ਰੁਪੈ ਦੀਆਂ 10 ਸ਼ੈਆਂ ਤਿਆਰ ਕਰ

ਦਿੰਦਾ ਹੈ ਅਤੇ ਸਾਰੇ ਦਿਨ ਭਾਵ 8 ਘੰਟਿਆਂ ਵਿੱਚ ਉਹ 20 ਸ਼ੈਆਂ ਤਿਆਰ ਕਰ ਦਿੰਦਾ ਹੈ ਜਿੰਨ੍ਹਾਂ ਦੀ ਬਜ਼ਾਰੀ ਕੀਮਤ 500 ਰੁਪੈ ਹੈ। ਹੁਣ ਜੇਕਰ ਸਰਮਾਏਦਾਰ ਦੇ ਕੱਚੇ ਮਾਲ ਅਤੇ ਮਸ਼ੀਨਰੀ ਆਦਿ 'ਤੇ ਅੱਧਾ ਖਰਚ (150 ਰੁਪੈ) ਕੱਢ ਵੀ ਦੇਈਏ ਤਾਂ ਵੀ ਮਜ਼ਦੂਰ ਦੀ 150 ਰੁਪੈ ਦੀ ਉਜਰਤ ਉਹ ਹੜੱਪ ਜਾਂਦਾ ਹੈ। ਇਸ ਤਰ੍ਹਾਂ ਕੁੱਲ ਮਜ਼ਦੂਰਾਂ ਦੀ 15000 ਰੁਪੈ ਦੀ ਅਦਾ ਨਾ ਕੀਤੀ ਕਿਰਤ ਦੀ ਉਜਰਤ ਸਰਮਾਏਦਾਰ ਹੜੱਪ ਗਿਆ। ਇਸਨੂੰ ਅਰਥ-ਸ਼ਾਸ਼ਤਰੀ ਲੋਕ ਵਾਫਰ-ਕਦਰ ਕਹਿੰਦੇ ਹਨ। ਬਸ, ਇਹ ਵਾਫਰ-ਕਦਰ ਹੀ ਹੁੰਦੀ ਹੈ ਜਿਹੜੀ ਸਰਮਾਏਦਾਰ ਦੀ ਪੂੰਜੀ 'ਚ ਵਾਧਾ ਕਰਦੀ ਹੈ। ਇਹ ਲੁੱਟ ਕਿਰਤੀਆਂ ਨੂੰ ਗਰੀਬ ਅਤੇ ਸਰਮਾਏਦਾਰ ਦੀ ਪੂੰਜੀ 'ਚ ਵਾਧੇ ਦਾ ਕਾਰਨ ਹੈ। ਇਹ ਗਰੀਬੀ ਅਤੇ ਅਮੀਰੀ ਦੇ ਵਧਦੇ ਪਾੜੇ ਦਾ ਕਾਰਨ ਕਿਵੇਂ ਬਣਦੀ ਹੈ, ਇਸਦੀ ਇੱਕ ਉਦਾਹਰਣ ਲਵੋ।

ਤੁਸੀਂ ਮਿੱਟੀ ਦਾ ਢੇਰ ਲਗਾਉਣਾ ਹੈ ਤਾਂ ਤੁਹਾਨੂੰ ਧਰਤੀ 'ਤੇ ਟੋਆ ਪੁੱਟ ਕੇ ਮਿੱਟੀ ਦਾ ਢੇਰ ਲਗਾਉਣਾ ਪਵੇਗਾ। ਜਿੰਨਾ ਮਿੱਟੀ ਦੇ ਢੇਰ ਦੀ ਉਚਾਈ ਉੱਚੀ ਹੁੰਦੀ ਜਾਵੇਗੀ ਉਨਾ ਹੀ ਧਰਤੀ 'ਚ ਪਏ ਟੋਏ ਦਾ ਤਲ ਡੂੰਘਾ ਹੁੰਦਾ ਜਾਵੇਗਾ ਅਤੇ ਇਹ ਪਾੜਾ ਵਧਦਾ ਜਾਵੇਗਾ। ਬਿਲਕੁਲ ਇਸੇ ਤਰ੍ਹਾਂ ਅਮੀਰੀ ਅਤੇ ਗਰੀਬੀ ਦਾ ਪਾੜਾ ਉਨਾਂ ਜ਼ਿਆਦਾ ਵਧਦਾ ਜਾਂਦਾ ਹੈ ਜਿੰਨੀ ਵਾਫਰ ਕਦਰ ਦੀ ਵੱਧ ਲੁੱਟ ਹੁੰਦੀ ਰਹਿੰਦੀ ਹੈ। **ਵਾਫਰ-ਕਦਰ ਰਾਹੀਂ ਮਜ਼ਦੂਰਾਂ ਦੀ ਹੁੰਦੀ ਲੁੱਟ ਦਾ ਇਹ ਭੇਤ ਖੋਲ੍ਹਣ ਵਾਲਾ ਦੁਨੀਆਂ ਦਾ ਸਭ ਤੋਂ ਮਹਾਨ ਦਾਰਸ਼ਨਿਕ ਕਾਰਲ ਮਾਰਕਸ ਹੋਇਆ ਜਿਸਦਾ ਜਨਮ ਦਿਨ ਵੀ ਮਈ ਮਹੀਨੇ 4 ਤਾਰੀਖ ਨੂੰ ਆਉਂਦਾ ਹੈ।**

ਹੁਣ ਅੱਗੇ। ਕਈ ਵਾਰੀਂ ਇਹ ਟਿੱਪਣੀਆਂ ਸੁਣਨ ਵਿੱਚ ਆਉਂਦੀਆਂ ਹਨ ਕਿ ਇਹਨਾਂ ਸਰਮਾਏਦਾਰਾਂ ਕੋਲ ਬਥੇਰਾ ਸਰਮਾਇਆ ਹੈ, ਇਹ ਹੋਰ 'ਕੱਠਾ ਕਰਨ ਦੀ ਹੋੜ 'ਚ ਕਿਉਂ ਪੈਂਦੇ ਹਨ। ਲਓ ਸੁਣੋ ! ਭਲਾਂ ਜੇਕਰ ਕੋਈ ਵੀ ਸਰਮਾਏਦਾਰ ਪਛੜ ਜਾਵੇ ਤਾਂ ਉਹ ਮੰਡੀ ਦੇ ਮੁਕਾਬਲੇ 'ਚੋਂ ਬਾਹਰ ਹੋ ਜਾਵੇਗਾ। ਇਸ ਲਈ ਇਹ ਸਰਮਾਏਦਾਰ ਦੀ ਸਿਰਫ ਇੱਛਾ ਹੀ ਨਹੀਂ ਹੁੰਦੀ ਬਲਕਿ ਉਸਦੀ ਲੋੜ ਵੀ ਹੁੰਦੀ ਹੈ।

ਅਜਾਰੇਦਾਰੀਆਂ ਦਾ ਹੋਂਦ 'ਚ ਆਉਣਾ ਤੇ ਲੜਾਈ ਦਾ ਨਵਾਂ ਰੂਪ ਧਾਰਨਾ:

ਜਦੋਂ ਸਰਮਾਏਦਾਰ ਮੰਡੀ 'ਚ ਮਾਲ ਵੇਚਣ ਲਈ ਆਪਸੀ ਮੁਕਾਬਲੇ-ਬਾਜ਼ੀ 'ਚ ਪੈਂਦੇ ਹਨ ਤਾਂ ਇੱਕ ਢਹਿੰਦਾ ਹੈ ਅਤੇ ਦੂਸਰਾ ਉਸਦਾ ਸਥਾਨ ਲੈ ਲੈਂਦਾ ਹੈ ਜਾਂ ਫਿਰ ਇਸੇ ਮੁਕਾਬਲੇ ਕਰਕੇ ਉਹਨਾਂ ਵਿੱਚੋ ਦੋ ਜਾਂ ਦੋ ਤੋਂ ਵਧਕੇ ਆਪਣਾ ਗੁੱਟ ਬਣਾਉਂਦੇ ਹਨ ਤਾਂ ਕਿ ਕਿਸੇ ਖੇਤਰ ਦੇ ਹੋਰ ਸਰਮਾਏਦਾਰ ਨੂੰ ਬਾਹਰ ਕੀਤਾ ਜਾਵੇ ਜਾਂ ਉਨ੍ਹਾਂ 'ਤੇ ਪੂਰਨ ਤੌਰ 'ਤੇ ਗਲਬਾ ਪਾਇਆ ਜਾ ਸਕੇ। ਇਸ ਤਰ੍ਹਾਂ ਨਾਲ ਸਰਮਾਏਦਾਰੀ ਜਮਾਤ ਦੇ ਇਕੱਲੇ-ਇਕੱਲੇ ਸਰਮਾਏਦਾਰ ਵੱਖੋ-ਵੱਖਰੇ ਨਹੀਂ ਰਹਿੰਦੇ ਬਲਕਿ ਉਨ੍ਹਾਂ ਦੀਆਂ ਅਜਾਰੇਦਾਰੀਆਂ ਹੋਂਦ 'ਚ ਆ ਜਾਂਦੀਆਂ ਹਨ ਅਤੇ ਆਈਆਂ ਵੀ। ਇਸ ਤੋਂ ਪਹਿਲਾਂ ਸਰਮਾਏਦਾਰਾਂ ਦਰਮਿਆਨ ਮੁਕਾਬਲਾ ਤਾਂ ਹੁੰਦਾ ਹੈ ਪਰ ਉਨ੍ਹਾਂ ਤੇਜ਼ ਨਹੀਂ ਹੁੰਦਾ ਜਿੰਨਾਂ ਅਜਾਰੇਦਾਰੀਆਂ ਦੇ ਹੋਂਦ 'ਚ ਆ ਜਾਣ 'ਤੇ ਕਿਉਂਕਿ 'ਕੱਲੇ-ਕਹਿਰੇ ਸਰਮਾਏਦਾਰ ਕੋਲ ਆਪਣੇ ਤੌਰ 'ਤੇ ਸਰਮਾਇਆ ਮੁਕਾਬਲਤਨ ਘੱਟ ਹੁੰਦਾ ਹੈ।

ਸੋ ਅਜਾਰੇਦਾਰੀਆਂ ਦੇ ਹੋਂਦ 'ਚ ਆ ਜਾਣ 'ਤੇ ਇਹ ਮੁਕਾਬਲਾ ਉਚੇਰਾ ਪੱਧਰ ਦਾ ਬਣ ਜਾਂਦਾ ਹੈ ਤੀਖਣ ਵੀ ਹੋ ਜਾਂਦਾ ਹੈ। ਜਿਵੇਂ ਹੁਣ ਆਪਾਂ ਦੇਖ ਸਕਦੇ ਹਾਂ ਕਿ ਅਮਰੀਕਾ ਦੀ ਪ੍ਰਚੂਨ ਖੇਤਰ ਦੀ 'ਕੱਲੀ ਵਾਲ-ਮਾਰਟ ਕੰਪਨੀ ਕੋਲ ਇੰਨਾਂ ਸਰਮਾਇਆ ਹੈ ਕਿ ਉਹ ਕਿੰਨੇ ਦੇਸ਼ਾਂ ਨੂੰ ਲਪੇਟ 'ਚ ਲਈ ਬੈਠੀ ਹੈ ਅਤੇ ਸਾਡੇ ਵਰਗੇ ਮੁਲਕਾਂ ਨੂੰ ਵੀ ਲੈ ਲੈਣ ਲਈ ਕਮਰਕੱਸੇ ਕਸੀ ਬੈਠੀ ਹੈ। ਹੁਣ ਇਸ ਵਾਲ-ਮਾਰਟ ਕੰਪਨੀ ਨੂੰ ਉਹੀ ਢਾਹ ਸਕੇਗਾ ਜੋ ਇਸ ਤੋਂ ਧੜਵੈਲ ਹੋਵੇ। ਇਸ ਤਰ੍ਹਾਂ ਨਾਲ ਵਾਲ-ਮਾਰਟ ਅਤੇ ਹੋਰ ਧੜਵੈਲ ਦਰਮਿਆਨ ਜਿਹੜਾ ਮੁਕਾਬਲਾ ਹੋਵੇਗਾ ਉਹ ਵੀ ਤਿੱਖਾ ਹੋਵੇਗਾ।

ਅਜਾਰੇਦਾਰੀਆਂ ਦੇ ਹੋਂਦ 'ਚ ਆਉਣ ਤੋਂ ਪਹਿਲਾਂ ਸਰਮਾਏਦਾਰ ਦੇਸ਼ਾਂ ਦੇ ਸਰਮਾਏਦਾਰ ਸੰਸਾਰ ਦੇ ਦੂਸਰੇ ਦੇਸ਼ਾਂ ਨੂੰ ਆਪਣੇ ਅਧੀਨ ਭਾਵ ਬਸਤੀਆਂ ਬਣਾਕੇ ਲੁੱਟਦੇ ਅਤੇ ਦਬਾਉਂਦੇ ਸਨ ਜਿਵੇਂ ਇੰਗਲੈਂਡ ਦੀ ਸਰਮਾਏਦਾਰੀ ਜਮਾਤ ਨੇ ਸਾਡੇ ਭਾਰਤ ਨੂੰ ਅਧੀਨ ਕਰਕੇ ਕੀਤਾ। ਪਰ ਉਦੋਂ ਉਹ ਮੁੱਖ ਤੌਰ 'ਤੇ ਬਸਤੀਆਂ 'ਚੋਂ ਕੱਚਾ ਮਾਲ ਲਿਜਾਕੇ ਆਪਣੇ ਦੇਸ਼ ਦਾ ਬਣਾਇਆ ਮਾਲ ਇਨ੍ਹਾਂ ਮੰਡੀਆਂ 'ਚ ਵੇਚਦੇ ਸਨ। ਇਸੇ ਕਰਕੇ ਉਹ ਸਾਮਰਾਜੀ ਮੁਲਕ ਤਾਂ ਕਹਿਲਾਉਂਦੇ ਸਨ। ਪਰ ਸਰਮਾਏਦਾਰ ਪ੍ਰਬੰਧ 'ਚ ਅਜਾਰੇਦਾਰੀਆਂ ਦੀ ਹੋਂਦ ਵਾਲੇ ਅਜਾਰੇਦਾਰੀ ਸਾਮਰਾਜੀ ਮੁਲਕ ਨਹੀਂ ਸਨ।

ਅਜਾਰੇਦਾਰੀਆਂ ਦੇ ਹੋਂਦ 'ਚ ਆਉਣ 'ਤੇ ਪਹਿਲਾਂ

ਵਾਲੇ ਸਾਮਰਾਜ ਨਾਲੋਂ ਅਜਾਰੇਦਾਰੀ ਸਾਮਰਾਜ ਵੱਖਰੀ ਕਿਸਮ ਦਾ ਬਣ ਗਿਆ ਜਿਸਦਾ ਕਾ.ਲੈਨਿਨ ਨੇ ਵਿਸ਼ਲੇਸ਼ਣ ਕਰਦਿਆਂ ਦਰਸਾਇਆ ਸੀ ਕਿ 1900 'ਚ ਅਜਾਰੇਦਾਰੀਆਂ ਹੋਂਦ 'ਚ ਆ ਗਈਆਂ ਹਨ। ਇਸਨੂੰ ਉਨ੍ਹਾਂ ਨੇ "ਸਾਮਰਾਜ, ਸਰਮਾਏਦਾਰੀ ਦਾ ਉੱਚਤਮ ਅਵਸਥਾ" ਕਿਹਾ।

ਹੁਣ ਦੇਖੀਏ ਕਿ ਇਹ ਸਾਮਰਾਜ ਦੇ ਬਣ ਜਾਣ ਨਾਲ ਕੀ ਹੋਇਆ। ਪਹਿਲਾਂ ਵਾਲਾ ਸਾਮਰਾਜ ਜਿੱਥੇ ਨੰਗੇ-ਚਿੱਟੇ ਰੂਪ 'ਚ ਬਸਤੀਆਂ ਨੂੰ ਅਧੀਨ ਕਰਕੇ ਲੁੱਟਦਾ ਅਤੇ ਦਬਾਉਂਦਾ ਸੀ ਤਾਂ ਬਸਤੀਆਂ ਅਧੀਨ ਦੇਸ਼ਾਂ, ਕੌਮਾਂ ਅਤੇ ਲੋਕਾਂ ਨੂੰ ਆਪਣਾ ਦੁਸ਼ਮਣ ਸਾਹਮਣੇ ਦਿਖਾਈ ਦਿੰਦਾ ਸੀ। ਪਰ ਹੁਣ ਉਹ ਪਰਦੇ ਉਹਲੇ ਹੋ ਗਿਆ। ਉਹ ਬਾਹਰਲੇ ਦੇਸ਼ਾਂ 'ਚ ਸਰਮਾਇਆ ਆਦਿ ਲਾ ਕੇ ਆਪਣੀ ਲੁੱਟ ਅਤੇ ਦਾਬਾ ਕਾਇਮ ਰੱਖਣ ਲੱਗ ਪਿਆ, ਐਫ.ਡੀ.ਆਈ. ਦੀ ਉਦਾਹਰਣ ਇਸ ਦਾ ਸਬੂਤ ਹੈ ਭਾਵ ਬਸਤੀਆਂ ਵਾਲੇ ਲੁੱਟ ਦੇ ਰੂਪ ਤੋਂ ਨਵਾਂ (ਨਵ-ਬਸਤੀਵਾਦੀ) ਰੂਪ ਅਖਤਿਆਰ ਕਰ ਲਿਆ। ਇਸ ਤਰ੍ਹਾਂ ਕਰਦਿਆਂ ਅਜਾਰੇਦਾਰੀ ਸਾਮਰਾਜ ਨੇ ਸਮੁੱਚੇ ਸੰਸਾਰ ਨੂੰ ਇੱਕ ਪ੍ਰਬੰਧ 'ਚ ਵਲੇਟ ਲਿਆ। ਸੰਸਾਰ ਭਰ ਦੇ ਸਾਮਰਾਜੀ ਮੁਲਕਾਂ 'ਚ ਹੋਣ ਵਾਲੀ ਹਰ ਆਰਥਕ ਤੇ ਸਿਆਸੀ ਹਲਚਲ ਸਮੁੱਚੇ ਸੰਸਾਰ ਨੂੰ ਪ੍ਰਭਾਵਤ ਕਰਨ ਲੱਗ ਪਈ। ਜਿਵੇਂ ਆਹ ਹੁਣੇ-ਹੁਣੇ ਅਮਰੀਕਾ 'ਚ ਆਏ ਸੰਕਟ ਦਾ ਪ੍ਰਭਾਵ ਲਗਭਗ ਸਮੁੱਚੇ ਸੰਸਾਰ ਅੰਦਰ ਦੇਖਿਆ ਜਾ ਸਕਦਾ ਹੈ।

ਇਸ ਤਰ੍ਹਾਂ ਸਰਮਾਏਦਾਰਾਂ ਦੇਸ਼ਾਂ 'ਚ ਪਹਿਲਾਂ ਵਿਰੋਧ ਮਜ਼ਦੂਰ ਜਮਾਤ ਅਤੇ ਸਰਮਾਏਦਾਰ ਜਮਾਤ ਦਰਮਿਆਨ ਸੀ ਅਤੇ ਉਨ੍ਹਾਂ ਦਾ ਨਾਹਰਾ "ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ" ਸੀ, ਹੁਣ ਲੜਾਈ ਅਜਾਰੇਦਾਰੀ ਸਾਮਰਾਜ ਦੇ ਸੰਸਾਰ-ਪ੍ਰਬੰਧ ਵਿਰੁੱਧ ਬਣ ਜਾਣ ਕਰਕੇ ਪਹਿਲਾ ਨਾਹਰਾ ਤਬਦੀਲ ਹੋਕੇ "ਸਾਰੇ ਦੇਸ਼ਾਂ ਦੇ ਮਜ਼ਦੂਰੋ ਅਤੇ ਦੱਬੇ-ਕੁਚਲੇ ਦੇਸ਼ਾਂ ਦੇ ਲੋਕੋ, ਇੱਕ ਹੋ ਜਾਓ" ਬਣ ਗਿਆ। ਉਸ ਸਮੇਂ ਤੋਂ ਸੰਸਾਰ ਪੱਧਰ 'ਤੇ ਸਾਮਰਾਜੀ ਪ੍ਰਬੰਧ ਦੇ ਵਿਰੁੱਧ ਕਮਿਊਨਿਜ਼ਮ ਭਾਵ ਜਮਾਤ-ਰਹਿਤ, ਲੁੱਟ-ਰਹਿਤ ਅਤੇ ਹਰ ਕਿਸਮ ਦੇ ਦਾਬੇ ਤੋਂ ਮੁਕਤ ਸਮਾਜ ਸਿਰਜਣ ਲਈ ਜੱਦੋਜਹਿਦ ਇਸ ਨਾਹਰੇ ਰਾਹੀਂ ਅੱਗੇ ਵਧ ਰਹੀ ਹੈ। ਇਹ ਇੱਕ ਤਰਕਸ਼ੀਲ ਸਿੱਟਾ (Logical conclusion) ਹੈ ਕਿ ਇਸ ਸਮੁੱਚੇ ਸੰਸਾਰ-ਪ੍ਰਬੰਧ ਨੂੰ ਮੁੱਢੋਂ-ਸੁੱਢੋਂ ਤਬਦੀਲ ਕੀਤੇ ਬਿਨਾਂ ਇੱਥੇ ਕਿਰਤੀਆਂ ਦੀ ਮੁਕਤੀ ਵਾਲਾ ਬਰਾਬਰਤਾ ਵਾਲਾ ਸਮਾਜ ਨਹੀਂ ਸਿਰਜਿਆ ਜਾ ਸਕਦਾ।

ਇਸ ਲਈ ਮਈ ਦਿਵਸ ਦਾ ਸੁਨੇਹਾ ਜਾਂ ਭਾਵਨਾ ਇਹੀ ਹੈ ਕਿ ਮੌਜੂਦਾ ਹਾਲਤਾਂ 'ਚ ਉਪਰੋਕਤ ਪ੍ਰਬੰਧ ਵਿਰੁੱਧ ਜੱਦੋਜਹਿਦ ਕਰਦੇ ਹੋਏ ਜਮਾਤ-ਰਹਿਤ,ਲੁੱਟ-ਰਹਿਤ ਅਤੇ ਹਰ ਕਿਸਮ ਦੇ ਦਾਬੇ ਤੋਂ ਮੁਕਤ ਬਰਾਬਰੀ ਵਾਲਾ ਸਮਾਜ (ਕਮਿਊਨਿਜ਼ਮ) ਸਿਰਜਣ ਲਈ ਜੱਦੋਜਹਿਦ ਦੇ ਰਾਹ ਪਿਆ ਜਾਵੇ। ਇਸ ਭਾਵਨਾ ਤੋਂ ਸੱਖਣਾ ਮਨਾਇਆ ਜਾਣ ਵਾਲਾ ਮਈ ਦਿਵਸ ਇੱਕ ਰਸਮ ਬਣ ਕੇ ਰਹਿ ਜਾਂਦਾ ਹੈ।

98769-53561

ਇਕਾਈ ਸਹਾਇਤਾ

ਇਕਾਈ ਭਦੌੜ : ਭੋਲਾ ਸਿੰਘ ਸੰਧੂ ਸਾਬਕਾ ਪੰਚਾਇਤ ਮੈਂਬਰ (ਲੜਕਾ ਗੋਦ ਲੈਣ ਦੀ ਖੁਸ਼ੀ ਵਿੱਚ) ਰਾਹੀਂ ਗੁਰਪ੍ਰੀਤ ਸਹਿਣਾ 500 ਰੁਪਏ

ਰੂਪ ਸਿੰਘ ਸੁਖਪੁਰਾ (ਨਵਾਂ ਘਰ ਪ੍ਰਵੇਸ਼ ਦੀ ਖੁਸ਼ੀ ਵਿੱਚ) (ਰਾਹੀਂ ਗੁਰਪ੍ਰੀਤ ਸਹਿਣਾ) 1100 ਰੁਪਏ

ਇਕਾਈ ਬਠਿੰਡਾ : ਸ਼ਹੀਦ ਭਗਤ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ, ਦਿਉਣ (ਬਠਿੰਡਾ) (ਪ੍ਰਧਾਨ ਜਗਤਾਰ ਸਿੰਘ ਰਾਹੀਂ) (ਚੇਤਨਾ ਕਾਫਲੇ ਦੌਰਾਨ) 1100 ਰੁਪਏ

ਰਾਮ ਸਿੰਘ ਨਿਰਮਾਣ ਚੁੱਘੇ ਕਲਾਂ (ਬੇਟੇ ਦੀ ਸ਼ਾਦੀ ਤੇ) 1000 ਰੁਪਏ

ਦਰਸ਼ਨ ਮੌੜ (ਸੂਬਾ ਆਗੂ ਡੀ.ਟੀ.ਐਫ.) (ਸੇਵਾ ਮੁਕਤੀ ਤੇ) (ਰਾਹੀਂ ਹਰਿੰਦਰ ਕੁਮਾਰ) 500 ਰੁਪਏ


ਇਕਾਈ ਛਾਜਲੀ : ਲੋਕ ਚੇਤਨਾ ਮੰਚ, ਲਹਿਰਾਗਾਗਾ ਦੇ ਆਗੂ ਜਗਜੀਤ ਭੁਟਾਲ (ਬੇਟੇ ਨਵਕਿਰਨ, ਨੂੰਹ ਰਮਨਦੀਪ ਕੌਰ ਦੇ ਵਿਆਹ ਦੀ ਖੁਸ਼ੀ ਵਿੱਚ) 1000 ਰੁਪਏ

ਲੈਕਚਰਾਰ ਰਘੁਵੀਰ ਸਿੰਘ ਭੁਟਾਲ (ਬੇਟੇ ਨਵਰਾਜ ਦੀ ਲੋਹੜੀ ਤੇ) 500 ਰੁਪਏ

ਦਰਬਾਰਾ ਸਿੰਘ ਛਾਜਲਾ, ਮੀਤ ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) (ਪੋਤੀ ਏਕਮਜੋਤ ਦੀ ਦੂਜੀ ਲੋਹੜੀ ਤੇ) 500 ਰੁਪਏ

ਜੀਵਨ ਅਤੇ ਜੀਨ

ਡਾ. ਸੁਰਜੀਤ ਸਿੰਘ ਢਿਲੋਂ



ਪ੍ਰਿਥਵੀ ਉਪਰਲਾ ਜੀਵ-ਸੰਸਾਰ ਜੀਵਨ ਦੇ ਹੋਏ ਵਿਕਾਸ ਦਾ ਸਿੱਟਾ ਹੈ। ਮਨੁੱਖ ਦਾ ਸੰਸਾਰ ਵਿਖੇ ਪ੍ਰਵੇਸ਼ ਵੀ ਕੋਈ ਚਮਤਕਾਰ ਨਹੀਂ ਸੀ, ਇਹ ਵੀ ਵਿਕਾਸ ਦੀ ਹੀ ਸੰਸਾਰ ਨੂੰ ਦੇਣ ਹੈ। ਮਨੁੱਖ ਹੋਰਨਾਂ ਪ੍ਰਾਂਣੀਆਂ ਨਾਲੋਂ ਵੱਖਰਾ ਹੈ:ਇਹ ਸੂਝਵਾਨ ਹੈ, ਸਭਿਆਚਾਰ ਦਾ ਕਰਤਾ ਹੈ ਅਤੇ ਇਸ ਦੀ ਸਦਾਚਾਰਕ ਦ੍ਰਿਸ਼ਟੀ ਹੈ। ਜਦ ਇਸ ਵਿਚ ਪਹਿਲੀ ਵਾਰ ਸੂਝ ਪੁੰਗਰੀ ਤਾਂ ਇਸ ਨੇ ਪਹਿਲਾ ਪ੍ਰਸ਼ਨ ਆਪਣੇ ਆਪ ਤੋਂ ਇਹ ਪੁੱਛਿਆ ਕਿ ਆਪ ਇਹ ਕਿੱਥੋਂ ਆਇਆ ਸੀ। ਭਾਂਤ ਭਾਂਤ ਦੇ ਸੁਝੇ ਉੱਤਰਾਂ ਦੇ ਬਾਵਜੂਦ, ਇਹ ਪ੍ਰਸ਼ਨ ਆਪਣੀ ਥਾਂਵੇਂ ਲੰਬੇ ਸਮੇਂ ਤਕ ਖਲੋਤਾ ਰਿਹਾ। ਪਰ ਹੁਣ ਵਿਗਿਆਨ ਇਸ ਪ੍ਰਸ਼ਨ ਦਾ ਉੱਤਰ ਦੇਣ ਯੋਗ ਸਥਿਤੀ ਨੂੰ ਪੁੱਜ ਗਿਆ ਹੈ।

ਵਿਗਿਆਨ ਨੂੰ ਇਸ ਦੇ ਯੋਗ ਬਣਾਇਆ ਹੈ ਡੀ. ਐਨ.ਏ. ਸਬੰਧੀ ਜਾਣਕਾਰੀ ਨੇ, ਜਿਹੜੀ ਕਿ ਪਿਛਲੇ ਚਾਲੀ ਵਰ੍ਹਿਆਂ ਦੀ ਖੋਜ ਦਾ ਉਪਫਲ ਹੈ। ਆਪਣੇ ਮਾਤਾ-ਪਿਤਾ ਬਾਰੇ ਅਤੇ ਦਾਦਾ ਦਾਦੀ ਬਾਰੇ ਤਾਂ ਅਸਾਨੂੰ ਗਿਆਨ ਹੁੰਦਾ ਹੀ ਹੈ; ਪਰ ਇੰਨ੍ਹਾਂ ਤੋਂ ਪਹਿਲਾਂ ਦੇ ਕੁਟੰਬ ਦਾ ਇਤਿਹਾਸ ਧੁੰਦਲਿਆ ਰਹਿੰਦਾ ਹੈ। ਉਂਝ ਹਰ ਇਕ ਵਿਅਕਤੀ ਦਾ ਇਤਿਹਾਸ ਉਸ ਦੇ ਡੀ. ਐਨ. ਏ. ਅੰਦਰ ਅੰਕਤ ਹੈ। ਔਕੜ ਪਰ ਡੀ. ਐਨ. ਏ. ਨੂੰ ਪੜ੍ਹ ਸਕਣ ਦੀ ਹੈ। ਸਰੀਰ 'ਚ ਡੀ. ਐਨ. ਏ. ਕਿਸੇ ਇਕ ਨਿਵੇਕਲੇ ਸਥਾਨ ਤੇ ਕੈਦ ਨਹੀਂ: ਸਰੀਰ ਦੇ ਹਰ ਇੱਕ ਸੈਲ ਦੇ ਕੇਂਦਰ 'ਚ ਇਸ ਦਾ ਵਾਸ ਹੈ।

ਹਰ ਇਕ ਵਿਅਕਤੀ ਆਪਣਾ ਜੀਵਨ ਨਿਸ਼ਚੇ ਅੰਡੇ ਤੋਂ ਅਰੰਭ ਕਰਦਾ ਹੈ। ਇਹੋ ਅੰਡਾ ਵਾਰ ਵਾਰ ਵੰਡਿਆ ਜਾਂਦਾ ਹੈ ਅਤੇ ਸੈੱਲ ਇਕ ਤੋਂ ਦੋ,ਦੋ ਤੋਂ ਚਾਰ ਅਤੇ ਫਿਰ ਅੱਠ ਹੁੰਦੇ ਹੋਏ, ਆਪਣੀ ਗਿਣਤੀ ਵਿੱਚ ਵਾਧਾ ਕਰਦੇ ਰਹਿੰਦੇ ਹਨ। ਇਹੋ ਸੈੱਲ ਹੱਡੀਆਂ, ਮਾਸ-ਪੇਸ਼ੀਆਂ, ਗੁਰਦੇ, ਜਿਗਰ, ਦਿਲ, ਦਿਮਾਗ, ਬਣਦੇ ਹੋਏ, ਸਰੀਰ ਦੀ ਉਸਾਰੀ ਲਈ ਵਰਤੋਂ 'ਚ ਆਉਂਦੇ ਹਨ। ਮੁਢਲੇ ਸੈੱਲ ਦੇ ਕੇਂਦਰ 'ਚ ਡੀ. ਐਨ. ਏ. ਕਰੋਮੋਸੋਮਾਂ ਦੇ ਰੂਪ ਵਿੱਚ ਬਿਰਾਜ ਰਿਹਾ ਹੁੰਦਾ ਹੈ। ਇਹ ਕ੍ਰੋਮੋਸੋਮ ਸੈੱਲ-ਵੰਡਾਰੇ ਦੌਰਾਨ ਲੰਮੇ ਦਾਅ ਦੋ ਦੋ 'ਚ ਇੰਝ ਵੰਡੇ ਜਾਂਦੇ ਹਨ ਕਿ ਦੋਹਾਂ ਵਿੱਚ ਡੀ. ਐਨ. ਏ. ਦਾ ਇਕ ਇਕ ਨੁਕਤਾ ਤੇ ਬਿੰਦੀ, ਬਿਨਾਂ ਘਟਿਆਂ ਵਧਿਆਂ, ਸਮਾ ਜਾਂਦੇ ਹਨ। ਸਰੀਰ ਨੂੰ ਉਸਾਰਦੇ ਖਰਬਾਂ ਸੈੱਲਾਂ 'ਚ ਡੀ. ਐਨ. ਏ. ਦੀ , ਇਸ ਪ੍ਰਕਾਰ, ਇਕਸਾਰ ਮਾਤਰਾ ਬਣੀ ਰਹਿੰਦੀ ਹੈ।

ਹਰ ਇਕ ਮਨੁੱਖ ਵਿੱਚ ਇਹੋ ਹੋਇਆ ਹੁੰਦਾ ਹੈ ਅਤੇ ਗੁਣ ਜਾਂ ਸੁਭਾਅ ਹਰ ਇਕ ਵਿਅਕਤੀ ਦਾ ਹੈ, ਉਸ ਦਾ ਮੂਲ਼ ਉਸ ਨੂੰ ਮਾਤਾਪਿਤਾ ਤੋਂ ਵਿਰਸੇ 'ਚ ਮਿਲਿਆ ਡੀ. ਐਨ. ਏ. ਹੀ ਹੁੰਦਾ ਹੈ। ਹਰ ਵਿਅਕਤੀ ਦੇ ਹਰ ਸੈੱਲ ਵਿੱਚ, ਸਿਵਾਏ ਪ੍ਰਜਣਨ ਸੈੱਲਾਂ ਦੇ, 46 ਕ੍ਰੋਮੋਸੋਮ ਹਨ। ਵੱਖ ਵੱਖ ਵਿਅਕਤੀਆਂ ਦੇ ਡੀ. ਐਨ. ਏ. ਵਿੱਚ ਮਮੂਲੀ ਫਰਕ ਹੁੰਦਾ ਹੈ ਅਤੇ ਇਹੋ ਅੰਤਰ ਵਿਅਕਤੀਆਂ ਦੇ ਇਕ ਦੂਜੇ ਨਾਲੋਂ ਭਿੰਨ ਹੋਣ ਦਾ ਕਾਰਣ ਬਣ ਜਾਂਦਾ ਹੈ। ਡੀ.ਐਨ.ਏ. ਵਿਚਲੇ ਫਰਕ 'ਡ' ਅਤੇ 'ਤ' ਵਾਂਗ ਅਤੀ ਸੂਖਮ ਹੁੰਦੇ ਹਨ, ਪਰ ਇੰਨ੍ਹਾਂ ਦੇ ਪ੍ਰਭਾਵ ਅਧੀਨ ਵਿਅਕਤੀ ਇਕ ਦੂਜੇ ਨਾਲੋਂ ਭਿੰਨ ਵਿਖਾਈ ਦਿੰਦੇ ਹਨ। ਸਰੀਰ ਦੀ ਚਮੜੀ ਦਾ ਕਾਲਾ, ਗੋਰਾ ਜਾਂ ਪੀਲਾ ਹੋਣਾ ਡੀ. ਐਨ. ਏ. ਵਿਚਲੇ ਮਾਮੂਲੀ ਅੰਤਰ ਦਾ ਸਿੱਟਾ ਹੁੰਦਾ ਹੈ, ਜਿਹੜਾ, ਪਰ ਬਹੁਤਿਆਂ ਲਈ ਮਾਮੂਲੀ ਨਹੀਂ, ਅਤੀ ਮਹਤੱਵਪੂਰਣ ਸਿੱਧ ਹੁੰਦਾ ਹੈ। ਡੀ. ਐਨ. ਏ. ਵਿਚਲੇ ਇਸੇ ਮਾਮੂਲੀ ਅੰਤਰ ਕਾਰਨ ਇਕ ਵਿਅਕਤੀ 90 ਸਾਲ ਦਾ ਹੋ ਕੇ ਪੂਰਾ ਹੁੰਦਾ ਹੈ ਅਤੇ ਦੂਜਾ ਮਧ-ਆਯੂ 'ਚ ਚਾਲੀ-ਪੰਜਤਾਲੀ ਵਰ੍ਹੇ ਭੋਗ ਕੇ ਆਪਣੀ ਜੀਵਨ ਯਾਤਰਾ ਮੁਕੰਮਲ ਕਰ ਛੱਡਦਾ ਹੈ।

ਪਹਿਨਣ ਨੂੰ ਤਾਂ ਅਸਾਨੂੰ ਲੋੜ ਦੋ ਪਹਿਰਾਵਿਆਂ ਦੀ ਹੁੰਦੀ ਹੈ, ਇਕ ਧੋ ਲਿਆ ਤੇ ਦੂਜਾ ਪਾ ਲਿਆ। ਪਰ ਕੌਣ ਹੈ, ਜਿਸ ਦੀ ਗੁਜਾਇਸ਼ਿ ਅਨੁਕੂਲ ਉਸ ਕੋਲ ਪਹਿਰਾਵਿਆਂ ਦੀ ਅਲਮਾਰੀ ਜਾਂ ਟਰੰਕ ਭਰਿਆ ਨਾ ਹੋਵੇ। ਇਹੋ ਹਾਲ ਡੀ.ਐਨ. ਏ. ਦਾ ਹੈ: ਇਹ ਲੋੜ ਨਾਲੋਂ ਬਹੁਤ ਵੱਧ ਹੈ। ਸੈੱਲਾਂ ਅੰਦਰ ਤੁੰਨਿਆਂ ਪਿਆ ਹੈ। ਮਨੁੱਖ ਅੰਦਰਲੇ ਡੀ. ਐਨ. ਏ. ਦਾ ਕੇਵਲ ਤਿੰਨ ਪ੍ਰਤੀਸ਼ਤ ਭਾਗ ਹੀ ਕੰਮ ਆ ਰਿਹਾ ਹੈ, ਬਾਕੀ ਦਾ 97 ਪ੍ਰਤੀਸ਼ਤ ਫਜ਼ੂਲ ਨਕਾਰਾ ਪਿਆ ਰਹਿੰਦਾ ਹੈ ਡੀ. ਐਨ. ਏ. ਦਾ

ਕ੍ਰਿਆਸ਼ੀਲ ਭਾਗ ਵੱਖ ਵੱਖ ਟੁਕੜਿਆਂ 'ਚ ਵੰਡਿਆਂ ਹੋਇਆ ਹੈ, ਜਿੰਨ੍ਹਾਂ ਨੂੰ ਜਣਨ ਤੱਤ ਜਾਂ ਜੀਨ ਸੱਦਿਆਂ ਜਾਂਦਾ ਹੈ।

ਮਨੁੱਖ 'ਚ ਅਨੁਮਾਨ ਹੈ ਕਿ 30,000 ਦੇ ਲਗਭਗ ਜੀਨ ਹਨ, ਜਿੰਨ੍ਹਾਂ ਤੋਂ ਉਪਜੇ ਐਨਜਾਈਮਾਂ ਦੁਆਰਾ ਜੈਵਿਕ ਕਾਰੋਬਾਰ ਸਿਰੇ ਚੜ੍ਹਦੇ ਹਨ। ਜੇਕਰ ਕਿਸੇ ਦੇ ਲੰਮੇ ਕਾਲੇ ਵਾਲ ਹਨ, ਤਾਂ ਜੀਨਾਂ ਕਰਕੇ ਅਤੇ ਕਿਸੇ ਦਾ ਕੱਦ ਛੋਟਾ ਹੈ ਤਾਂ ਵੀ ਜੀਨਾਂ ਕਰਕੇ। ਜੇਕਰ ਕਿਸੇ ਨੂੰ ਰੋਗ ਘੱਟ ਚਿੰਬੜਦੇ ਹਨ, ਤਾਂ ਜੀਨਾਂ ਕਰਕੇ ਅਤੇ ਜੇ ਕਿਸੇ ਦੀ ਦ੍ਰਿਸ਼ਟੀ ਜਾਂ ਹਾਜਮਾ ਬਿਨਾਂ ਨੁਕਸ ਹੈ ਤਾਂ ਵੀ ਜੀਨਾਂ ਕਰਕੇ। ਇਸ ਪ੍ਰਕਾਰ ਵਿਰਸੇ ਵਿੱਚ ਮਿਲੇ ਹੋਏ ਜੀਨ ਹੀ ਹਰ ਇਕ ਵਿਅਕਤੀ ਦੀ 'ਕਿਸਮਤ' ਬਣਦੇ ਰਹਿੰਦੇ ਹਨ। ਕੋਈ ਵਿਅਕਤੀ ਕਿਹੋ ਜਿਹੇ ਦੁਆਲੇ ਵਿੱਚ ਰਹਿੰਦਾ ਹੈ ਅਤੇ ਕਿਹੋ ਜਿਹਾ ਜੀਵਨ ਢੰਗ ਉਸ ਨੇ ਅਪਣਾ ਰੱਖਿਆ ਹੈ, ਉਸ ਦਾ ਵੀ ਵਿਅਕਤੀ ਲਈ ਬਹੁਤ ਮਹੱਤਵ ਹੈ। ਪਰ ਜੇਕਰ ਇੰਨਸੁਲੀਨ ਜਾਂ ਹੋਰ ਲੋੜੀਂਦੇ ਹਾਰਮੋਨ ਉਪਜਾਉਣ ਵਾਲਾ ਜੀਨ ਵਿਅਕਤੀ 'ਚ ਹੋਵੇ ਹੀ ਨਾ ਤਾਂ ਫਿਰ ਇਸ ਨੂੰ ਲੱਗੇ ਰੋਗ ਨੂੰ ਜੀਵਨ ਢੰਗ ਦੁਆਰਾ ਕਾਬੂ 'ਚ ਰੱਖਣਾ ਸੰਭਵ ਨਹੀਂ ਹੁੰਦਾ। ਇਸੇ ਲਈ, ਜੀਵਨ ਨਾਲ ਜੁੜੀ ਹਰ ਇਕ ਸਥਿਤੀ ਦਾ ਮੂਲ ਜੀਨ ਹੀ ਹਨ।

ਥੋੜ੍ਹਾ ਕੀਤਿਆਂ ਡੀ. ਐਨ. ਏ. ਬਦਲਦਾ ਨਹੀਂ। ਇਕ ਤਾਂ ਇਸ ਦੀ ਬਣਤਰ ਹੀ ਇਸ ਪ੍ਰਕਾਰ ਦੀ ਹੈ: ਦੋ ਲੜੀਆਂ ਦੀ ਵੱਟੀ ਹੋਈ ਰੱਸੀ, ਜਿਸ ਦੇ ਜੋ ਅੰਦਰ ਹੈ ਉਸ ਲਈ ਬਾਹਰੀ ਪ੍ਰਭਾਵ ਨਿਅਰਥ ਹੈ। ਉਂਝ ਵੀ ਡੀ. ਐਨ. ਏ. ਹਰ ਇਕ ਸੈੱਲ ਦੇ ਕੇਂਦਰ 'ਚ, ਇਕ ਵੱਖਰੀ ਕੋਠੜੀ 'ਚ, ਭਾਵ ਨਿਊਕਲੀਅਸ 'ਚ ਸੁਰੱਖਿਅਤ ਸਥਿਤ ਹੈ, ਅਤੇ ਇਹ ਉਹ ਸਥਾਨ ਹੈ, ਜਿੱਥੇ ਆਕਸੀਜਨ ਤਕ ਦਾ ਪ੍ਰਵੇਸ਼ ਵਰਜਿਤ ਹੈ। ਬਿਨਾਂ ਛਿੱਜਿਆਂ, ਬਿਨਾਂ ਖੁਰਿਆਂ ਤੇ ਬਿਨਾਂ ਜੰਗਾਲਿਆਂ ਡੀ. ਐਨ. ਏ. ਪ੍ਰੀੜੀ ਦਰ ਪ੍ਰੀੜੀ, ਬਿਨਾਂ ਕਿਸੇ ਬਦਲਾਓ ਦੇ ਚਲਦਾ ਰਹਿੰਦਾ ਹੈ ਅਸਲ ਵਿੱਚ ਜਦੋਂ ਤੋਂ ਧਰਤੀ ਤੇ ਜੀਵਨ ਅਰੰਭ ਹੋਇਆ ਹੈ, ਡੀ. ਐਨ. ਏ. ਸਮੁੱਚੇ ਜੀਵਨ ਦਾ ਆਧਾਰ ਬਣਿਆ ਹੈ। ਜਦ ਜਦ ਵੀ, ਕਿਸੇ ਕਾਰਣ, ਇਸ ਵਿੱਚ ਫੇਰ ਬਦਲ ਹੋਏ ਹਨ, ਤਦ ਤਦ ਜੀਵ ਦੀ ਨਵੀਂ ਨਸਲ ਉਤਪੰਨ ਹੋ ਜਾਂਦੀ ਰਹੀ ਹੈ। ਸੱਚ ਪੁੱਛੋ ਤਾਂ ਜੀਵਨ ਡੀ. ਐਨ. ਏ. ਜਾਂ ਇਸ ਜਿਹੇ ਕਿਸੇ ਅਣੂੰ ਕਰਕੇ ਹੀ ਉਤਪੰਨ ਹੋਇਆ ਸੀ। ਡੀ.ਐਨ.ਏ. ਦੀਆਂ ਦੋ ਉਚੇਚ ਵਿਸ਼ੇਸ਼ਤਾਵਾਂ ਹਨ: ਇਕ ਤਾਂ ਇਹ ਸਥਿਰ ਪਦਾਰਥ ਹੈ ਅਤੇ ਦੂਜੇ ਇਹ ਪ੍ਰਜਣਨ ਦੇ ਸਮਰਥ ਹੈ। ਪ੍ਰਜਣਨ ਦੇ ਅਰਥ ਹਨ ਆਪਣੇ ਜਿਹੇ ਹੀ ਦੂਜੇ ਨੂੰ ਜਨਮ ਦੇਣਾ ਅਤੇ ਇਸ ਪ੍ਰਕ੍ਰਿਆ ਦੇ ਸਮਰਥ ਸੰਸਾਰ ਅੰਦਰ ਇਕੋ ਇਕ ਪਦਾਰਥ ਹੈ, ਡੀਆਕਸੀਰਾਇਓਬੋ ਨਿਊਕਲੀਅਕ ਐਸਿਡ, ਭਾਵ ਡੀ. ਐਨ. ਏ.। ਜੀਵ ਆਪ ਤਾਂ ਮਰਦੇ ਮੁੱਕਦੇ ਰਹਿੰਦੇ ਹਨ,ਪਰ ਇਹ ਮਰਨ ਤੋਂ ਪਹਿਲਾਂ ਔਲਾਦ ਉਪਜਾਉਂਦੇ ਹਨ, ਜਿਸ ਨੂੰ ਇਹ ਡੀ. ਐਨ. ਏ. ਦੀ ਸੰਪਤੀ ਦੇ ਕੇ ਪੂਰੇ ਹੋ ਜਾਂਦੇ ਹਨ।

ਡੀ. ਐਨ. ਏ. ਦੀ ਬਣਤਰ ਬਹੁਤ ਸਰਲ ਹੈ। ਕੇਵਲ ਚਾਰ ਅੰਸ਼ਾਂ ਉਪਰ ਇਹ ਨਿਰਭਰ ਹੈ। ਲੱਕੜ ਦੀ ਪੌੜੀ ਦੇ ਡੰਡਿਆਂ ਵਾਂਗ ਇਹ ਅੰਸ਼ ਹਨ, ਜਿਹੜੇ ਦੋ ਵੰਝਾਂ ਵਿਚਕਾਰ, ਅੱਗੜ ਪਿੱਛੜ, ਨਿਸਚਿਤ ਵਿੱਥ ਤੇ ਸਥਿਤ ਹਨ ਅਤੇ ਪੌੜੀ ਦੇ ਦੋ ਵੰਝ, ਵਟਾ ਚੜ੍ਹੀ ਰੱਸੀ ਵਾਂਗ, ਇਕ ਦੂਜੇ ਦੁਆਲੇ ਲਿਪਟੇ ਹੋਏ ਹਨ। ਪ੍ਰਜਣਨ ਦੌਰਾਨ ਇਹ ਦੋ ਵੰਝ ਦੋ ਫਾੜ ਹੋ ਕੇ ਵੱਖ ਹੋ ਜਾਂਦੇ ਹਨ ਅਤੇ ਦੋਹਾਂ ਉਪਰ ਆਲੇ ਦੁਆਲਿਓ ਅਨੁਪਾਤਕ ਅਣੂ ਆ ਆ ਕੇ ਜੁੜਦੇ ਰਹਿੰਦੇ ਹਨ। ਇਸ ਪ੍ਰਕਾਰ ਡੀ. ਐਨ. ਏ. ਪਹਿਲਾਂ ਜਿਹੇ ਦੋ ਅਣੂੰ ਹੋਂਦ ਵਿੱਚ ਆ ਜਾਂਦੇ ਹਨ। ਡੀ. ਐਨ. ਏ.ਦੇ ਇਸ ਵਤੀਰੇ ਦੇ ਕਾਰਣ ਹੀ ਜੀਵਨ ਦਾ ਬਣਿਆ ਰਹਿਣਾ ਸੰਭਵ ਹੋਇਆ ਹੈ; ਨਹੀਂ ਤਾਂ ਬ੍ਰਹਿਮੰਡ ਅੰਦਰ ਘਟਨਾਵਾਂ ਵਾਪਰ ਵਾਪਰ ਮਿਟਦੀਆਂ ਰਹਿੰਦੀਆਂ ਹਨ ਅਤੇ ਇਹ ਇਕ ਵਾਰ ਵਾਪਰ ਕੇ ਮੁੜ ਕੇ ਨਹੀਂ ਛਿੜਦੀਆਂ। ਡੀ.ਐਨ.ਏ. ਦੀ ਇਸੇ ਕੁਦਰਤੀ ਵਿਸ਼ੇਸ਼ਤਾ ਕਰਕੇ ਹੀ ਸੰਸਾਰ ਵਿੱਚ ਜੀਵਨ ਹੈ।

ਜੀਵਨ ਦੇ, ਮਨੁੱਖ ਦੇ ਇਤਿਹਾਸ ਦੀ ਛਾਣਬੀਣ ਲਈ ਡੀ. ਐਨ. ਏ. ਅੰਦਰਲੇ ਗੁੱਝੇ ਸੰਕੇਤਾਂ ਨੂੰ ਉਘੇੜਣ ਦੀ ਲੋੜ ਹੈ। ਮਨੁੱਖ ਦਾ ਇਤਿਹਾਸ 60 ਲੱਖ ਵਰ੍ਹਿਆਂ ਤਕ ਪਿਛਾਂਹ ਜਾਂਦਾ ਹੈ। ਇਹ ਉਹ ਸਮਾਂ ਸੀ ਜਦ ਮਨੁੱਖ ਦੇ ਪੂਰਵਜ, ਚਿੰਪਾਜੀ ਦਿਆਂ ਪੂਰਵਜਾਂ ਨਾਲੋਂ ਵੱਖ ਹੋਏ ਸਨ। ਮਨੁੱਖ ਦਾ ਸਭਨਾਂ ਤੋਂ ਨੇੜੇ ਦਾ ਸਬੰਧੀ ਚਿਪਾਂਜੀ ਨਾਮ ਦਾ ਬਣਮਾਨਸ ਹੈ, ਜਿਸ ਦੇ ਅਤੇ ਮਨੁੱਖ ਦੇ ਜੀਨਾਂ ਵਿੱਚ ਕਿਧਰੇ ਕਿਧਰੇ ਮਾਮੂਲੀ ਜਿਹੇ ਅੰਤਰ ਹਨ।

ਜਿਉਂਦੇ ਜਾਗਦੇ ਜੀਵਾਂ 'ਚੋਂ ਤਾਂ ਡੀ.ਐਨ.ਏ.ਸੌਖਾ ਪ੍ਰਾਪਤ ਹੋ ਜਾਂਦਾ ਹੈ; ਪਰ ਹਜ਼ਾਰਾਂ ਵਰ੍ਹੇ ਪਹਿਲਾਂ ਮੋਏ ਜੀਵਾਂ 'ਚੋਂ ਵੀ ਇਸ ਦੇ ਨਮੂਨੇ ਲੈਣੇ ਸੰਭਵ ਹੋਏ ਹਨ। ਜੇਕਰ ਅੱਗ ਲੱਗਣ ਨਾਲ ਡੀ. ਐਨ. ਏ. ਨਸ਼ਟ ਨਾ ਹੋਵੇ, ਤਦ ਇਹ ਲੰਮੇ ਸਮੇਂ ਤਕ ਆਪਣੀ ਬਣਤਰ ਵਿਗੜਨ ਨਹੀਂ ਦਿੰਦਾ। ਜੀਨਾਂ ਤੋਂ ਬਿਨਾਂ ਜਿਹੜਾ ਡੀ. ਐਨ. ਏ. ਹੈ ਅਤੇ ਜਿਸ ਨੂੰ ਕਬਾੜ ਦੀ ਪਦਵੀ ਦਿੱਤੀ ਜਾ ਰਹੀ ਹੈ, ਜਿਸ ਦੀ ਜੀਵਾਂ ਦੇ ਸਬੰਧ ਦਰਸਾਉਣ 'ਚ ਬੜੀ ਮਹੱਤਤਾ ਹੈ। ਇਸ ਡੀ. ਐਨ. ਏ. ਵਿਖੇ ਚੌਹਾਂ 'ਚੋਂ ਕੋਈ ਇਕ ਖਾਰੀ ਅੰਸ਼ ਵਾਰ ਵਾਰ ਅੰਕਿਤ ਹੋਇਆ ਮਿਲਦਾ ਹੈ। ਡੀ.ਐਨ.ਏ. ਦੇ ਲਏ ਚਿਤਰਾਂ 'ਚ ਅਜੇਹੇ ਸਥਾਨ ਕਾਲੀਆਂ ਲੀਕਾਂ ਬਣੇ ਵਿਖਾਈ ਦਿੰਦੇ ਹਨ। ਕਾਲੀਆਂ ਲੀਕਾਂ ਦੇ ਚਿਤਰੇ ਨਮੂਨੇ ਹਰ ਇਕ ਵਿਅਕਤੀ ਦੀ ਵਿਅਕਤੀਗਤ ਵਿਸ਼ੇਸ਼ਤਾ ਹਨ, ਉਂਞ ਹੀ ਜਿਵੇਂ ਕਿ ਅੰਗੂਠੇ ਉਪਰ ਉਕਰੀਆਂ ਲਕੀਰਾਂ। ਫਿੰਗ੍ਰਪ੍ਰਿੰਟ ਦੇ ਤੁੱਲ ਹੀ ਇਹ-ਜੀਨ ਪ੍ਰਿੰਟ ਵੀ ਹੈ। ਵਿਅਕਤੀ ਦੀ ਹੋਰਨਾਂ ਨਾਲ ਸਬੰਧਾਂ ਦੀ ਸ਼ਨਾਖਤ ਇਸੇ ਦੁਆਰਾ ਕੀਤੀ ਜਾਂਦੀ ਹੈ। ਜੀਵਾਂ ਦੀ ਰਹਿੰਦ ਖੂੰਹਦ 'ਚੋਂ ਭਾਵੇਂ ਡੀ. ਐਨ. ਏ. ਦੀ ਮਾਮੂਲ਼ੀ ਮਾਤਰਾ ਹੱਥ ਆਉਂਦੀ ਹੈ, ਪਰ ਪ੍ਰਯੋਗਸ਼ਾਲਾ 'ਚ ਇਸ ਦੀਆਂ ਅਣਗਣਿਤ ਨਕਲਾਂ ਪ੍ਰਾਪਤ ਕਰਨਾ ਸੰਭਵ ਹੈ। ਅਜਿਹਾ ਪਾਲੀਮਿਰੇਜ ਐਨਸਜਾਈਮ ਦੁਆਰਾ ਕੀਤਾ ਜਾਂਦਾ ਹੈ, ਜਿਹੜਾ ਸੈੱਲਾਂ ਅੰਦਰ ਵੀ ਇਸੇ ਕਾਰਜ ਲਈ ਵਰਤਿਆਂ ਜਾਣ ਵਾਲਾ ਕੁਦਰਤੀ ਐਨਜਾਈਮ ਹੈ।ਇਹ ਐਨਜਾਈਮ ਪ੍ਰਯੋਗਸ਼ਾਲਾ 'ਚ ਵੀ ਉਹੋ ਹੀ ਕੰਮ ਕਰਨ ਯੋਗ ਹੈ, ਜਿਹੜਾ ਕਿ ਸੈੱਲ ਅੰਦਰ ਕਰਦਾ ਰਹਿੰਦਾ ਹੈ।ਇਸੇ ਦਾ ਨਹੀਂ, ਲਗਭਗ ਸਭਨਾਂ ਐਨਜਾਈਮਾਂ ਦਾ ਇਹੋ ਹਾਲ ਹੈ। ਸਜੀਵਤਾ ਤੇ ਨਿਰਜੀਵਤਾ ਵਿਚਲੇ ਅੰਤਰ ਅਸਾਡੇ ਮਨ 'ਚ ਤਾਂ ਹਨ, ਪਰ ਡੀ.ਐਨ.ਏ. ਅਤੇ ਐਨਜਾਈਮਾਂ ਲਈ ਇਹ ਅੰਤਰ ਨਿਰਅਰਥ ਹਨ।

ਇਸੇ ਪ੍ਰਕਾਰ 'ਰੂਹ' ਦੀ ਵੀ ਸਰੀਰ ਜਾਂ ਦਿਮਾਗ ਨਾਲੋਂ ਵਖਰੀ ਕੋਈ ਹੋਂਦ ਸਮਝ ਨਹੀਂ ਆਉਂਦੀ। ਬੱਚੇ ਦੇ ਜਨਮ ਉਪਰੰਤ, ਦਿਮਾਗ ਅੰਦਰ ਦੁਆਲੇ ਦੇ ਪ੍ਰਭਾਵ ਅਧੀਨ, ਜਿਹੜੀ ਸੂਝ ਪੁੰਗਰਦੀ ਰਹਿੰਦੀ ਹੈ, ਉਸ ਨੂੰ ਅਸੀਂ 'ਰੂਹ' ਸੱਦਣ ਲਗਦੇ ਹਾਂ। ਜਿਹੋ ਜਿਹੀ ਪ੍ਰਸਥਿਤੀ ਵਿਚ ਬੱਚਾ ਪਲਦਾ ਹੈ, ਬੱਚੇ ਦੀ ਪੁੰਗਰਦੀ ਆ ਰਹੀ ਰੂਹ ਵੀ ਉਸੇ ਦੀ ਹਾਮੀ ਭਰਨ ਲੱਗਦੀ ਹੈ। ਦੁਆਲੇ ਅਨਕੂਲ ਵਿਚਰਦੀ ਹੋਈ ਇਹ, ਇਸੇ ਅਨਕੂਲ਼ ਆਪਣਾ ਵਤੀਰਾ ਢਾਲ ਲੈਂਦੀ ਹੈ। ਫ੍ਰਾਂਸ 'ਚ ਜਨਮੇ ਬੱਚੇ ਫ੍ਰਾਂਸੀਸੀ ਪਹਿਰਾਵਾ ਪਹਿਨਣ ਲਗ ਪੈਂਦੇ ਹਨ, ਫ੍ਰਾਂਸੀਸੀ ਬੋਲੀ ਬੋਲਣ ਲਗ ਪੈਂਦੇ ਹਨ ਅਤੇ ਫ੍ਰਾਂਸੀਸੀ ਕਦਰਾਂ ਅਨਕੂਲ਼ ਚੰਗੇ ਮਾੜੇ ਦੀ ਪਛਾਣ ਕਰਨ ਲੱਗ ਪੈਂਦੇ ਹਨ। ਪੰਜਾਬੀ ਮਾਤਾ-ਪਿਤਾ ਦਾ ਬੱਚਾ ਵੀ ਜੇਕਰ ਜਨਮ ਤੋਂ ਹੀ ਫ੍ਰਾਂਸ 'ਚ ਰਹਿਣ ਲੱਗ ਪਵੇ,ਤਦ ਇਹ ਪੰਜਾਬੀਆਂ ਵਾਂਗ ਨਹੀਂ, ਵੱਡਾ ਹੋ ਕੇ ਫ੍ਰਾਂਸੀਸੀਆਂ ਵਾਂਗ ਵਿਚਰੇਗਾ।

'ਰੂਹ' ਦਾ ਵੀ ਉਸੇ ਸਮੇਂ ਤਕ ਹੀ ਨਚਦੀ ਫੁਦਕਦੀ ਦਾ ਅਨੁਭਵ ਹੁੰਦਾ ਹੈ, ਜਦ ਤਕ ਕਿ ਦਿਮਾਗ ਹੈ ਅਤੇ ਜਦ ਮਰਨ ਸਮੇਂ ਸਰੀਰ ਅਹਿਲ ਹੋ ਜਾਂਦਾ ਹੈ ਅਤੇ ਦਿਮਾਗ ਅੰਦਰਲੀ ਕ੍ਰਿਆ ਭੰਗ ਹੋ ਜਾਂਦੀ ਹੈ ਤਾਂ 'ਰੂਹ' ਵੀ ਖਿੰਡ-ਪੁੰਡ ਜਾਂਦੀ ਹੈ। ਮੌਤ ਉਪਰੰਤ ਉਹ ਸਥਿਤੀ ਮੁੜ ਕੇ ਆ ਜਾਂਦੀ ਹੈ ਜਿਹੜੇ ਕਿ ਕਿਸੇ ਦੀ ਜਨਮ ਤੋਂ ਪਹਿਲਾਂ ਹੈ ਸੀਃ ਭਾਵ ਪਾਣੀ ਚੋਂ ਉਠਿਆ ਬੁਲਬੁਲਾ ਪਾਣੀ 'ਚ ਸਮਾ ਹੀ ਜਾਂਦਾ ਹੈ।

ਇਕ ਪ੍ਰਕਾਰ ਜੀਨ ਹੀ ਜੀਵਨ ਦੀ ਰੂਹ ਹਨ ਅਤੇ ਡੀ. ਐਨ. ਏ. ਦੀ ਉਸ ਟੁਕੜੀ ਨੂੰ ਜੀਨ ਸਦਿਆ ਗਿਆ, ਜਿਹੜੀ ਪ੍ਰੋਟੀਨੀਂ ਉਪਜ 'ਚ ਭਾਗ ਲੈਂਦੀ ਹੈ। ਪਰ ਜੀਨ ਬਾਰੇ ਅਸਾਨੂੰ ਅਨੁਭਵ, ਡੀ. ਐਨ. ਏ. ਨਾਲ ਹੋਈ ਪਛਾਣ ਨਾਲੋਂ ਬਹੁਤ ਪਹਿਲਾਂ ਹੋ ਗਿਆ ਸੀ। ਜੀਨ ਅਤੇ ਡੀ. ਐਨ. ਏ. ਬਾਰੇ ਗਿਆਨ ਜੀਵ-ਵਿਗਿਆਨ ਦੀ ਇਕ ਨਿਵੇਕਲੀ ਸ਼ਾਖ ਬਣ ਕੇ ਵਖਰਾ ਵਿਸ਼ਾ ਬਣਿਆ ਹੋਇਆ ਹੈ।

ਉੱਤਰੀ ਅਫਰੀਕਾ ਦੇ ਉੱਪਰ ਮਿੱਟੀ ਦੇ ਕਣ ਭਾਰਤ 'ਚ ਵਧਾਉਂਦੇ ਨੇ ਮਾਨਸੂਨ

ਉੱਤਰੀ ਅਫਰੀਕਾ ਤੇ ਪੱਛਮੀ ਏਸ਼ੀਆ ਦੇ ਉੱਪਰ ਦੇ ਮਾਰੂਸਥਲੀ ਮਿੱਟੀ ਦੇ ਕਣ ਭਾਰਤ 'ਚ ਮਾਨਸੂਨ ਦੀ ਬਰਸਾਤ 'ਚ ਵਾਧਾ ਕਰਦੇ ਹਨ। ਇੱਕ ਨਵੇਂ ਅਧਿਐਨ 'ਚ ਇਹ ਗੱਲ ਕਹੀ ਗਈ ਹੈ। ਦੱਸਣਯੋਗ ਹੈ ਕਿ ਭਾਰਤ ਮਾਨਸੂਨ ਦੀ ਬਰਸਾਤ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਅਧਿਐਨ ਮੁਤਾਬਕ ਹਵਾ 'ਚ ਮੌਜੂਦ ਮਿੱਟੀ ਦੇ ਕਣ ਭਾਰਤ ਦੇ ਪੱਛਮ 'ਚ ਸੂਰਜ ਦੀ ਰੌਸ਼ਨੀ ਨੂੰ ਸੋਖ ਲੈਂਦੇ ਹਨ। ਇਸ ਨਾਲ ਹਵਾ ਗਰਮ ਹੋ ਜਾਂਦੀ ਹੈ ਤੇ ਪੂਰਬ ਵਾਲੇ ਪਾਸੇ ਨਮੀ ਲਿਜਾਣ ਵਾਲੀਆਂ ਹਵਾਵਾਂ ਮਜ਼ਬੂਤ ਹੋ ਜਾਂਦੀਆਂ ਹਨ। ਇਸ ਤੋਂ ਇੱਕ ਹਫ਼ਤੇ ਬਾਅਦ ਭਾਰਤ 'ਚ ਮਾਨਸੂਨ ਦੀ ਬਰਸਾਤ 'ਚ ਵਾਧਾ ਹੁੰਦਾ ਹੈ। ਪੈਸੀਫਿਕ ਨਾਰਥ ਵੈਸਟ ਨੈਸ਼ਨਲ ਲੈਬਾਰਟਰੀ ਦੇ ਫੈਲੋ ਤੇ ਆਈਆਈਟੀ ਭੁਵਨੇਸ਼ਵਰ ਦੇ ਵੀ ਵਿਨੋਜ ਤੇ ਕੁਝ ਹੋਰ ਲੋਕ ਵੀ ਇਸ ਅਧਿਐਨ 'ਚ ਸ਼ਾਮਲ ਸਨ।

'ਹਿਗਸ ਬੋਸੋਨ' ਦੀ ਖੋਜ ਲਈ ਚੀਨੀ ਸਾਇੰਸਦਾਨ ਮਸ਼ੀਨ ਬਣਾਉਣ ਦੇ ਆਹਰ 'ਚ

ਚੀਨੀ ਸਾਇੰਸਦਾਨਾਂ ਨੇ 'ਹਿਗਜ਼ ਬੋਸੋਨ' (ਕਥਿਤ ਰੱਬੀ ਕਣ) ਦੀ ਖੋਜ ਤੇਜ ਕਰਨ ਲਈ ਇੱਕ ਵਧੇਰੇ ਤੇਜ਼ ਰਫ਼ਤਾਰ ਇਲੈਕਟ੍ਰਾਨ-ਪੋਜ਼ਿਸਟ੍ਰਾਨ ਤਿਆਰ ਕਰਨ ਲਈ ਯੋਜਨਾ ਬਣਾਈ ਹੈ। ਇਹ ਕਣ ਪੁੰਜ ਦੀ ਹੋਂਦ ਅਤੇ ਬ੍ਰਹਿਮੰਡ ਦੀਆਂ ਗੁੱਝੀਆਂ ਰਮਜ਼ਾਂ ਖੋਲੇਗਾ। ਚੀਨੀ ਸਾਇੰਸਦਾਨਾਂ ਨੇ ਇੱਕ ਅਜਿਹੀ ਮਸ਼ੀਨ ਤਿਆਰ ਕੀਤੀ ਹੈ ਜੋ ਮੌਜੂਦ ਮਸ਼ੀਨ ਨਾਲੋਂ 60 ਗੁਣਾ ਤੇਜ਼ ਚੱਲਦੀ ਹੈ। ਇੰਸਟੀਚਿਊਟ ਆਫ ਹਾਈ ਐਨਰਜੀ ਫਿਜ਼ੀਕਸ ਆਫ ਚਾਇਨੀਜ਼ ਅਕੈਡਮੀ ਆਫ ਸਾਇੰਸਿਜ਼ ਵੱਲੋਂ ਕਰਵਾਈ ਗਈ ਇੱਕ ਗੋਸ਼ਟੀ ਵਿੱਚ ਸਾਇੰਸਦਾਨਾਂ ਨੇ ਦੱਸਿਆ ਕਿ ਇਹ ਮਸ਼ੀਨ ਹਿਗਜ਼ ਬੋਸੋਨ ਦੀ ਕਿਸਮ ਨੂੰ ਪੂਰਾ ਸੂਰਾ ਮਾਪਣ ਲਈ ਤਿਆਰ ਕੀਤੀ ਗਈ ਹੈ। ਇੰਸਟੀਚਿਊਟ ਦੇ ਮੁਖੀ ਵੈਂਗ ਯੁਫੈਂਗ ਨੇ ਦੱਸਿਆ ਕਿ 'ਹਿਗਜ਼ ਬੋਸੋਨ ਕਣਾਂ ਦੀ ਕਿਸਮ ਜਾਣ ਕੇ ਹੀ ਅਸੀਂ ਸ਼ਾਇਦ ਭਵਿੱਖਮੁਖੀ ਭੌਤਿਕ ਕਣਾਂ ਨੂੰ ਸਮਝ ਸਕਦੇ ਹਾਂ।"

ਪੁਲਾੜ ਦੇ ਪਹਿਲੇ ਬਿਗ ਬੈਂਗ ਦੇ ਸਬੂਤ ਲੱਭੇ

ਖਗੋਲ ਮਾਹਰਾਂ ਨੇ 14 ਅਰਬ ਸਾਲ ਪਹਿਲਾਂ ਪੈਦਾ ਹੋਈਆਂ ਗੁਰੂਤਾ ਆਕਰਸ਼ਣ ਦੀਆਂ ਤਰੰਗਾਂ ਦੀ ਕਲਪਨਾ ਕਰਕੇ ਬਿਗ ਬੈਂਗ ਸਿਧਾਂਤ ਦਾ ਪਹਿਲਾ ਸਿੱਧਾ ਸਬੂਤ ਲੱਭ ਲਿਆ ਹੈ। ਇਹ ਉਹੀ ਸਮਾਂ ਹੈ ਜਦੋਂ ਬ੍ਰਹਿਮੰਡ ਹੋਂਦ 'ਚ ਆਇਆ ਸੀ। ਜਿਸ ਬ੍ਰਹਿਮੰਡ 'ਚ ਅਸੀਂ ਇਸ ਵੇਲੇ ਰਹਿ ਰਹੇ ਹਾਂ, ਉਹ 13.8 ਅਰਬ ਸਾਲ ਪਹਿਲਾਂ ਬਿਗ ਬੈਂਗ ਦੀ ਅਸਾਧਾਰਣ ਘਟਨਾ ਨਾਲ ਹੋਂਦ 'ਚ ਆਇਆ।

ਬੀਆਈਸੀਈਪੀ 2 ਕੋਲੈਬੋਰੇਸ਼ਨ ਦੇ ਸਹਿ ਲੇਖਕ ਤੇ ਸਟੈਨਫੋਰਡ ਯੂਨੀਵਰਸਿਟੀ ਦੇ ਸ਼ਾਓ-ਲਿਨ-ਕੁ ਨੇ ਕਿਹਾ ਕਿ ਇਹ ਸੱਚਮੁਚ ਰੋਮਾਂਚਕ ਹੈ। ਅਸੀਂ ਗੁਰੂਤਾ ਆਕਰਸ਼ਣ ਤਰੰਗਾਂ ਤੇ ਪੁਲਾੜ 'ਚ ਉੱਠੀਆਂ ਲਹਿਰਾਂ ਦਾ ਪਹਿਲਾ ਰੂਪ ਤਿਆਰ ਕਰ ਲਿਆ ਹੈ। ਇਸ ਦੇ ਨਾਲ ਹੀ ਅਸੀਂ ਪੂਰੇ ਪੁਲਾੜ 'ਚ ਨਿਰਮਾਣ ਨਾਲ ਸਬੰਧਤ ਸਿਧਾਂਤ ਨੂੰ ਸੱਚ ਸਾਬਤ ਕਰ ਦਿੱਤਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬਿਗ ਬੈਂਗ ਤੋਂ ਬਾਅਦ ਬਾਕੀ ਬਚੀ ਫਿੱਕੀ ਚਮਕ ਦੇ ਆਈਸੀਈਪੀ2 ਟੈਲੀਸਕੋਪ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਨਾਲ ਹਾਸਲ ਹੋਏ ਹਨ।

ਦੱਸਣਯੋਗ ਹੈ ਕਿ ਬਿਗ ਬੈਂਗ ਦੇ ਧਮਾਕੇ ਤੋਂ ਬਾਅਦ ਬਚ ਗਏ ਇਨ੍ਹਾਂ ਛੋਟੇ ਛੋਟੇ ਪ੍ਰਕਾਸ਼ ਪੁੰਜਾ ਨੇ ਬ੍ਰਹਿਮੰਡ ਦੇ ਵਿਕਾਸ ਦੇ ਸਮੇਂ ਦੇ ਹਾਲਤ ਦੇ ਸਿੱਧੇ ਸਬੂਤ ਪੇਸ਼ ਕੀਤੇ। ਅਜਿਹਾ ਹੋਣ ਨਾਲ ਹੀ ਬ੍ਰਹਿਮੰਡ ਦੇ ਹੋਂਦ 'ਚ ਆਉਣ ਦਾ ਪਤਾ ਲੱਗਾ।

ਪਹਿਲੀ ਵਾਰ ਇੱਕ ਅੰਗ ਨੂੰ ਦਿੱਤੀ ਗਈ ਨਵੀਂ ਜ਼ਿੰਦਗੀ

ਵਿਗਿਆਨੀਆਂ ਨੇ ਪਹਿਲੀ ਵਾਰ ਇੱਕ ਅੰਗ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ। ਉਨ੍ਹਾਂ ਨੇ ਬਹੁਤ ਬੁੱਢੇ ਚੂਹੇ 'ਚ ਦਿਲ ਦੇ ਨੇੜੇ ਰਹਿਣ ਵਾਲੇ ਅੰਗ ਥਾਇਮਸ ਨੂੰ ਮੁੜ ਤੋਂ ਸਰਗਰਮ ਕੀਤਾ ਹੈ। ਥਾਇਮਸ ਨਾਲ ਪ੍ਰਤੀਰੋਧੀ ਕੋਸ਼ਿਕਾਵਾਂ ਪੈਦਾ ਹੁੰਦੀਆਂ ਹਨ। ਇਸ ਖੋਜ ਨਾਲ ਉਨ੍ਹਾਂ ਲੋਕਾਂ ਦੇ ਇਲਾਜ ਦਾ ਰਾਹ ਪੱਧਰਾ ਹੋ ਸਕਦਾ ਹੈ। ਜਿਨ੍ਹਾਂ ਦਾ ਪ੍ਰਤੀਰੱਖਿਅਕ ਤੰਤਰ ਨਸ਼ਟ ਹੋ ਗਿਆ ਹੈ। ਯੂਨੀਵਰਸਿਟੀ ਆਫ ਐਡਿਨਬਰਗ ਦੇ ਵਿਗਿਆਨੀਆਂ ਨੇ ਉਸ ਕੁਦਰਤੀ ਤੰਤਰ ਨੂੰ ਮੁੜ ਤੋਂ ਸਰਗਰਮ ਕੀਤਾ ਹੈ ਜਿਹੜਾ ਉਮਰ ਵਧਣ ਦੇ ਨਾਲ ਨਾਲ ਕੰਮ ਕਰਨਾ ਬੰਦ ਕਰ ਦਿੰਦਾ ਹੈ। ਅਜਿਹਾ ਕਰਨ ਨਾਲ ਬਹੁਤ ਬੁੱਢੇ ਹੋ ਚੁੱਕੇ ਚੂਹੇ ਦੇ ਥਾਇਮਸ ਨੂੰ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਗਈ। ਇਲਾਜ ਤੋਂ ਬਾਅਦ ਦੇਖਿਆ ਗਿਆ ਕਿ ਨਵਾਂ ਜੀਵਨ ਹਾਸਲ ਕੀਤੇ ਗਏ ਅੰਗ ਦੀ ਰਚਨਾ ਵੀ ਉਸ ਪ੍ਰਕਾਰ ਦੀ ਹੈ, ਜਿਹੋ ਜਿਹੀ ਕਿ ਜਵਾਨ ਚੂਹੇ ਦੀ ਹੁੰਦੀ ਹੈ।

ਤਾਂਤਰਿਕਾਂ ਨੇ ਬੱਚੀ ਦੀ ਲਾਸ਼ ਕਬਰ 'ਚੋਂ ਕੱਢ ਕੇ ਸਿਰ ਕੱਟਿਆ

ਲਖਨਊ– ਉੱਤਰ ਪ੍ਰਦੇਸ਼ ਦੇ ਆਗਰਾ ਸ਼ਹਿਰ 'ਚ ਤਾਂਤਰਿਕਾਂ ਨੇ 12 ਸਾਲ ਦੀ ਬੱਚੀ ਦੀ ਕਬਰ ਪੁੱਟ ਕੇ ਲਾਸ਼ ਕੱਢ ਕੇ ਉਸ ਦਾ ਸਿਰ ਕੱਟ ਦਿੱਤਾ। ਤਾਂਤਰਿਕ ਸਿਰ ਨੂੰ ਬੈਗ ਵਿੱਚ ਪਾ ਕੇ ਲਿਜਾ ਰਹੇ ਸਨ ਕਿ ਉਦੋਂ ਪੁਲਸ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਪੁਲਸ ਅਧਿਕਾਰੀ ਸਤਿਆਰਥ ਅਨਿਰੁਧ ਪੰਕਜ ਨੇ ਦੱਸਿਆ ਕਿ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। (ਜਗ ਬਾਣੀ)

ਬਲਾਤਕਾਰ ਮਾਮਲੇ 'ਚ ਬਾਬੇ ਖਿਲਾਫ਼ ਕੇਸ

ਬਟਾਲਾ – ਇੱਕ ਵਿਧਵਾ ਔਰਤ ਦਾ ਬਟਾਲਾ ਵਿਖੇ ਜਬਰਦਸਤੀ ਗਰਭਪਾਤ ਕਰਵਾਇਆ ਜਾ ਰਿਹਾ ਸੀ, ਜਿਸ ਦੀ ਖਬਰ ਪੱਤਰਕਾਰਾਂ ਅਤੇ ਪੁਲਸ ਨੂੰ ਲੱਗਣ ਤੋਂ ਬਾਅਦ ਕੀਤੀ ਗਈ ਕਾਰਵਾਈ ਦੌਰਾਨ ਵਿਧਵਾ ਔਰਤ ਨੇ ਦੱਸਿਆ ਕਿ ਪਿੰਡ ਬੱਲਪੁਰੀਆਂ ਦਾ ਇੱਕ ਅਖੌਤੀ ਸਾਧ ਮੱਘਾ ਉਰਫ ਕੁਲਵੰਤ ਸਿੰਘ ਕਈ ਸਾਲਾਂ ਤੋਂ ਉਸ ਨਾਲ ਜਬਰ–ਜਨਾਹ ਕਰਦਾ ਆ ਰਿਹਾ ਹੈ, ਜਿਸ ਕਰਕੇ ਉਹ ਗਰਭਵਤੀ ਹੋ ਗਈ। ਸਦਰ ਪੁਲਸ ਨੇ ਸਿਵਲ ਹਸਪਤਾਲ 'ਚ ਦਾਖਲ ਔਰਤ ਦੇ ਬਿਆਨ ਦਰਜ ਕਰਨ ਤੋਂ ਬਾਅਦ ਉਕਤ ਬਾਬੇ ਕੁਲਵੰਤ ਸਿੰਘ ਅਤੇ ਉਸ ਦੇ ਇੱਕ ਸਾਥੀ ਖਿਲਾਫ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। (ਨਵਾਂ ਜਮਾਨਾ)

ਸੁਆਮੀ ਨੂੰ ਕੁਟਾਪਾ ਚਾੜ੍ਹਿਆ

ਮਾਨਸਾ – ਸਥਾਨਕ ਮੰਦਰ ਵਾਲੀ ਗਲੀ ਸਥਿਤ ਸ਼੍ਰੀ ਕ੍ਰਿਸ਼ਨਾ ਮੰਦਰ 'ਚ ਪਿਛਲੇ ਕਈ ਦਿਨਾਂ ਤੋਂ ਬ੍ਰਿੰਦਾਬਣ ਤੋਂ ਆ ਕੇ ਭਾਗਵਤ ਕਥਾ ਕਰ ਰਹੇ ਸੁਆਮੀ ਬਾਲਯੋਗੀ ਦਾ ਇੱਕ ਔਰਤ ਨਾਲ ਮਾੜਾ ਸਲੂਕ ਕਰਨ ਨੂੰ ਲੈ ਕੇ ਕੁਝ ਨੌਜਵਾਨਾਂ ਨੇ ਕੁਟਾਪਾ ਚਾੜ੍ਹ ਦਿੱਤਾ। ਇਸ ਦੌਰਾਨ ਨੌਜਵਾਨਾਂ ਨੇ ਸੁਆਮੀ ਦੇ ਚੇਲਿਆਂ ਨੂੰ ਕਮਰੇ ਵਿੱਚ ਹੀ ਕੁੰਡਾ ਲਗਾ ਦਿੱਤਾ ਅਤੇ ਸੁਆਮੀ ਦੀ ਖੂਬ ਕੁੱਟ ਮਾਰ ਕੀਤੀ। ਸੁਆਮੀ ਦੇ ਕੁੱਝ ਸੱਟਾਂ ਵੀ ਲੱਗੀਆਂ। ਸ਼ਹਿਰ ਵਿੱਚ ਇਸ ਘਟਨਾ ਨੂੰ ਲੈ ਕੇ ਚਰਚਾ ਦਾ ਬਾਜ਼ਾਰ ਗਰਮ ਹੈ। (ਪੰਜਾਬੀ ਜਾਗਰਣ)

ਪਾਠੀ ਖਿਲਾਫ ਜਬਰ ਜਿਨਾਹ ਦਾ ਕੇਸ ਦਰਜ

ਲੁਧਿਆਣਾ – ਪੁਲਿਸ ਨੇ 11ਵੀਂ ਕਲਾਸ ਦੀ ਵਿਦਿਆਰਥਣ ਦੇ ਬਿਆਨਾਂ ਦੇ ਆਧਾਰ 'ਤੇ ਈਸ਼ਰ ਨਗਰ ਇਲਾਕੇ ਵਿੱਚ ਸਥਿਤ ਗੁਰਦੁਆਰੇ ਦੇ ਪਾਠੀ ਅਤੇ ਉਸ ਦੇ ਭਰਾ ਖਿਲਾਫ ਬਲਾਤਕਾਰ ਦੀ ਕੋਸ਼ਿਸ਼ ਅਤੇ ਅਸ਼ਲੀਲ ਹਰਕਤਾਂ ਕਰਨ ਦਾ ਕੇਸ ਦਰਜ ਕੀਤਾ ਹੈ। ਜਾਂਚ ਅਧਿਕਾਰੀ ਜਨਕ ਰਾਜ ਨੇ ਦੱਸਿਆ ਕਿ ਪੀੜਤ ਲੜਕੀ ਇਲਾਕੇ ਦੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਦੀ ਹੈ। ਉਹ ਬੀਤੇ ਦਿਨ ਘਰੋਂ ਸ਼ਾਮ ਵੇਲੇ ਕਰੀਬ ਸਾਢੇ ਚਾਰ ਵਜੇ ਗੁਰਦੁਆਰੇ ਮੱਥਾ ਟੇਕਣ ਦੇ ਲਈ ਗਈ ਸੀ, ਉਸ ਮੌਕੇ ਇਹ ਘਟਨਾ ਵਾਪਰੀ। (ਪੰਜਾਬੀ ਟ੍ਰਿਬਿਊਨ)

ਅਖੌਤੀ ਸਾਧ ਵੱਲੋਂ ਆਪਣੇ ਹੀ ਭਰਾ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼

ਮਾਹਿਲਪੁਰ – ਮਾਹਿਲਪੁਰ ਵਾਸੀ ਇੱਕ ਨੌਜਵਾਨ ਵੱਲੋਂ ਜਲੰਧਰ ਦੇ ਕਪੂਰ ਪਿੰਡ ਵਿਖੇ ਇੱਕ ਡੇਰਾ ਮੁਖੀ ਦੇ ਪਿਛਲੇ ਮਹੀਨੇ ਦਿਹਾਂਤ ਹੋਣ ਤੋਂ ਬਾਅਦ ਉਸ ਡੇਰੇ ਉੱਤੇ ਕਬਜ਼ਾ ਕਰ ਲਿਆ ਗਿਆ। ਉਸ ਸਾਧ ਨੇ ਆਪਣੇ ਹੀ ਭਰਾ 'ਤੇ ਗੱਡੀ ਚਾੜ੍ਹ ਕੇ ਉਸ ਨੂੰ ਜਾਨੋਂ ਖਤਮ ਕਰਨ ਦੀ ਅਸਫਲ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਉਕਤ ਅਖੌਤੀ ਸਾਧ ਜਦ ਆਪਣੇ ਹੀ ਭਰਾ ਨੂੰ ਕਥਿਤ ਤੌਰ 'ਤੇ ਜਾਨੋਂ ਖਤਮ ਕਰਨ ਵਿੱਚ ਅਸਫਲ ਰਿਹਾ, ਤਾਂ ਉਹ ਲੋਕਾਂ ਤੋਂ ਡਰਦਾ ਮੌਕੇ ਤੋਂ ਫਰਾਰ ਹੋ ਗਿਆ। (ਨਵਾਂ ਜਮਾਨਾ)

ਪੁਲਸ ਨੇ ਪੁੱਛਾਂ ਦੇਣ ਵਾਲੇ ਸਾਧ ਨੂੰ ਦਬੋਚਿਆ

ਹਠੂਰ – ਅੰਧ ਵਿਸ਼ਵਾਸ ਦੇ ਨਾਂਅ 'ਤੇ ਭੋਲੇ–ਭਾਲੇ ਲੋਕਾਂ ਨੂੰ ਤਾਗੇ, ਤਵੀਤਾਂ ਤੇ ਜਾਦੂ ਟੂਣਿਆਂ ਨਾਲ ਲੁੱਟਣ ਵਾਲੇ ਅਖੌਤੀ ਸਾਧ 'ਤੇ ਆਖਰਕਾਰ ਹਠੂਰ ਪੁਲਸ ਨੇ ਮੁਕੱਦਮਾ ਦਰਜ ਕੀਤਾ ਹੈ। ਬੀਤੇ ਦਿਨੀਂ ਕਈ ਸਾਲਾਂ ਤੋਂ ਪੁੱਛਾਂ ਦੇਣ ਵਾਲੇ ਅਖੌਤੀ ਸਾਧ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਜੁਗਰਾਜ ਸਿੰਘ ਪੁੱਤਰ ਸੁੱਚਾ ਸਿੰਘ ਦੇ ਘਰ ਦੇ ਗੇਟ ਅੱਗੇ ਕਾਲੇ ਕੱਪੜੇ ਵਿੱਚ ਦੋ ਬੱਕਰੇ ਦੇ ਸਿਰ, ਦੋ ਸ਼ਰਾਬ ਦੇ ਅਧੀਏ ਅਤੇ ਇੱਕ ਧਮਕੀ ਭਰਿਆ ਪੱਤਰ ਲਿਖ ਕੇ ਟੰਗ ਦਿੱਤਾ ਸੀ, ਜਿਸ ਨੂੰ ਦੇਖ ਕੇ ਪਰਿਵਾਰ ਵਿੱਚ ਸਹਿਮ ਦਾ ਮਹੌਲ ਪੈਦਾ ਹੋ ਗਿਆ। ਪਰਿਵਾਰ ਵੱਲੋਂ ਸਾਧ ਅਤੇ ਉਸੇ ਦੇ ਸਹਿਯੋਗੀਆਂ ਖਿਲਾਫ ਐਫ. ਆਈ. ਆਰ. ਦਰਜ ਕਰਵਾਈ ਗਈ ਸੀ। (ਨਵਾਂ ਜਮਾਨਾ)



ਹਵਾ 'ਚ ਲਿਖੇ ਹਰਫ਼

ਸੰਦੇਸ਼ ਭੇਜਣ ਲਈ: **94173-62085**

> ਜੇ ਕੋਈ ਮਨੁੱਖ ਕੇਵਲ ਆਪਣੇ ਲਈ ਕੰਮ ਕਰਦਾ ਹੈ ਤਾਂ ਉਹ ਇੱਕ ਪ੍ਰਸਿੱਧ ਵਿਗਿਆਨੀ, ਮਹਾਨ ਵਿਚਾਰਕ ਜਾਂ ਉੱਤਮ ਕਵੀ ਤਾਂ ਬਣ ਸਕਦਾ ਹੈ ਪਰ ਉਹ ਸੱਚਮੁਚ ਦਾ ਸੰਪੂਰਨ ਤੇ ਮਹਾਨ ਮਨੁੱਖ ਨਹੀਂ ਬਣ ਸਕਦਾ।
>
> **ਕਾਰਲ ਮਾਰਕਸ**

ਰਾਹਾਂ ਦੇ ਵਿਚ ਚਾਨਣ ਬਣ ਕੇ ਖੜ ਜਾਣਾ,
ਮੈਂ ਕਾਲੇ ਘੁੱਪ ਹਨੇਰੇ ਅਗੇ ਅੜ ਜਾਣਾ।

ਵਕਤ ਦੀ ਹਿੱਕ ਤੇ ਨਾਂ ਲਿਖ ਕੇ ਛੱਡਾਂਗਾ,
ਮੈਂ ਕਿਰਤੀ ਹਾਂ ਸੂਲੀ ਉੱਪਰ ਚੜ੍ਹ ਜਾਣਾ।

ਅਮਿਤ ਉਦਾਸ
(ਪਰਮਿੰਦਰ ਸ਼ੇਖਰ)
84270-07143

ਹਰ ਵਾਰ ਰਸਤੇ ਰਾਹ ਨਹੀਂ ਹੁੰਦੇ,
ਕਈ ਦਫ਼ਾ ਦਰਿਆ ਵੀ ਹੁੰਦੇ।

ਗੁਰਪ੍ਰੀਤ ਧਰਮਕੋਟ
98147 96573

ਉਹਦੀ ਪਹਿਚਾਣ ਦਾਦਰ ਭੀੜ ਦੇ ਅੰਦਰ ਨਹੀਂ ਰੁਲਦੀ,
ਜੋ ਲੈ ਕੇ ਜਾਗਦਾ ਸਿਰ ਭੀੜ 'ਚੋਂ ਵੱਖਰਾ ਨਿਕਲ ਜਾਵੇ।

ਦਾਦਰ ਪੰਡੋਰਵੀ
97814-38798

ਇੱਕ ਉਡਦੇ ਪਰਿੰਦੇ ਨੂੰ ਸੂਰਜ ਤਾਕੀਦ ਕਰੇ,
ਤੂੰ ਪਰਤ ਜਰੂਰ ਪਵੀਂ ਮੈਂ ਵਣ ਨੂੰ ਹਰਾ ਰਖਦਾਂ।

ਜਗਜੀਤ ਸੰਧੂ
(ਬੂਟਾ ਸਿੰਘ ਵਾਕ.ਫ)
95010-24461

ਜੋ ਕਾਤਲ ਨੇ ਉਨ੍ਹਾਂ ਨੇ ਤਾਂ ਸਦਾ ਹੀ ਕਤਲ ਕਰਨੇ ਨੇ,
ਜੋ ਹੋਣ ਬੀਜ ਸੱਚ ਵਾਲੇ ਉਨ੍ਹਾਂ ਤਾਂ ਫੁੱਟਣਾ ਸਾਥੀ।

ਏ. ਪੀ. ਸਿੰਘ ਪਾਲੀ
98552-56700

ਚਾਰੇ ਪਾਸੇ ਕਾਵਾਂ ਰੌਲੀ ਧਰਮਾਂ ਦੀ,
ਅੰਧ ਵਿਸ਼ਵਾਸ ਨੇ ਪਾਇਆ ਹਨੇਰ।
ਆਖਰ ਜੋਤ ਵਿਗਿਆਨ ਦੀ ਜਗਣੀ,
ਫਿਰ ਆਊ ਸੋਨੇ ਦੀ ਸਵੇਰ।

ਗੁਰਮੀਤ ਕੋਟ ਫੱਤਾ
94174-64347

ਠੋਕਰਾਂ ਨਾਲ ਵਾਹ ਨਾ ਹੋਵੇ, ਦੋਸਤੋ ਮੁਮਕਿਨ ਨਹੀਂ,
ਮੈਂ ਤੁਰਾਂ ਤੇ ਰਾਹ ਨਾ ਹੋਵੇ, ਦੋਸਤੋ ਮੁਮਕਿਨ ਨਹੀਂ।

ਮੁਖਾਲਿਫ਼ ਹਵਾਓਂ ਸੇ ਨਾ ਡਰ ਐ ਉਕਾਬ,
ਯੇ ਚਲਤੀ ਹੈ ਤੁਝੇ ਊਂਚਾ ਉਡਾਨੇ ਕੇ ਲੀਏ।

ਡਾ. ਇਕਬਾਲ
(ਦੀਪਕ ਸੋਨੀ)
95170-88111

ਇੱਕੋ ਈ ਸਿੱਕੇ ਦੇ ਦੋ ਪਹਿਲੂ,
ਬਾਬਾ, ਲੀਡਰ 'ਕੱਠਾ ਖੇਲੂ।
ਇੱਕੋ ਈ ਮਾਂ ਦੇ ਦੋਵੇਂ ਜਾਏ,
ਇੱਕ ਹੈ ਰੇਲੂ, ਇੱਕ ਹੈ ਤੇਲੂ।

ਮਲਕੀਅਤ ਸੁਹਲ
98728-48610

ਹੈ ਤਰਸ਼ੂਲ ਤੋਂ ਖ਼ਤਰਾ, ਹੈ ਤਲਵਾਰ ਤੋਂ ਖ਼ਤਰਾ,
ਹੱਥ ਆਈ ਜਿੰਨ੍ਹਾਂ ਦੇ ਉਨ੍ਹਾਂ ਦੇ ਹੰਕਾਰ ਤੋਂ ਖ਼ਤਰਾ।

ਹਰਚੰਦ ਸਿੰਘ ਬਾਸੀ
(ਬਰਮਟਨ)

ਸਬਰ ਸੰਤੋਖ ਤੇ ਸਮਤੋਲ ਨਾਲ ਜੋ ਕਦਮ ਨੇ ਪੁੱਟਦੇ
ਉਹ ਮੰਜ਼ਿਲ ਪਾ ਹੀ ਲੈਂਦੇਂ ਨੇ ਸਦਾ ਪਛਤਾਉਣ ਤੋਂ ਪਹਿਲਾਂ।


ਰਿਸ਼ੀ ਚਿੱਤਰਕਾਰ

ਦੂਰ ਮੰਜ਼ਿਲ ਪਹੁੰਚਣਾ, ਚਲਦੇ ਰਹੋ।
ਜ਼ਿੰਦਗੀ ਹੈ ਚੱਲਣਾ, ਚਲਦੇ ਰਹੋ।
ਫਿਰਕਿਆਂ ਦੀ ਕੈਦ 'ਚੋਂ ਹੋ ਕੇ ਬਰੀ,
ਤੋੜ ਕੇ ਦਰ ਵਲਗਣਾਂ, ਚਲਦੇ ਰਹੋ।

ਕਰਮ ਸਿੰਘ ਜ਼ਖ਼ਮੀ
98885-28027

ਹਨ੍ਹੇਰੀਆਂ ਆਉਣ ਚਾਹੇ ਲੱਖ ਵਾਰੀ,
ਤੂੰ ਦੀਵਾ ਬਾਲ ਕੇ ਰੱਖੀਂ।
ਚੱਟਾਨਾਂ ਵੀ ਤੇਰੇ ਨਾਲ ਟਕਰਾਉਣ,
ਤੂੰ ਦੀਵਾ ਬਾਲ ਕੇ ਰੱਖੀਂ।


ਪ੍ਰੋ. ਕੁਲਜੀਤ
(ਕੇ.ਸੀ.ਰੁਪਾਣਾ)
98557-15777



ਬ੍ਰਹਿਮੰਡ ਯਾਤਰਾ-ਕੁਦਰਤ ਦੇ ਭੇਤਾਂ ਦੀ ਗੱਲ

ਡਾ. ਅਵਤਾਰ ਸਿੰਘ ਢੀਂਡਸਾ





ਦੋਸਤੋ, ਮੰਗਲ ਉਪਰ ਘੁੰਮਣ ਫਿਰਨ ਤੋਂ ਬਾਅਦ ਅਸੀਂ ਜਾਣ ਚੁੱਕੇ ਹਾਂ ਕਿ ਮੰਗਲ ਦੀ ਸੂਰਜ ਦੁਆਲੇ (ਉਸਦੇ ਗ੍ਰਹਿ ਪੰਧ ਉਪਰ) ਕੋਈ ਵੀ ਸਥਿਤੀ, ਸਾਡੇ ਵਿਚੋਂ ਕਿਸੇ ਉਪਰ ਵੀ ਚੰਗਾ ਜਾਂ ਮਾੜਾ ਪ੍ਰਭਾਵ ਨਹੀਂ ਪਾਉਂਦੀ ਸੋ ਮੰਗਲੀਕ ਹੋਣ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਪਰ ਦੋਸਤੋ ਅੱਜ ਮੈਂ ਤੁਹਾਨੂੰ ਅਜਿਹੀ ਥਾਂ ਉਪਰ ਲੈ ਕੇ ਚੱਲਿਆ ਹਾਂ ਜਿਸ ਬਾਰੇ ਸਾਰੇ ਜੋਤਿਸ਼ੀ ਅਤੇ ਜੋਤਿਸ਼ ਦੀਆਂ ਕਿਤਾਬਾਂ ਚੁੱਪ ਧਾਰੀ ਬੈਠੀਆਂ ਹਨ। ਚਲੋ ਲੈਂਦੇ ਹਾਂ ਮੰਗਲ ਗ੍ਰਹਿ ਤੋਂ ਵਿਦਾਇਗੀ ਅਤੇ ਚਾਲੇ ਪਾਉਂਦੇ ਹਾਂ ਬ੍ਰਿਹਸਪਤੀ ਗ੍ਰਹਿ ਵੱਲ। ਪਰ ਇਹ ਰਸਤੇ ਵਿੱਚ ਨਜ਼ਰ ਆਉਂਦੇ ਨਿੱਕੇ ਨਿੱਕੇ ਅਨੇਕਾਂ ਤਾਰੇ ਜਿਹੇ ਕੀ ਨਜ਼ਰ ਆ ਰਹੇ ਨੇ। ਹਾਂ ਯਾਦ ਆਇਆ .. ਮੰਗਲ ਅਤੇ ਬ੍ਰਿਹਸਪਤੀ ਦੇ ਲੱਗਭੱਗ ਵਿਚਕਾਰ ਆਉਂਦੀ ਹੈ ਐਸਟਰੋਇਡ ਪੱਟੀ।

ਸਾਥੀਓ, ਇਹ ਪੱਟੀ ਸੂਰਜ ਤੋਂ 2 ਤੋਂ ਲੈ ਕੇ 4 ਬ੍ਰਹਿਮੰਡੀ ਇਕਾਈਆਂ(AU) ਭਾਵ 300ਮਿਲੀਅਨ ਕਿਲੋਮੀਟਰ ਤੋਂ 600ਮਿਲੀਅਨ ਕਿਲੋਮੀਟਰ ਤੱਕ ਫੈਲੀ ਹੋਈ ਹੈ। ਇਸ ਪੱਟੀ ਦੀ ਹੋਂਦ ਬਾਰੇ ਸੰਨ 1596 ਵਿੱਚ ਜੋਹਨਜ ਕੈਪਲਰ ਨੇ ਗ੍ਰਹਿਆਂ ਦੇ ਗ੍ਰਹਿ ਪੰਧਾਂ ਦੀ ਗਿਣਤੀ ਮਿਣਤੀ ਕਰਦਿਆਂ ਇਹ ਪਤਾ ਲਗਾਇਆ ਸੀ ਕਿ ਮੰਗਲ ਅਤੇ ਬ੍ਰਿਹਸਪਤੀ ਵਿਚਕਾਰ ਇੱਕ ਗ੍ਰਹਿ ਹੋਣਾ ਚਾਹੀਦਾ ਹੈ। ਪ੍ਰੰਤੂ 18ਵੀਂ ਸਦੀ ਦੇ ਜਰਮਨ ਤਾਰਾ ਵਿਗਿਆਨੀ 'ਜੋਹਾਨਨ ਬੋਡੇ'(1747-1826) ਅਤੇ 'ਜੋਹਾਨਨ ਟਿਟੀਅਸ'(1729-1796) ਇਕ ਫਾਰਮੂਲੇ ਤਹਿਤ ਇਹ ਸਾਬਤ ਕਰ ਦਿੱਤਾ ਕਿ ਮੰਗਲ ਅਤੇ ਬ੍ਰਿਹਸਪਤੀ ਵਿਚਕਾਰ ਇੱਕ ਗ੍ਰਹਿ ਜਰੂਰ ਹੋਣਾ ਚਾਹੀਦਾ ਹੈ।




ਆਓ, ਇਹ "ਟਿਟੀਅਸ-ਬੋਡੇ" ਫਾਰਮੂਲਾ ਤੁਸੀਂ ਵੀ ਨੋਟ ਕਰ ਲਓ ਗ੍ਰਹਿਆਂ ਦੇ ਗ੍ਰਹਿ ਪੰਧ ਦੇ ਨੰਬਰ 1, 2, 3, 4, 5, 6, 7, 8, 9, 10, ਨੂੰ ਨਵੀਂ ਗਿਣਤੀ 0, 3, 6, 12, 24, 48, 96, 192, 384, 768 ਦੇ ਦਿਓ. ਫਿਰ ਹਰੇਕ ਨਵੇਂ ਅਲਾਟ ਕੀਤੇ ਨੰਬਰ ਵਿੱਚ 4 ਜੋੜਦੇ ਜਾਓ .. ਤੁਹਾਨੂੰ ਨਵੇਂ ਨੰਬਰ ਮਿਲਣਗੇ 4, 7, 10, 16, 28, 52, 100, 196, 388, 772. ਹੁਣ ਹਰੇਕ ਨੂੰ 10 ਨਾਲ ਵੰਡ ਦਿਓ, ਨਵੇਂ ਨੰਬਰ ਬਣ ਜਾਣਗੇ 0.4, 0.7, 1, 1.6, 2.8, 5.2, 10, 19.6, 38.8, 77.2. ਇਹ ਨੰਬਰ ਸਾਨੂੰ ਦਸਦੇ ਹਨ ਕਿ ਸੂਰਜ ਦੁਆਲੇ ਘੁੰਮਣ ਵਾਲੇ ਗ੍ਰਹਿ ਸੂਰਜ ਤੋਂ ਕਿੰਨੀ ਕਿੰਨੀ ਦੂਰੀ ਉਪਰ ਹੋਣੇ ਚਾਹੀਦੇ ਹਨ । ਭਾਵ ਸੂਰਜ ਤੋਂ ਧਰਤੀ ਦੀ ਦੂਰੀ ਨੂੰ 1 ਬ੍ਰਹਿਮੰਡੀ ਇਕਾਈ (AU) ਮੰਨਿਆ ਜਾਂਦਾ ਹੈ ਜਿਹੜੀ ਕਿ ਸੂਰਜ ਤੋਂ ਤੀਜੀ ਪੁਜੀਸ਼ਨ ਉਪਰ ਸੂਰਜ ਦੁਆਲੇ ਚੱਕਰ ਕੱਢਦੀ ਹੈ ਅਤੇ "ਬੋਡੇ ਟਿਟੀਅਸ ਫਾਰਮੂਲੇ" ਅਨੁਸਾਰ ਇਹ ਤੀਜੇ ਨੰਬਰ (1) ਉਪਰ ਹੀ ਆਉਂਦੀ ਹੈ।ਇੰਝ ਸਾਰੇ ਗ੍ਰਹਿਆਂ ਦੀਆਂ ਦੂਰੀਆਂ ਬਨਦੀਆਂ ਹਨ ਬੁੱਧ=0.4 AU, ਸ਼ੁੱਕਰ=0.7 AU, ਧਰਤੀ=1 AU, ਮੰਗਲ=1.6 AU, ਖਾਲੀ ਸਥਾਨ=2.8 AU, ਬ੍ਰਿਹਸਪਤੀ=5.2 AU, ਸ਼ਨੀ=10 AU, ਯੂਰੇਨਸ=19.6 AU, ਨੈਪਚੂਨ=38.8 AU, ਪਲੂਟੋ=77.2 AU। ਗਣਨਾ ਕੀਤੀਆਂ ਇਹ ਦੂਰੀਆਂ ਅਸਲ ਦੂਰੀਆਂ ਦੇ



ਲੱਗਭੱਗ ਬਰਾਬਰ ਹਨ।

ਖਾਲੀ ਸਥਾਨ ਤੋਂ ਭਾਵ ਹੈ ਕਿ ਬੁੱਧ ਤੋਂ ਸ਼ਨੀ ਗ੍ਰਹਿ ਤੱਕ 5 ਗ੍ਰਹਿ ਤਾਂ ਰਾਤ ਸਮੇਂ ਬਿਨਾਂ ਦੂਰਬੀਨ ਤੋਂ ਹੀ ਨਜ਼ਰ ਆ ਜਾਂਦੇ ਹਨ ਪਰ ਫਾਰਮੂਲੇ ਅਨੁਸਾਰ ਧਰਤੀ ਤੋਂ ਬਿਨਾਂ 6 ਹੋਣੇ ਚਾਹੀਦੇ ਸਨ। ਇੰਝ 'ਬੋਡੇ ਅਤੇ ਟਿਟੀਅਸ' ਨੇ ਮੰਗਲ ਅਤੇ ਬ੍ਰਹਿਸਪਤੀ ਦੇ ਵਿਚਕਾਰ ਇੱਕ ਹੋਰ ਗ੍ਰਹਿ ਦੀ ਹੋਂਦ ਦੀ ਸੰਭਾਵਨਾ ਨੂੰ ਖੋਜਿਆ।ਪਰ ਇਹ ਖੋਜ ਸਿਰਫ ਇੱਕ ਬੁਝਾਰਤ ਹੀ ਬਣੀ ਰਹੀ।ਸਾਲ 1800 ਵਿਚ 25 ਤਾਰਾ ਵਿਗਿਆਨੀਆਂ ਨੇ ਇੱਕ ਟੀਮ ਬਣਾ ਕੇ ਇਸ ਗ੍ਰਹਿ ਦੀ ਖੋਜ ਸੁਰੂ ਕਰ ਦਿੱਤੀ ।ਪਰ 1801 ਵਿੱਚ ਇਟਲੀ ਦੇ 'ਗੀਅਸਪੇ ਪਿਆਜ਼ੀ' ਜੋ ਇਸ ਟੀਮ ਦੇ ਮੈਂਬਰ ਨਹੀਂ ਸਨ, ਨੇ 'ਸੀਰੇਸ' ਨਾਮੀ ਗ੍ਰਹਿ ਨੂੰ ਮੰਗਲ ਅਤੇ ਬ੍ਰਹਿਸਪਤੀ ਦੇ ਵਿਚਕਾਰ ਲੱਭ ਲਿਆ ਅਤੇ ਇਸਦੀ ਦੂਰੀ ਮਾਪੀ ਗਈ 2.77 AU ਦੇ ਲੱਗਭੱਗ। ਜਿਹੜੀ ਕਿ ਖਾਲੀ ਸਥਾਨ ਦੀ ਦੂਰੀ 2.8 AU ਦੇ ਬਹੁਤ ਹੀ ਨਜ਼ਦੀਕ ਹੈ।ਪਰ 1 ਸਾਲ ਦੇ ਵਿਚ ਵਿਚ ਹੀ ਇੰਨੀ ਹੀ ਦੂਰੀ ਦੇ ਲੱਗਭੱਗ ਇੱਕ ਹੋਰ ਬ੍ਰਹਿਮੰਡੀ ਪਿੰਡ "ਪੱਲਾਜ" ਦੀ ਖੋਜ਼ ਹੋ ਗਈ। ਸੰਨ 1807 ਵਿੱਚ ਤੀਜੇ ਬ੍ਰਹਿਮੰਡੀ-ਪਿੰਡ "ਵੈਸਟਾ" ਨੂੰ ਖੋਜ਼ ਲਿਆ ਗਿਆ। ਸੰਨ 1900 ਤੱਕ ਇਹਨਾਂ ਦੀ ਗਿਣਤੀ 100 ਹੋ ਗਈ।ਹੁਣ ਵਿਗਿਆਨੀਆਂ ਨੂੰ ਸਮਝ ਆ ਗਈ ਕਿ ਇਹਨਾਂ ਦੇ ਛੋਟੇ ਅਕਾਰਾਂ ਅਤੇ ਜਿਆਦਾ ਗਿਣਤੀ ਕਾਰਨ ਇਹਨਾਂ ਨੂੰ ਗ੍ਰਹਿ ਮੰਨਣਾ ਗਲਤ ਹੈ ਸਗੋਂ ਇਹਨਾਂ ਨੂੰ ਨਵਾਂ ਨਾਂ " ਐਸਟਰੋਆਇਡ" ਦਿੱਤਾ ਗਿਆ ਅਤੇ ਇਹ ਸਾਰੇ ਇੱਕ ਪੱਟੀ ਦੇ ਰੂਪ ਵਿੱਚ ਸੂਰਜ ਦੁਆਲੇ ਚੱਕਰ ਲਗਾਉਂਦੇ ਹਨ।

ਪਰ ਜੋਤਿਸ਼ ਇਸ ਸਭ ਕੁੱਝ ਬਾਰੇ ਚੁੱਪ ਹੈ? ਸ਼ਾਇਦ ਇਸ ਕਰਕੇ ਕਿ ਜੋਤਿਸ਼ ਅੱਜ ਤੋਂ ਹਜ਼ਾਰਾਂ ਸਾਲ ਪਹਿਲਾਂ ਕਮਾਈ ਦੇ ਸਾਧਨ ਵਜੋਂ ਰਚਿਆ ਗਿਆ ਤੀਰ ਤੁੱਕਿਆਂ ਦਾ ਪੁਲੰਦਾ ਹੈ। ਭਾਵ ਆਮ ਭੋਲ਼ੀ ਭਾਲ਼ੀ ਜਨਤਾ ਨੂੰ ਲੱਟਣ ਦੀ ਇੱਕ ਲਿਖਤ ਕਿਤਾਬ --- ਜਿਸਨੂੰ ਸਹੀ ਠਹਿਰਾਉਣ ਲਈ ਇਸਨੂੰ ਬੜੀ ਚਲਾਕੀ ਭਰਿਆ ਨਾਮ ਦੇ ਦਿੱਤਾ ਗਿਆ --- ਵੇਦਾਂਗ-ਜੋਤਿਸ਼ ।ਮਤਲਬ ਪਹਿਲਾਂ ਰਚੇ ਗਏ ਵੇਦਾਂ ਦਾ ਅੰਗ।ਬੱਸ ਉਸ ਦਿਨ ਤੋਂ ਅੱਜ ਤੱਕ ਲੁੱਟ ਦਾ ਇਹ ਸਿਲਸਿਲਾ ਜਾਰੀ ਹੈ। ਜੇ ਜੋਤਿਸ਼ ਵਿਗਿਆਨ ਹੁੰਦਾ ਤਾਂ ਅੱਜ ਸਾਡੀ ਇਸ "ਐਸਟਰੋਆਇਡ ਪੱਟੀ" ਦੇ ਹਜ਼ਾਰਾਂ ਨਿੱਕੇ ਨਿੱਕੇ ਗ੍ਰਹਿਆਂ ਦਾ ਅਸਰ ਵੀ ਜਰੂਰ ਸ਼ਾਮਲ ਹੁੰਦਾ ਇਸ ਅਖੌਤੀ ਜੋਤਿਸ਼-ਵਿਗਿਆਨ ਵਿੱਚ।



ਚਲੋ ਛੱਡੋ ਇਹਨਾਂ ਦਾ ਖਹਿੜਾ ਅਸੀਂ ਕਿਧਰੇ ਲੇਟ ਨਾ ਹੋ ਜਾਈਏ ਆਪਣੀ "ਐਸਟਰੋਆਇਡ ਪੱਟੀ" ਵਾਲੀ ਯਾਤਰਾ ਤੋਂ। ਸਾਥੀਓ, ਆਓ ਇਸਦੇ ਹੋਰ ਨੇੜੇ ਹੋ ਕੇ ਇਸ ਸੁੰਦਰ ਨਜ਼ਾਰੇ ਨੂੰ ਵੇਖੀਏ।ਔਹ ਵੇਖੋ, ਲੱਖਾਂ ਹੀ ਉਘੜ-ਦੁਗੜੇ ਅਕਾਰ ਦੇ ਪੱਥਰ ਦੇ ਟੁਕੜਿਆਂ ਵਿਚਕਾਰ ਇਕ ਗੋਲ ਅਕਾਰ ਦੀ ਗੇਂਦ ਵੀ ਨਜ਼ਰ ਆਉਂਦੀ ਹੈ। ਇਸਦਾ ਨਾਮ ਹੈ "ਸੀਰੇਸ"। ਸਾਰੀ "ਐਸਟਰੋਆਇਡ ਪੱਟੀ" ਵਿਚੋਂ "ਸੀਰੇਸ" ਹੀ ਸਭ ਤੋਂ ਵੱਡਾ ਹੈ ।ਇਸਦਾ ਵਿਆਸ 957 ਕਿਲੋਮੀਟਰ ਦੇ ਲੱਗਭੱਗ ਹੈ ਭਾਵ ਅੰਮ੍ਰਿਤਸਰ ਸ਼ਹਿਰ ਤੋਂ ਚੱਲ ਕੇ ਦਿੱਲੀ ਹੁੰਦੇ ਹੋਏ ਮੱਧ ਪ੍ਰਦੇਸ ਦੇ ਜਬਲਪੁਰ ਸਹਿਰ ਤੱਕ ਦੇ ਅਕਾਰ ਦਾ ਹੈ ਸਾਡਾ ਇਹ "ਸੀਰੇਸ" ।ਇਸਦਾ ਪੁੰਜ ਐਸਟਰੋਆਇਡ ਪੱਟੀ" ਦੇ ਸਾਰੇ ਟੁੱਕੜਿਆਂ ਦਾ ਤੀਜਾ ਹਿੱਸਾ ਹੈ। ਇਸਦੇ ਅਕਾਰ ਬਾਰੇ ਪੁੱਛਦੇ ਹੋ.. "ਸੀਰੇਸ" ਪ੍ਰਿਥਵੀ ਦੇ ਉਪ-ਗ੍ਰਹਿ ਚੰਨ ਦੇ ਅਕਾਰ ਦਾ ਲੱਗਭੱਗ ਚੌਥਾ ਹਿੱਸਾ ਹੀ ਹੈ ।ਕਿਉਂਕਿ ਇਹ ਉਪ-ਗ੍ਰਹਿ ਤੋਂ ਵੀ ਛੋਟਾ ਹੈ ਇਸ ਲਈ ਇਹ ਗ੍ਰਹਿ ਤਾਂ ਨਹੀਂ ਹੋ ਸਕਦਾ ਪਰ ਸੂਰਜ ਦੁਆਲੇ ਘੁੰਮਦਾ ਹੋਣ ਕਾਰਨ ਪਦਵੀ ਗ੍ਰਹਿ ਵਾਲ਼ੀ ਹੀ ਹੈ।

ਦੁਨੀਆਂ ਭਰ ਦੀਆਂ ਜੰਤਰੀਆਂ "ਸੀਰੇਸ" ਗ੍ਰਹਿ ਦੇ ਪ੍ਰਭਾਵ ਬਾਰੇ ਚੁੱਪ ਹਨ . ਪਰੰਤੂ ਹਥਲੇ ਲੇਖ ਵਰਗੀਆਂ ਹੋਰ ਲਿਖਤਾਂ ਪੜ੍ਹ ਕੇ ਸ਼ਾਇਦ ਜੋਤਿਸ਼ੀ ਇੱਕ ਅੱਧੀ ਲਾਈਨ ਇਸ ਲਘੂ ਗ੍ਰਹਿ ਦੇ ਮਨੁੱਖਾਂ ਉਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਲਿਖ ਛੱਡਣ। ਇਥੇ ਹੀ ਬੱਸ ਨਹੀਂ "ਵੈਸਟਾ"(ਵਿਆਸ 512 ਕਿਲੋਮੀਟਰ), "ਪਲਾਜ"(ਵਿਆਸ 540ਕਿਲੋਮੀਟਰ), "ਹਾਈਜੈਆ" ਹੋਰ ਵੱਡੇ ਟੁਕੜੇ ਹਨ ਜਿਹਨਾਂ ਦਾ ਵਿਆਸ 240 ਕਿਲੋਮੀਟਰ ਦੇ ਬਰਾਬਰ ਹੈ।ਇਸ ਸਭ ਤੋਂ ਇਹ ਸਾਬਤ ਹੁੰਦਾ ਹੈ ਕਿ ਜੋਤਿਸ਼ ਦਾ ਅਖੌਤੀ ਵਿਗਿਆਨ ਤਾਂ ਤਾਰਾ-ਵਿਗਿਆਨ ਤੋਂ ਬਹੁਤ ਪਛੜ ਚੁੱਕਾ ਹੈ।

ਸਾਥੀਓ , ਤੁਹਾਡੇ ਮਨ ਵਿੱਚ ਇਹ ਪ੍ਰਸ਼ਨ ਜਰੂਰ ਉਠਦਾ ਹੋਵੇਗਾ ਕਿ ਸਾਰੀ "ਐਸਟਰੋਆਇਡ ਪੱਟੀ" ਦੇ ਪਿੰਡਾਂ

ਦਾ ਕੁੱਲ ਭਾਰ ਕਿੰਨਾ ਕੁ ਹੋਵੇਗਾ?ਲਓ ਨੋਟ ਕਰੋ, ਇਹਨਾਂ ਦਾ ਕੁੱਲ ਭਾਰ ਸਾਡੇ ਚੰਨ ਦੇ ਭਾਰ $7.347 x 10^{22}$ ਕਿਲੋਗ੍ਰਾਮ ਦਾ ਲੱਗਭੱਗ ਅੱਧਾ $3.673 x 10^{22}$ ਕਿਲੋਗ੍ਰਾਮ ਹੈ।ਸਵਾਲ ਉੱਠਦਾ ਹੈ ਫਿਰ ਇਹ ਸਾਰੇ ਟੁੱਕੜੇ ਇੱਕ ਗ੍ਰਹਿ ਦੇ ਰੂਪ ਵਿਚ ਇਕੱਠੇ ਕਿਉਂ ਨਹੀਂ ਹੋ ਸਕੇ, ਉੱਤਰ ਹੈ, ਬ੍ਰਹਿਸਪਤੀ ਗ੍ਰਹਿ ਦੀਆਂ ਗਰੂਤਾ ਤਰੰਗਾਂ। ਸਾਥੀਓ ਸਾਡੀ ਯਾਤਰਾ ਦੇ ਅਗਲੇ ਪੜਾਅ ਦੌਰਾਨ ਬ੍ਰਹਿਸਪਤੀ ਗ੍ਰਹਿ ਉੱਪਰ ਪਹੁੰਚ ਕੇ ਆਪਾਂ ਇਸ ਬਾਰੇ ਹੀ ਹੋਰ ਵੀ ਬਹੁਤ ਸਾਰੇ ਰੌਚਕ ਤੱਥਾਂ ਬਾਰੇ ਜਾਣਕਾਰੀ ਹਾਸਲ ਕਰਾਂਗੇ।ਇੱਕ ਥਿਊਰੀ ਅਨੁਸਾਰ "ਐਸਟਰੋਆਇਡ ਪੱਟੀ" ਦੇ ਪਿੰਡਾਂ ਦਾ ਪੁੰਜ ਇੰਨਾ ਜਿਆਦਾ ਸੀ ਕਿ ਸਾਡੀ ਪ੍ਰਿਥਵੀ ਵਰਗਾ ਇੱਕ ਹੋਰ ਗ੍ਰਹਿ ਬਣ ਸਕਦਾ ਸੀ ਪ੍ਰੰਤੂ ਬ੍ਰਹਿਸਪਤੀ ਦੀਆਂ ਗਰੂਤਾ ਤਰੰਗਾਂ ਨੇ ਨਾ ਸਿਰਫ ਇਸਦੀ ਗ੍ਰਹਿ ਬਣਨ ਦੀ ਪ੍ਰਕਿਰਿਆ ਨੂੰ ਪ੍ਰਭਾਵਤ ਕੀਤਾ ਸਗੋਂ ਇਸਦਾ ਬਹੁਤ ਸਾਰਾ ਮਲਬਾ ਆਪਣੇ ਵੱਲ ਖਿੱਚ ਕੇ ਆਪਣੇ ਵਿੱਚ ਹੀ ਸਮਾ ਲਿਆ ਅਤੇ ਬਾਕੀ ਟੁੱਕੜੇ ਵੀ ਗ੍ਰਹਿ ਦੀ ਸ਼ਕਲ ਅਖਤਿਆਰ ਨਹੀਂ ਕਰ ਸਕੇ।

ਸਾਥੀਓ, ਇਸ ਵਿਆਖਿਆ ਤੋਂ ਆਓ ਆਪਾਂ ਕੁੱਝ ਵਧੀਆ ਦਲੀਲ/ਤਰਕ ਉਪਰ ਵਿਚਾਰ ਕਰ ਲਈਏ। ਉਪਰੋਕਤ ਕਥਨ ਤੋਂ ਇਹ ਤਾਂ ਸਿੱਧ ਹੋ ਹੀ ਗਿਆ ਕਿ ਗ੍ਰਹਿ ਜਰੂਰ ਇੱਕ ਦੂਜੇ ਉੱਪਰ ਪ੍ਰਭਾਵ ਪਾਉਂਦੇ ਹਨ ।ਵਿਚਾਰਨ ਵਾਲੀ ਗੱਲ਼ ਇਹ ਹੈ ਕਿ ਇਹ ਪ੍ਰਭਾਵ ਸਿਰਫ ਕੁੱਝ ਦੂਰੀ ਤੱਕ ਹੀ ਸੀਮਤ ਹੈ ਜਿਵੇਂ ਬ੍ਰਹਿਸਪਤੀ ਦੇ ਘੇਰੇ ਵਿੱਚ "ਐਸਟਰੋਆਇਡ ਪੱਟੀ" ਆ ਗਈ ।ਇਸਨੇ ਆਪਣਾ ਜੋ ਅਸਰ ਦਿਖਾਇਆ ਉਹ ਆਪਣੇ ਸਾਹਮਣੇ ਹੈ।"ਐਸਟਰੋਆਇਡ ਪੱਟੀ" ਦੇ ਪਿੰਡਾਂ ਤੋਂ ਸਾਡੇ ਵੱਲ ਆਉਂਦੇ ਹੋਏ ਪਹਿਲਾਂ ਮੰਗਲ ਰਸਤੇ ਵਿੱਚ ਖੜਾ ਹੈ।ਬ੍ਰਹਿਸਪਤੀ ਦਾ ਮੰਗਲ ਉਪਰ ਕੋਈ ਪ੍ਰਭਾਵ ਨਹੀਂ ਕਿਉਂਕਿ ਦੂਰੀ ਵਧ ਗਈ। ਸਾਡੀ ਪ੍ਰਿਥਵੀ ਦੀ ਵਾਰੀ ਤਾਂ ਬਾਅਦ ਵਿੱਚ ਆਉਂਦੀ ਹੈ ਭਾਵ ਸਾਡੀ ਪ੍ਰਿਥਵੀ ਤਾਂ ਬ੍ਰਹਿਸਪਤੀ ਤੋਂ ਹੋਰ ਵੀ ਦੂਰ ਹੈ । ਫਿਰ ਇਸਦੇ ਪ੍ਰਭਾਵ ਬਾਰੇ ਤੁਸੀਂ ਆਪ ਹੀ ਅੰਦਾਜ਼ਾ ਲਾ ਲਵੋ। ਹਾਂ ਜੇਕਰ ਪ੍ਰਭਾਵ ਪਿਆ ਹੁੰਦਾ ਤਾਂ "ਐਸਟਰੋਆਇਡ ਪੱਟੀ" ਦੇ ਪਿੰਡਾਂ ਵਾਂਗ ਸਾਡੀ ਪ੍ਰਿਥਵੀ ਵੀ ਛੋਟੇ ਛੋਟੇ ਟੁੱਕੜਿਆਂ ਵਿੱਚ ਖਿੰਡੀ-ਪੁੰਡੀ ਹੁੰਦੀ ਅਤੇ ਇਸ ਉਪਰ ਕੋਈ ਜੀਵਨ ਵੀ ਨਾ ਹੁੰਦਾ ।ਹੁਣ ਜਦੋਂ ਸਭ ਕੁੱਝ ਸਹੀ ਸਲਾਮਤ ਹੈ। ਇਹ ਇਸ ਗੱਲ ਦਾ ਹੀ ਸਬੂਤ ਹੈ ਕਿ ਬ੍ਰਹਿਸਪਤੀ ਗ੍ਰਹਿ ਦਾ ਸਾਡੇ ਉਪਰ ਜਾਂ ਸਾਡੀ ਪ੍ਰਿਥਵੀ ਉੱਪਰ ਕੋਈ ਵੀ ਅਸਰ/ਪ੍ਰਭਾਵ ਨਹੀਂ ਹੈ।

ਸਾਥੀਓ, ਮੈਂ ਕਿਤੇ ਇਹ ਦੱਸਣਾ ਨਾ ਭੁੱਲ ਜਾਵਾਂ ਕਿ "ਐਸਟਰੋਆਇਡ ਪੱਟੀ" ਦੇ ਪਿੰਡ ਕਿਸ ਪਦਾਰਥ ਦੇ ਬਣੇ ਹੋਏ ਹਨ ਨੋਟ ਕਰੋ C - ਕਿਸਮ ਟੁੱਕੜੇ/ ਪਿੰਡ ਮੁੱਖ ਰੂਪ ਵਿਚ ਚਟਾਨ ਦੇ ਬਣੇ ਹੋਏ ਹਨ ਅਤੇ ਰੰਗ ਵਿੱਚ ਕਾਲੇ ਹਨ। S- ਕਿਸਮ ਦੇ ਪਿੰਡ ਪੱਥਰ ਦੇ ਬਣੇ ਹੋਏ ਹਨ। M ਕਿਸਮ ਦੇ ਪਿੰਡ ਨਿਕਲ ਅਤੇ ਲੋਹੇ ਵਰਗੀਆਂ ਧਾਤਾਂ ਦੇ ਬਣੇ ਹੋਏ ਹਨ। ਇੰਨ੍ਹਾਂ ਵਿੱਚ ਕੁੱਝ ਕਾਰਬਨ ਪਦਾਰਥ ਵੀ ਵਿੱਚ ਮੌਜੂਦ ਹਨ।ਕਈ ਦੁਰੇਡੇ ਟੁੱਕੜਿਆਂ ਉੱਪਰ ਬਰਫ ਵੀ ਜੰਮੀ ਹੋਈ ਹੈ। ਇਹਨਾਂ ਪਿੰਡਾਂ ਦੇ ਅਕਾਰਾਂ ਬਾਰੇ ਪੁਛਦੇ ਹੋ.. ਸਿਰਫ "ਸੀਰੇਸ" ਦਾ ਪੁੰਜ ਵੱਡਾ ਹੋਣ ਕਰਕੇ ਇਸਨੇ ਹੋਰ ਗ੍ਰਹਿਆਂ ਵਾਂਗ ਗੋਲ ਅਕਾਰ ਧਾਰਨ ਕਰ ਲਿਆ ਹੈ ਪਰ ਹੋਰ ਬਹੁਤੇ ਟੁੱਕੜੇ ਤਾਂ ਆਲੂਆਂ ਵਾਂਗ ਉੱਘੜ ਦੁਗੜੇ ਹੀ ਹਨ।

ਜਾਪਾਨੀ ਪੁਲਾੜੀ ਜਹਾਜ਼ " ਹਾਇਆਬੂਜ਼ਾ" ਸਾਲ 2006 ਵਿਚ ਇਹਨਾਂ ਵਿਚੋਂ ਹੀ ਇੱਕ ਟੁੱਕੜੇ ਉਪਰ ਪਹੁੰਚਿਆ ਅਤੇ ਸਾਲ 2010 ਵਿਚ ਇਸਦੇ ਕੁੱਝ ਨਮੂਨੇ ਲੈ ਕੇ ਵਾਪਸ ਆਇਆ.... ਖੋਜ ਜਾਰੀ ਹੈ। ਅਮਰੀਕੀ ਪੁਲਾੜ ਏਜੰਸੀ "ਨਾਸਾ" ਨੇ " ਡਾਨ" ਨਾਮ ਦਾ ਇੱਕ ਪੁਲਾੜੀ ਜਹਾਜ਼ "ਵੈਸਟਾ" ਵੱਲ ਭੇਜਿਆ ਸੀ ਜਿਹੜਾ ਸਾਲ 2011 ਵਿਚ ਉਸ ਦੇ ਨਜ਼ਦੀਕ ਪਹੁੰਚਿਆ... ਕੁੱਝ ਜਾਣਕਾਰੀ ਪ੍ਰਿਥਵੀ ਉਪਰ ਭੇਜੀ ਅਤੇ ਅੱਗੇ ਇਹ "ਸੀਰੇਸ" ਕੋਲ ਸਾਲ 2015 ਵਿੱਚ ਪਹੁੰਚ ਜਾਵੇਗਾ ਅਤੇ ਹੋਰ ਬਹੁਤ ਸਾਰੀ ਜਾਣਕਾਰੀ ਇਕੱਠੀ ਕਰਕੇ ਭੇਜੇਗਾ। ਸੰਨ 2006 ਵਿੱਚ ਅੰਤਰ-ਰਾਸ਼ਟਰੀ ਤਾਰਾ ਵਿਗਿਆਨੀਆਂ ਦੀ ਮੀਟਿੰਗ ਵਿੱਚ "ਸੀਰੇਸ਼" ਨੂੰ "ਲਘੂਗ੍ਰਹਿ" ਜਾਂ "ਬੌਨਾ ਗ੍ਰਹਿ" ਦੀ ਪਦਵੀ ਦੇ ਦਿੱਤੀ ਗਈ ਹੈ।

ਸਾਥੀਓ , ਅਸੀਂ ਇਹਨਾਂ ਚਟਾਨੀ ਟੁੱਕੜਿਆਂ ਵਿਚ ਘੁੰਮਦੇ ਘੁੰਮਦੇ ਕਿਧਰੇ ਇਸ ਗੱਲ ਨੂੰ ਨਾ ਭੁੱਲ ਜਾਈਏ ਕਿ "ਐਸਟਰੋਆਇਡ ਪੱਟੀ" ਦੇ ਪਿੰਡਾਂ ਦੀ ਖੋਜ ਵਿਚ ਕੀ ਸਾਡੇ ਭਾਰਤੀ ਵਿਗਿਆਨੀਆਂ ਨੇ ਵੀ ਕੁੱਝ ਯੋਗਦਾਨ ਪਾਇਆ ਹੈ ਕਿ ਨਹੀਂ? ਜਰੂਰ ਪਾਇਆ ਹੈ।ਸੰਨ 1861 -1885 ਤੱਕ "ਮਦਰਾਸ ਔਬਜ਼ਰਵੇਟਰੀ/ਨੀਝਸ਼ਾਲ਼ਾ" ਦੇ ਉਸ ਸਮੇਂ ਦੇ ਸਰਕਾਰੀ ਤਾਰਾ-ਵਿਗਿਆਨੀ "ਨੌਰਮਨ ਪੌਗਸਨ" ਨੇ 5 "ਐਸਟਰੋਆਇਡ ਪੱਟੀ" ਦੇ ਪਿੰਡਾਂ ਦੀ ਖੋਜ ਕੀਤੀ ਸੀ। ਫਿਰ ਭਾਰਤੀ ਤਾਰਾ-ਵਿਗਿਆਨੀਆਂ ਦੀ ਟੀਮ ਨੇ 17 ਫਰਵਰੀ 1988 ਨੂੰ ਆਰ. ਰਾਜਮੋਹਨ ਦੀ ਅਗਵਾਈ ਵਿਚ ਇੰਡੀਅਨ

ਇੰਸਟੀਚਿਊਟ ਆਫ ਐਸਟਰੋਫਿਜ਼ਿਕਸ ਵਿਖੇ "ਐਸਟਰੋਆਇਡ ਪੱਟੀ" ਦੇ ਭਾਰਤ ਵੱਲੋਂ ਪਹਿਲੇ ਪਿੰਡ ਦੀ ਖੋਜ ਕੀਤੀ ਗਈ ਸੀ।

ਸਾਥੀਓ, ਇਹਨਾਂ "ਐਸਟਰੋਆਇਡ ਪੱਟੀ" ਦੇ ਪਿੰਡਾਂ ਦੀ ਗਿਣਤੀ ਤਾਂ 5 ਲੱਖ ਤੋਂ ਵੀ ਜਿਆਦਾ ਹੈ। ਫਿਰ ਜੋਤਿਸ਼ ਦੀਆਂ ਜੰਤਰੀਆਂ ਅਤੇ ਜਨਮ ਕੁੰਡਲੀਆਂ ਕੀ ਕਰਨਗੀਆਂ.. ਅੰਦਾਜ਼ਾ ਤੁਸੀਂ ਆਪ ਹੀ ਲਗਾਉਂਦੇ ਰਹਿਣਾ । ਹਾਂ, ਤਾਰਾ-ਵਿਗਿਆਨੀਆਂ ਨੂੰ ਇਹਨਾਂ ਦੇ ਨਾਮ ਰੱਖਣ ਵਿਚ ਔਖ ਜਰੂਰ ਮਹਿਸੂਸ ਹੋਈ ਹੋਵੇਗੀ.. ਪਰ ਇਸਦਾ ਹੱਲ ਵੀ ਕੱਢ ਲਿਆ ਗਿਆ।

ਪਹਿਲਾਂ ਪਹਿਲ ਇਹਨਾਂ ਦੇ ਨਾਂ ਤਾਰਾ-ਵਿਗਿਆਨੀਆਂ ਦੇ ਨਾਮ 'ਤੇ ਰੱਖੇ ਗਏ.. ਫਿਰ ਵਿਗਿਆਨੀਆਂ, ਪੁਲਾੜ ਯਾਤਰੀਆਂ , ਮਹੱਤਵਪੂਰਨ ਖੋਜਾਂ, ਮਹੱਤਵਪੂਰਨ ਲੀਡਰਾਂ, ਸੰਗੀਤਕਾਰਾਂ, ਫਨਕਾਰਾਂ, ਫਿਲਮੀ ਹਸਤੀਆਂ, ਇਥੋਂ ਤੱਕ ਕਿ ਸੰਸਾਰ ਪੱਧਰ ਉਪਰ ਸਕੂਲੀ ਵਿਦਿਆਰਥੀਆਂ ਦੇ ਕਰਵਾਏ ਜਾਂਦੇ ਵਿਗਿਆਨ ਦੇ ਮੁਕਾਬਲਿਆਂ ਵਿਚੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਦੇ ਨਾਮਾਂ ਉਪਰ ਵੀ ਨਵੇਂ ਲੱਭੇ ਜਾਂਦੇ"ਐਸਟਰੋਆਇਡ ਪੱਟੀ" ਦੇ ਪਿੰਡਾਂ ਦਾ ਨਾਮ ਰੱਖਿਆ ਜਾਂਦਾ ਹੈ। ਇਹਨਾਂ ਵਿਚੋਂ ਕੁੱਝ ਦੇ ਨਾਂ ਭਾਰਤੀ ਤਾਰਾ ਵਿਗਿਆਨੀ ਵੇਨੂ-ਬਾਪੂ(2596), ਭੱਟਾਚਰੀਆ, ਰਾਮਾਨੁਜਨ, ਮਿਰਨਾਲਿਨੀ, ਗੋਕੂਮੈਨਨ, ਸਾਰਾਭਾਈ ਵਰਗੇ ਪ੍ਰਮੁੱਖ ਵਿਗਿਆਨੀਆਂ ਦੇ ਨਾਮਾਂ ਉਪਰ ਵੀ ਰੱਖੇ ਗਏ ਹਨ।ਸਾਲ 2002 ਵਿੱਚ ਭਾਰਤੀ ਮੂਲ ਦੇ ਅਮਰੀਕੀ ਸਕੂਲੀ ਵਿਦਿਆਰਥੀ ਜਿਹੜੇ "ਇਨਟੈਲ ਵਿਗਿਆਨ ਟੇਲੈਂਟ ਸਰਚ" ਮੁਕਾਬਲੇ ਵਿਚ ਸਾਰੀ ਦੁਨੀਆਂ ਵਿਚੋਂ ਅੱਵਲ ਰਹੇ ਮਾਣ ਵਜੋਂ ਉਹਨਾਂ ਦੇ ਨਾਵਾਂ ਉਪਰ ਵੀ "ਐਸਟਰੋਆਇਡ ਪੱਟੀ" ਦੇ ਪਿੰਡਾਂ ਦੇ ਨਾਂ ਰੱਖੇ ਗਏ-ਜਿਵੇਂ ਅਹਿਮਦ(16113) ਵਿਦਿਆਰਥੀ ਦਾ ਨਾਂ ਤਾਹਿਰ ਅਹਿਮਦ, ਵੈਨਕਟਾਚਲਮ(16214) ਵਿਦਿਆਰਥੀ ਦਾ ਪੂਰਾ ਨਾਂ ਵਿਵੇਕ ਵੈਨਕਟਾਚਲਮ, ਵੈਂਕਟਾਰਮਨ (16215) ਵਿਦਿਆਰਥੀ ਦਾ ਪੂਰਾ ਨਾਂ ਧੀਰਾ ਵੈਂਕਟਾਰਮਨ ਅਤੇ ਅਗਰਵਾਲ (27072) ਵਿਦਿਆਰਥੀ ਦਾ ਪੂਰਾ ਨਾਂ ਅਮੋਲ ਅਗਰਵਾਲ ਅਤੇ ਚੰਦਰਨ(24121) ਵਿਦਿਆਰਥੀ ਦਾ ਪੂਰਾ ਨਾਂ ਅਸ਼ੋਕ ਚੰਦਰਨ।ਸਾਡੇ ਹੋਣਹਾਰ ਨਿਰੋਲ ਭਾਰਤੀ ਵਿਦਿਆਰਥੀ ਤੋਂ ਇਹ ਪੂਰਨ ਆਸ ਹੈ ਕਿ ਉਹ ਵੀ ਅਜਿਹੇ ਮੁਕਾਬਲੇ ਜਿੱਤ ਕੇ ਜਰੂਰ ਆਪਣਾ ਨਾਂ ਦੁਨੀਆ ਵਿਚ ਚਮਕਾਉਣਗੇ।

ਸਾਥੀਓ , ਜੇਕਰ ਅਸੀਂ ਇਸ "ਐਸਟਰੋਇਡ ਪੱਟੀ" ਦੇ 5 ਲੱਖ ਤੋਂ ਵੀ ਜਿਆਦਾ ਪਿੰਡਾਂ ਵਿਚੋਂ ਇਕੱਲੇ ਇਕੱਲੇ ਪਿੰਡ ਉਪਰ ਪਹੁੰਚ ਕੇ ਉਸ ਬਾਰੇ ਜਾਣਕਾਰੀ ਇਕੱਠੀ ਕਰਦੇ ਰਹੇ ਤਾਂ ਅੰਦਾਜ਼ਾ ਲਗਾਓ ਕਿ ਸਾਨੂੰ ਹੋਰ ਕਿੰਨੇ ਸਾਲ ਲੰਘ ਜਾਣਗੇ ਇਥੇ ਹੀ ਘੁੰਮਦਿਆਂ... ਯਾਤਰਾ ਜਾਰੀ ਹੈ... ਜਰਾ ਕੁ ਔਹ ਸਾਹਮਣੇ ਵੇਖੋ ਬਹੁਤ ਹੀ ਸੁੰਦਰ ਅਤੇ ਆਕਰਸ਼ਕ ਗੈਸੀ ਦਾਨਵ। ਬ੍ਰਹਿਸਪਤੀ ਆਪਣੇ ਰਾਹ ਉਪਰ ਅੱਗੇ ਵਧ ਰਿਹਾ ਸਾਡੀ ਇੰਤਜ਼ਾਰ ਕਰ ਰਿਹਾ ਹੈ ਬੱਸ ਮੇਰੇ ਨਾਲ ਯਾਤਰੀ ਬਣੇ ਰਹਿਣਾ.

(ਚਲਦਾ)

94634-89789

ਰਾਜਨੀਤੀ ਦਾ ਹਮਾਮ

ਰਾਜਨੀਤੀ ਦੇ ਇਸ ਹਮਾਮ ਅੰਦਰ
ਜਿਹੜਾ ਵੜ ਗਿਆ ਨੰਗਾ ਹੋ ਜਾਂਦੈ।
ਭੇਖ ਧਾਰਨੇ, ਬਦਲਣੀ ਜੀਭ ਕਿਵੇਂ,
ਬੰਦਾ ਪੂਰਾ ਸਤਰੰਗਾ ਹੋ ਜਾਂਦੈ।



ਜਿੰਡਾ ਮਰਜੀ ਰਿਹਾ ਬਦਮਾਸ਼ ਹੋਵੇ,
ਲੋਕ ਸੇਵਕ ਤੇ ਚੰਗਾ ਹੋ ਜਾਂਦੈ।
ਸੱਚੀ-ਮੁੱਚੀ ਦਾ ਅਗਰ ਸ਼ਰੀਫ ਹੋਵੇ,
ਉਹਦਾ ਲਾਜਮੀ ਕੰਘਾ ਹੋ ਜਾਂਦੈ।
ਗੰਜ ਕਾਰੂੰ ਦੇ ਅੱਜ ਦੀ ਰਾਜਨੀਤੀ,
ਕੀਤੀ ਜਿਸ ਨੇ ਕੁਲਾਂ ਨੂੰ ਤਾਰ ਜਾਂਦੇ।
ਸਾਮ-ਦਾਮ, ਦੰਡ-ਭੇਦ ਜੋ ਜਾਣਦਾ ਏ,
'ਉਹੀ ਏਸ ਝਨਾਂ ਵਿੱਚੋਂ ਪਾਰ ਜਾਂਦੈ।

ਰਾਮ ਸਿੰਘ ਨਿਰਮਾਣ

ਸੁਬ੍ਹਾ ਹੋ ਕੇ ਰਹੇਗੀ,
ਚਾਹੇ ਉਸਦੀ ਰਾਹ ਵਿੱਚ ਹਰ ਪਾਸੇ
ਲਟ-ਲਟ ਬਲ ਰਹੇ
ਅੰਗਾਰ ਲੈ ਕੇ ਰਾਤ ਬੈਠੀ ਹੈ।
ਸੋਮ ਦੱਤ, ਦਿਲਗੀਰ

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



ਸੁਆਲ :- ਇਹ ਆਮ ਧਾਰਣਾ ਹੈ ਕਿ ਨਸ਼ਿਆਂ ਵਿੱਚ ਵੀ ਕੁਝ ਬਿਮਾਰੀਆਂ ਨੂੰ ਠੀਕ ਕਰਨ ਦੇ ਗੁਣ ਹੁੰਦੇ ਹਨ, ਜਿਵੇਂ ਕਿ ਅਫੀਮ, ਅਧਰੰਗ ਦਾ ਦੌਰਾ ਰੋਕ ਸਕਦੀ ਹੈ ਆਦਿ। ਜਾਂ ਇਹ ਕਿ ਸ਼ਰਾਬ ਦੇ ਵਿੱਚ ਵੀ ਕੁੱਝ ਗੁਣ ਹੁੰਦੇ ਹਨ ਆਦਿ। ਕੀ ਇਹ ਧਾਰਨਾਵਾਂ ਕੁਝ ਹੱਦ ਤੱਕ ਸਹੀ ਹਨ ਜਾਂ ਨਹੀਂ, ਇਸ ਪੱਖ ਤੇ ਚਾਨਣਾ ਪਾਓ?

ਜੁਆਬ:-ਸਮਾਜ ਦੇ ਵੱਖ ਵੱਖ ਵਰਗਾਂ ਵਿੱਚ ਨਸ਼ਿਆਂ ਬਾਰੇ ਵੱਖ ਵੱਖ ਰਾਏ ਵੇਖਣ ਨੂੰ ਮਿਲਦੀ ਹੈ। ਆਮ ਲੋਕਾਂ ਵਿੱਚ ਹੀ ਨਹੀਂ ਬਲਕਿ ਕਈ ਪੜ੍ਹਿਆਂ ਲਿਖਿਆਂ ਵਿੱਚ ਵੀ ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਕੁਝ ਨਸ਼ੇ ਸਰੀਰ ਲਈ ਲਾਭਦਾਇਕ ਹੋ ਸਕਦੇ ਹਨ। ਆਉ ਆਪਾਂ ਇਹਨਾਂ ਆਮ ਪਾਈਆਂ ਜਾਣ ਵਾਲੀਆਂ ਅਫਵਾਹਾਂ ਜਾਂ ਗਲਤ ਧਾਰਣਾਵਾਂ ਬਾਰੇ ਵਿਚਾਰ ਕਰੀਏ।

ਅਫੀਮ ਅਤੇ ਭੁੱਕੀ ਆਦਿ (Opioids): ਪੇਂਡੂ ਲੋਕਾਂ ਵਿੱਚ ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਘਰ ਵਿੱਚ ਅਫੀਮ ਜ਼ਰੂਰ ਰੱਖਣੀ ਚਾਹੀਦੀ ਹੈ। ਲੋਕਾਂ ਦੀ ਗਲਤ ਫਹਿਮੀ ਹੈ ਕਿ ਅਧਰੰਗ ਦਾ ਅਟੈਕ (Brain Stroke) ਅਫੀਮ ਘੋਲ ਕੇ ਦੇਣ ਨਾਲ ਠੀਕ ਹੋ ਜਾਂਦਾ ਹੈ। ਲੋਕਾਂ ਦਾ ਇਹ ਵੀ ਵਿਚਾਰ ਹੈ ਕਿ ਹਾਰਟ-ਅਟੈਕ ਹੋਣ ਤੇ ਅਫੀਮ ਦੇਣ ਨਾਲ ਫਾਇਦਾ ਹੁੰਦਾ ਹੈ। ਅਸਲੀਅਤ ਇਹ ਹੈ ਕਿ ਅਫੀਮ ਜਾਂ ਭੁੱਕੀ ਆਦਿ ਕਿਸੇ ਵੀ ਨਸ਼ੇ ਵਿੱਚ ਅਜੇਹੇ ਕੋਈ ਗੁਣ ਨਹੀਂ ਹਨ। ਕਿਉਂਕਿ ਇਨ੍ਹਾਂ ਨਸ਼ਿਆਂ ਵਿੱਚ ਬਹੁਤ ਤੇਜ਼ ਦਰਦ ਨਿਵਾਰਕ ਗੁਣ ਮੌਜੂਦ ਹਨ ਇਸ ਲਈ ਕਿਸੇ ਵੀ ਮਰੀਜ਼ ਨੂੰ ਅਫੀਮ ਦੇਣ ਨਾਲ ਕਿਸੇ ਵੀ ਬਿਮਾਰੀ ਦਾ ਦਰਦ ਹੋਵੇ (ਭਾਵੇਂ ਦਿਲ ਦੇ ਦੌਰੇ ਦਾ ਦਰਦ ਜਾਂ ਕਿਸੇ ਹੋਰ ਬਿਮਾਰੀ ਕਾਰਣ ਦਰਦ) ਇਕਦਮ ਕੁਝ ਸਮੇਂ ਲਈ ਘਟ ਜਾਂਦਾ ਹੈ ਜਾਂ ਠੀਕ ਹੋ ਜਾਂਦਾ ਹੈ ਪਰ ਇਸ ਨਾਲ ਇਸ ਦਰਦ ਦੇ ਕਾਰਣ ਵਾਲੀ ਬਿਮਾਰੀ ਨੂੰ ਕੋਈ ਲਾਭ ਨਹੀਂ ਹੁੰਦਾ ਸਗੋਂ ਵਿਅਕਤੀ ਅਵੇਸਲਾ ਹੋ ਕੇ ਬਿਮਾਰੀ ਦੇ ਸਹੀ ਇਲਾਜ ਕਰਵਾਉਣ ਵਿੱਚ ਅਣਗਹਿਲੀ ਕਰ ਸਕਦਾ ਹੈ ਅਤੇ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।

ਹੋਰ ਧਾਰਨਾ ਪ੍ਰਚਲਿਤ ਹੈ ਕਿ ਨਸ਼ਾ ਛੱਡਣ ਨਾਲ ਅਧਰੰਗ ਦਾ ਅਟੈਕ ਹੋਣ ਦਾ ਖਤਰਾ ਹੁੰਦਾ ਹੈ, ਪਾਸਾ ਮਰਨ ਦਾ ਖਤਰਾ ਰਹਿੰਦਾ ਹੈ ਜਾਂ ਮੌਤ ਦਾ ਖਤਰਾ ਹੁੰਦਾ ਹੈ ਆਦਿ। ਇਹ ਸਾਰੀਆਂ ਗਲਤ ਧਾਰਨਾਵਾਂ ਹਨ ਅਤੇ ਜ਼ਿਆਦਾਤਰ ਨਸ਼ਾ ਨਾ ਛੱਡਣ ਦੇ ਮਨਸ਼ੇ ਕਾਰਨ ਫੈਲਾਈਆਂ ਜਾਂਦੀਆਂ ਹਨ। ਨਸ਼ੇ ਦੇ ਵਪਾਰੀ ਜਾਂ ਨਸ਼ਾ ਵੇਚਣ ਵਾਲੇ ਲੋਕ ਵੀ ਲੋਕਾਂ ਨੂੰ ਅਜਿਹੀਆਂ ਗੁਮਰਾਹ ਕਰਨ ਵਾਲੀਆਂ ਅਫਵਾਹਾਂ ਫੈਲਾਉਂਦੇ ਹਨ ਤਾਂ ਕਿ ਲੋਕ ਨਸ਼ਾ ਨਾ ਛੱਡਣ ਅਤੇ ਉਹਨਾਂ ਦਾ ਵਪਾਰ ਨਾ ਘਟੇ।

ਇਕ ਹੋਰ ਧਾਰਨਾ ਪ੍ਰਚਲਿਤ ਹੈ ਕਿ ਜੇ ਬੱਚੇ ਨੂੰ ਟੱਟੀਆਂ ਲਗੀਆਂ ਹੋਣ ਤਾਂ ਥੋੜੀ ਜਿਹੀ ਅਫੀਮ ਚਟਾਉਣ ਨਾਲ ਠੀਕ ਹੋ ਜਾਂਦੀਆਂ ਹਨ ਜਾਂ ਜੇ ਬੱਚਾ ਰੋਣ ਤੋਂ ਚੁੱਪ ਨਾ ਕਰੇ ਤਾਂ ਥੋੜੀ ਜਿਹੀ ਅਫੀਮ ਚਟਾਉਣ ਨਾਲ ਬੱਚਾ ਚੁਪ ਹੋ ਕੇ ਸੌਂ ਜਾਂਦਾ ਹੈ। ਇਥੇ ਇਹ ਗੱਲ ਸਮਝ ਲੈਣੀ ਬਹੁਤ ਜਰੂਰੀ ਹੈ ਕਿ ਇਹ ਧਾਰਨਾ ਬਹੁਤ ਹੀ ਗਲਤ ਅਤੇ ਖਤਰਨਾਕ ਹੈ ਕਿਉਂਕਿ ਬੱਚਿਆਂ ਦੇ ਮਾਮਲੇ ਵਿੱਚ ਅਫੀਮ ਨੂੰ ਜ਼ਹਿਰ ਹੀ ਸਮਝਣਾ ਚਾਹੀਦਾ ਹੈ ਅਤੇ ਇਸ ਨਾਲ ਬੱਚੇ ਦੀ ਮੌਤ ਵੀ ਹੋ ਸਕਦੀ ਹੈ।

ਇਸੇ ਤਰੀਕੇ ਦੀਆਂ ਕੁਝ ਹੋਰ ਗਲਤ ਧਾਰਨਾਵਾਂ ਪ੍ਰਚਲਿਤ ਹਨ ਜਿਵੇਂ ਕਿ ਅਫੀਮ ਖਾਣ ਵਾਲਿਆਂ ਨੂੰ ਸ਼ੂਗਰ ਦੀ ਬਿਮਾਰੀ (Diabetes) ਨਹੀਂ ਹੁੰਦੀ ਜਾਂ ਫਿਰ ਸ਼ੂਗਰ ਰੋਗ ਹੋਣ ਤੇ ਅਫੀਮ ਖਾਣ ਨਾਲ ਲਾਭ ਹੁੰਦਾ ਹੈ। ਇਹ ਧਾਰਨਾ ਵੀ ਸਰਾਸਰ ਗਲਤ ਹੈ ਅਤੇ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਅਫੀਮ ਵਿੱਚ ਅਜਿਹਾ ਕੋਈ ਗੁਣ ਮੌਜੂਦ ਨਹੀਂ ਹੈ।

ਸੋ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਅਫੀਮ ਜਾਂ ਭੁੱਕੀ ਆਦਿ ਪਦਾਰਥਾਂ ਵਿੱਚ ਕੋਈ ਅਜਿਹੇ ਸਿਹਤ ਵਰਧਕ ਗੁਣ ਨਹੀਂ ਹੁੰਦੇ ਅਤੇ ਨਾ ਹੀ ਇਨ੍ਹਾਂ ਨੂੰ ਛੱਡਣ ਨਾਲ ਕੋਈ ਨੁਕਸਾਨ ਹੁੰਦਾ ਹੈ ਸਗੋਂ ਨਸ਼ਾ ਛੱਡਣ ਨਾਲ ਜ਼ਿੰਦਗੀ ਸੰਵਰ ਜਾਂਦੀ ਹੈ। ਇਸ ਤੋਂ ਬਿਨਾਂ ਇਕ ਬਹੁਤ ਅਹਿਮ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਆਪਣੇ ਕੋਲ ਜਾਂ ਘਰ ਵਿੱਚ ਅਫੀਮ-ਭੁੱਕੀ ਆਦਿ ਪਦਾਰਥ ਰੱਖਣਾ ਕਾਨੂੰਨੀ ਗੰਭੀਰ ਜੁਰਮ

ਹੈ ਅਤੇ N.D.P.S. ਐਕਟ ਅਧੀਨ ਜੇਲ੍ਹ ਦੀ ਸਜ਼ਾ ਹੋ ਜਾਂਦੀ ਹੈ। ਕਤਲ ਅਤੇ ਬਲਾਤਕਾਰ ਦੇ ਸੰਗੀਨ ਜੁਰਮਾਂ ਵਾਂਗ ਕਾਨੂੰਨ ਅਨੁਸਾਰ ਇਸ ਨੂੰ ਵੀ ਸੰਗੀਨ ਜੁਰਮ ਗਿਣਿਆ ਜਾਂਦਾ ਹੈ।

ਅਲਕੋਹਲ (ਸ਼ਰਾਬ, ਵਿਸਕੀ ਅਤੇ ਵਾਈਨ ਆਦਿ):-ਇਹ ਗੱਲ ਆਮ ਹੀ ਪ੍ਰਚਲਿਤ ਹੈ ਕਿ ਜੇ ਸ਼ਰਾਬ ਸਿਰਫ ਸ਼ਾਮ ਨੂੰ ਹੀ ਪੀਤੀ ਜਾਵੇ ਅਤੇ ਚੰਗੀ ਖੁਰਾਕ ਖਾਧੀ ਜਾਵੇ ਤਾਂ ਸ਼ਰਾਬ ਦਾ ਕੋਈ ਨੁਕਸਾਨ ਨਹੀਂ ਹੈ, ਜਾਂ ਇਹ ਨੀਂਦ ਵਧੀਆ ਲਿਆਉਂਦੀ ਹੈ, ਜਾਂ ਜੇ ਸ਼ਰਾਬ ਥੋੜੀ ਮਾਤਰਾ ਵਿੱਚ ਪੀਤੀ ਜਾਵੇ ਤਾਂ ਇਹ ਸਿਹਤ ਲਈ ਲਾਭਦਾਇਕ ਹੈ, ਜਾਂ ਬੀਅਰ ਤੇ ਵਾਈਨ ਪੀਣਾ ਲਾਭਦਾਇਕ ਹੈ ਆਦਿ। ਇਕ ਹੋਰ ਧਾਰਨਾ ਕਿ ਘਰ ਦੀ ਕੱਢੀ ਹੋਈ ਜਾਂ ਪਹਿਲੇ ਤੋੜ ਦੀ ਸ਼ਰਾਬ ਬਹੁਤ ਵਧੀਆ ਹੁੰਦੀ ਹੈ ਆਦਿ। ਆਉ ਇਨ੍ਹਾਂ ਧਾਰਨਾਵਾਂ ਬਾਰੇ ਵਿਚਾਰ ਕਰੀਏ। ਇਸ ਸ਼੍ਰੇਣੀ ਦੇ ਸਾਰੇ ਨਸ਼ਿਆਂ ਦੀ ਬੁਨਿਆਦ ਈਥਾਇਲ-ਅਲਕੋਹਲ (Ethyl- Alcohol) ਹੈ। ਇਸ ਅਲਕੋਹਲ ਦੀ ਮਾਤਰਾ ਦੇ ਅਨੁਸਾਰ ਸ਼ਰਾਬ ਦੀਆਂ ਵੱਖ ਵੱਖ ਕਿਸਮਾਂ ਹਨ। ਉਦਾਹਰਣ ਦੇ ਤੌਰ ਤੇ ਗੈਰ-ਕਾਨੂੰਨੀ ਘਰ ਦੀ ਪਹਿਲੇ ਤੋੜ ਦੀ ਕੱਢੀ ਹੋਈ ਸ਼ਰਾਬ ਵਿੱਚ ਤਕਰੀਬਨ 95 ਫੀਸਦੀ ਅਲਕੋਹਲ ਹੁੰਦੀ ਹੈ। ਵਿਸਕੀ ਵਿੱਚ ਤਕਰੀਬਨ 45 ਫੀਸਦੀ; ਵਾਈਨ ਵਿੱਚ 12-15 ਫੀਸਦੀ; ਅਤੇ ਬੀਅਰ ਵਿੱਚ 4 ਤੋਂ 6 ਫੀਸਦੀ ਅਲਕੋਹਲ ਦੀ ਮਾਤਰਾ ਹੁੰਦੀ ਹੈ। ਅਲਕੋਹਲ ਸ਼ਰੀਰ ਦੇ ਤਕਰੀਬਨ ਸਾਰੇ ਅੰਗਾਂ ਤੇ ਮਾੜਾ ਅਸਰ ਕਰਦੀ ਹੈ। ਵਿਸ਼ੇਸ਼ ਤੌਰ ਤੇ ਦਿਮਾਗ 'ਤੇ ਅਤੇ ਜਿਗਰ 'ਤੇ। ਗਰਭਵਤੀ ਔਰਤ ਦੇ ਪੇਟ ਅੰਦਰ ਪਲ ਰਹੇ ਬੱਚੇ ਦਾ ਬਹੁਤ ਥੋੜੀ ਅਲਕੋਹਲ ਵੀ ਸਦੀਵੀ ਨੁਕਸਾਨ ਕਰ ਸਕਦੀ ਹੈ। ਅਲਕੋਹਲ ਦੀ ਬਹੁਤ ਥੋੜੀ ਮਾਤਰਾ ਵੀ ਦਿਮਾਗ 'ਤੇ ਅਸਰ ਕਰਦੀ ਹੈ। ਇਸ ਨਾਲ ਵਿਅਕਤੀ ਦੀ ਸਮਝ, ਫੈਸਲੇ ਲੈਣ ਦੀ ਯੋਗਤਾ ਅਤੇ ਨਿਪੁੰਨਤਾ ਘਟਦੀ ਹੈ। ਇਹ ਹਰ ਕਿਸਮ ਦੇ ਹਾਦਸੇ ਹੋਣ ਦੀ ਦਰ ਨੂੰ ਵਧਾਉਂਦੀ ਹੈ। ਇਹ ਕੁਦਰਤੀ ਨੀਂਦ ਵਿੱਚ ਵੀ ਵਿਘਨ ਪਾਉਂਦੀ ਹੈ। ਇਸ ਲਈ ਇਹ ਧਾਰਨਾ ਕਿ ਥੋੜ੍ਹੀ ਮਾਤਰਾ ਜਾਂ ਬੀਅਰ ਤੇ ਵਾਈਨ ਆਦਿ ਸੁਰੱਖਿਅਤ ਹਨ ਜਾਂ ਲਾਭਦਾਇਕ ਹਨ ਬਿਲਕੁਲ ਗਲਤ ਹੈ। ਜਿਥੋਂ ਤੀਕ ਸਿਰਫ ਸ਼ਾਮ ਨੂੰ ਹੀ ਸ਼ਰਾਬ ਪੀਣ ਦੀ ਗੱਲ ਹੈ ਤਾਂ ਇਹ ਨਹੀਂ ਕਿ ਸ਼ਰਾਬ ਨੁਕਸਾਨ ਨਹੀ ਕਰਦੀ ਪਰ ਸਾਰਾ ਦਿਨ ਪੀਂਦੇ ਰਹਿਣ ਨਾਲੋਂ ਜ਼ਾਹਿਰਾ ਤੌਰ ਤੇ ਘੱਟ ਨੁਕਸਾਨ ਕਰੇਗੀ। ਘਰ ਦੀ ਕੱਢੀ ਹੋਈ ਸ਼ਰਾਬ ਵਿੱਚ ਵਿਸ਼ੇਸ਼ ਤੌਰ ਤੇ ਪਹਿਲੇ ਤੋੜ ਦੀ ਸ਼ਰਾਬ ਵਿੱਚ ਅਲਕੋਹਲ ਦੀ ਮਾਤਰਾ ਸਾਰੀਆਂ ਕਿਸਮਾਂ ਤੋਂ ਵੱਧ ਹੁੰਦੀ ਹੈ ਅਤੇ ਇਸ ਵਿੱਚ ਜ਼ਹਿਰੀਲਾ ਮੀਥਾਇਲ ਅਲਕੋਹਲ ਵੀ ਹੋ ਸਕਦਾ ਹੈ ਜੋ ਕਿ ਇਸ ਤਰ੍ਹਾਂ ਦੀ ਸ਼ਰਾਬ ਨੂੰ ਬਹੁਤ ਖਤਰਨਾਕ ਬਣਾ ਦਿੰਦਾ ਹੈ।

ਦੁਨੀਆਂ ਭਰ ਵਿੱਚ ਮਨੁੱਖੀ ਸਿਹਤ ਸਮੱਸਿਆਵਾਂ ਅਤੇ ਹੋਰ ਕਾਨੂੰਨੀ ਸਮੱਸਿਆਵਾਂ ਪੈਦਾ ਕਰਨ ਵਿੱਚ ਸ਼ਰਾਬ ਦਾ ਬਹੁਤ ਵੱਡਾ ਹੱਥ ਹੈ। ਸੋ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਅਲਕੋਹਲ ਕਿਸੇ ਵੀ ਰੂਪ ਵਿੱਚ ਅਤੇ ਕਿਸੇ ਵੀ ਮਾਤਰਾ ਵਿੱਚ ਸੁਰੱਖਿਅਤ ਨਹੀਂ ਹੈ। ਅਲਕੋਹਲ ਦੇ ਹੱਕ ਵਿੱਚ ਗੱਲਾਂ ਸਿਰਫ ਸ਼ਰਾਬ ਪੀਣ ਵਾਲੇ ਅਤੇ ਇਸ ਨੂੰ ਬਣਾਉਣ ਵਾਲੀਆਂ ਅਰਬਾਂ ਰੁਪੱਈਆਂ ਦਾ ਮੁਨਾਫ਼ਾ ਖੱਟਣ ਵਾਲੀਆਂ ਕੰਪਨੀਆਂ ਦਾ ਇਕ ਸਾਜਿਸ਼ ਭਰਿਆ ਗੁਮਰਾਹ-ਕੁੰਨ ਪਰਚਾਰ ਹੈ। ਇਸ ਤੋਂ ਬਚਣ ਦੀ ਬਹੁਤ ਲੋੜ ਹੈ।

ਭੰਗ ਜਾਂ ਸੰਬੰਧਿਤ ਨਸ਼ੇ:- ਕਈ ਲੋਕਾਂ ਵਿੱਚ ਇਹ ਗਲਤ ਧਾਰਨਾ ਪਾਈ ਜਾਂਦੀ ਹੈ ਕਿ ਭੰਗ ਇਕ ਸਸਤਾ ਤੇ ਚੰਗਾ ਨਸ਼ਾ ਹੈ, ਇਸ ਦੇ ਸੇਵਨ ਨਾਲ ਸ਼ਾਂਤੀ ਮਿਲਦੀ ਹੈ, ਜਾਂ ਦਿਮਾਗ ਠੰਡਾ ਰਹਿੰਦਾ ਹੈ। ਇਹ ਕਈ ਧਾਰਮਿਕ ਮੌਕਿਆਂ ਤੇ ਅਤੇ ਕਈ ਗਰੁਪਾਂ ਜਿਵੇਂ ਕਿ ਨਿਹੰਗਾਂ ਆਦਿ ਵੱਲੋਂ ਵੀ ਵਰਤਿਆ ਜਾਂਦਾ ਹੈ। ਭੰਗ ਦੀ ਸ਼੍ਰੇਣੀ ਵਿੱਚ ਚਾਰ ਚੀਜ਼ਾਂ ਆਉਂਦੀਆਂ ਹਨ-ਭੰਗ, ਗਾਂਜਾ, ਚਰਸ ਅਤੇ ਹਸ਼ੀਸ਼। ਭੰਗ ਦੇ ਬੂਟੇ ਦੇ ਪੱਤਿਆਂ ਨੂੰ "ਭੰਗ" ਆਖਿਆ ਜਾਂਦਾ ਹੈ। ਇਸ ਬੂਟੇ ਦੇ ਫੁੱਲਾਂ ਨੂੰ ਸੁਕਾ ਕੇ "ਗਾਂਜਾ" ਬਣ ਜਾਂਦਾ ਹੈ। ਇਸ ਬੂਟੇ ਦੇ ਉਤੇ ਪਾਏ ਜਾਣ ਵਾਲੇ ਗੂੰਦ ਨੁਮਾ ਪਦਾਰਥ (Resin) ਨੂੰ ਚਰਸ ਆਖਿਆ ਜਾਂਦਾ ਹੈ । ਇਸ ਬੂਟੇ ਤੋਂ ਕੈਮੀਕਲ ਤਰੀਕੇ ਨਾਲ "ਹਸ਼ੀਸ"ਬਣਾਈ ਜਾਂਦੀ ਹੈ। ਇਸ ਸਾਰੀ ਸ਼੍ਰੇਣੀ ਦੇ ਨਸ਼ੇ ਦਾ ਕਾਰਣ ਇਨ੍ਹਾਂ ਵਿੱਚ ਪਾਇਆ ਜਾਣ ਵਾਲਾ ਇੱਕ ਕੁਦਰਤੀ ਕੈਮੀਕਲ ਹੈ ਜਿਸਦਾ ਨਾਂ "THC (Tetra- Hydro Cannabinol) ਹੈ। ਭੰਗ ਦਾ ਨਸ਼ਾ ਵੱਖ ਵੱਖ ਵਿਅਕਤੀਆਂ ਤੇ ਵੱਖ ਵੱਖ ਤਰ੍ਹਾਂ ਦਾ ਅਸਰ ਦਿਖਾ ਸਕਦਾ ਹੈ। ਇਸਨੂੰ ਸਿਰਫ ਇੱਕ ਵਾਰ ਖਾਣ ਨਾਲ ਹੀ ਵਿਅਕਤੀ ਨੂੰ ਗੰਭੀਰ ਮਨੋਰੋਗ ਹੋ ਸਕਦਾ ਹੈ। ਜ਼ਿਆਦਾ ਲੰਬੇ ਸਮੇਂ ਤੱਕ ਇਸ ਦੇ ਸੇਵਨ ਨਾਲ ਮਨੁੱਖ ਕੰਮ-ਕਾਰ ਕਰਨ ਤੋਂ ਅਵਾਜ਼ਾਰ ਹੋ ਜਾਂਦਾ ਹੈ ਅਤੇ ਉਸ ਦੀ ਜ਼ਿੰਦਗੀ ਬੇਕਾਰ ਹੋ ਜਾਂਦੀ ਹੈ। ਇਹੀ ਕਾਰਣ ਹੈ

ਕਿ ਸਾਧੂਆਂ ਅਤੇ ਭਿਖਾਰੀਆਂ ਵਿੱਚ ਇਹ ਨਸ਼ਾ ਆਮ ਪਾਇਆ ਜਾਂਦਾ ਹੈ। ਸੋ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਇਹ ਨਸ਼ਾ ਵੀ ਬਹੁਤ ਖਤਰਨਾਕ ਨਸ਼ਾ ਹੈ।

ਸਿਗਰਟ, ਤੰਬਾਕੂ ਅਤੇ ਨਸਵਾਰ ਆਦਿ:-

ਤੰਬਾਕੂ ਜਾਂ ਇਸ ਨਾਲ ਸੰਬੰਧਿਤ ਪਦਾਰਥ ਦੁਨੀਆਂ ਭਰ ਵਿੱਚ ਸਭ ਤੋਂ ਜ਼ਿਆਦਾ ਵਰਤੇ ਜਾਂਦੇ ਹਨ। ਇਸ ਦੀ ਵਰਤੋਂ ਦੇ ਬਹੁਤ ਸਾਰੇ ਤਰੀਕੇ ਹਨ ਜਿਵੇਂ ਕਿ ਧੂਮਰ-ਪਾਨ (Smokimg), ਜਿਵੇਂ ਕਿ ਬੀੜੀ ਸਿਗਰਟ ਆਦਿ; ਮੂੰਹ ਵਿੱਚ ਰੱਖਕੇ ਵਰਤਣਾ ਜਾਂ ਖਾਣਾ, ਜਿਵੇਂ ਜ਼ਰਦਾ ਜਾਂ ਪਾਨ ਮਸਾਲਾ ਆਦਿ; ਸੁੰਘਣਾ ਜਾਂ ਨੱਕ ਰਾਹੀਂ ਲੈਣਾ ਜਿਵੇਂ ਨਸਵਾਰ ਆਦਿ। ਕੁਝ ਦਹਾਕੇ ਪਹਿਲਾਂ ਤੱਕ ਇਹ ਗਲਤ ਵਿਸ਼ਵਾਸ ਆਮ ਪ੍ਰਚੱਲਿਤ ਸੀ ਕਿ ਤੰਬਾਕੂ ਦੀ ਵਰਤੋਂ ਸਿਹਤ ਲਈ ਫਾਇਦੇਮੰਦ ਹੈ, ਸਿਗਰਟ ਪੀਣ ਨਾਲ ਹਾਜਮਾ ਦਰੁਸਤ ਰਹਿੰਦਾ ਹੈ, ਕਬਜ਼ ਠੀਕ ਰਹਿੰਦੀ ਹੈ ਵਗੈਰਾ ਵਗੈਰਾ ਅਤੇ ਕੁਝ ਸਿਗਰਟ ਬਣਾਉਣ ਵਾਲੀਆਂ ਕੰਪਨੀਆਂ ਵੀ ਇਸ ਗੱਲ ਦਾ ਪ੍ਰਚਾਰ ਕਰਦੀਆਂ ਸਨ ਕਿ ਇਸ ਨਾਲ ਦਿਮਾਗ ਤੇਜ਼ ਚਲਦਾ ਹੈ ਆਦਿ। ਲੋਕਾਂ ਵਿੱਚ ਇਹ ਵੀ ਵਿਸ਼ਵਾਸ ਸੀ ਕਿ ਨਸਵਾਰ ਲੈਣਾ ਚੰਗੀ ਗੱਲ ਹੈ ਕਿਉਂਕਿ ਇਸ ਨਾਲ ਨੱਕ ਖੁੱਲ੍ਹਦਾ ਹੈ ਆਦਿ। ਪਰ ਹੌਲੀ ਹੌਲੀ ਵਿਸ਼ਵ ਸਿਹਤ ਸੰਸਥਾ (W.H.O) ਦੇ ਅਤੇ ਹੋਰ ਸਿਹਤ ਵਿਗਿਆਨੀਆਂ ਦੇ ਉੱਦਮਾਂ ਸਦਕਾ ਇਹ ਗੱਲ ਸਪੱਸ਼ਟ ਹੋ ਗਈ ਕਿ ਤੰਬਾਕੂ ਦੇ ਕਿਸੇ ਵੀ ਰੂਪ ਵਿੱਚ ਵਰਤਣ ਨਾਲ ਸਿਹਤ ’ਤੇ ਬਹੁਤ ਬੁਰਾ ਅਸਰ ਪੈਂਦਾ ਹੈ ਅਤੇ ਤੰਬਾਕੂ ਵਿੱਚ ਕੋਈ ਸਿਹਤ ਵਰਧਕ ਗੁਣ ਨਹੀਂ ਹਨ। ਇਸ ਲਈ ਦੁਨੀਆਂ ਭਰ ਵਿੱਚ ਵਿਕਣ ਵਾਲੇ ਹਰ ਕਿਸਮ ਦੇ ਤੰਬਾਕੂ ਦੇ ਪੈਕਟ ਤੇ ਇਹ ਵਾਰਨਿੰਗ ਦੇਣੀ ਲਾਜ਼ਮੀ ਹੈ ਕਿ ਇਸ ਨਾਲ ਸਿਹਤ ਖਰਾਬ ਹੁੰਦੀ ਹੈ ਤੇ ਕੈਂਸਰ ਹੁੰਦਾ ਹੈ। ਸਾਰੀ ਦੁਨੀਆਂ ਭਰ ਵਿੱਚ ਕੈਂਸਰ, ਦਿਲ ਦੀਆਂ ਬਿਮਾਰੀਆਂ ਤੇ ਹੋਰ ਰੋਗ ਪੈਦਾ ਕਰਨ ਵਿੱਚ ਤੰਬਾਕੂ ਦਾ ਬਹੁਤ ਵੱਡਾ ਹੱਥ ਹੈ। ਤੰਬਾਕੂ ਨੋਸ਼ੀ ਦੀ ਲਤ ਇਕ ਵਾਰ ਲੱਗਣ ਤੇ ਛੁਟਣੀ ਵੀ ਬਹੁਤ ਔਖੀ ਹੈ।

ਸੋ ਅੰਤ ਵਿੱਚ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਕਿਸੇ ਵੀ ਕਿਸਮ ਦੇ ਨਸ਼ੇ ਵਿੱਚ ਕੋਈ ਸਿਹਤ ਵਰਧਕ ਗੁਣ ਨਹੀਂ ਹੁੰਦੇ ਅਤੇ ਇਨ੍ਹਾਂ ਸੰਬੰਧੀ ਕਿਸੇ ਵੀ ਗਲਤ ਧਾਰਨਾ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਜੇ ਕੋਈ ਵਿਅਕਤੀ ਕਿਸੇ ਵੀ ਕਿਸਮ ਦਾ ਨਸ਼ਾ ਕਰਦਾ ਹੈ ਤਾਂ ਉਸ ਦਾ ਜਿੰਨੀ ਜਲਦੀ ਹੋ ਸਕੇ ਸਹੀ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ।

ਪ੍ਰੋਫੈਸਰ ਤੇ ਮੁਖੀ,
ਸਾਇਕੈਟਰੀ ਅਤੇ ਨਸ਼ਾ ਛੁਡਾਊ ਵਿਭਾਗ,
ਰਜਿੰਦਰਾ ਹਸਪਤਾਲ, ਪਟਿਆਲਾ

ਕਾਵਿ-ਵਿਅੰਗ



ਨੰਬਰ ਫਸਟ ਹੈ ਲੀਡਰਾਂ ਵਿੱਚ ਉਹਦਾ,
ਸਮਾਂ ਬਦਲਣ ਦੀ ਜਿਹੜਾ ਕਨਸੋਅ ਰੱਖਦੈ।
ਬਦਲੇ ਰਾਜ ਤਾਂ ਬਦਲੇ ਪੱਗ ਫੌਰਨ,
ਪੱਗਾਂ ਵਿੱਚ ਸੰਦੂਕ ਦੇ ਦੋ ਰੱਖਦੈ।
ਬਗਲੇ ਵਾਂਗ ਸ਼ਿਕਾਰ ਨੂੰ ਫੁੰਡ ਸੁੱਟਦਾ,
ਕੰਨ ਚੁੱਕ ਰੱਖਦੈ ਪਲਕਾਂ ਢੋ ਰਖਦੈ,
ਵਿਸਕੀ ਨਿਤ ਪੀਂਦੈ ਕੋਠੀ ਵਿੱਚ ਬਹਿਕੇ,
ਬਾਹਰ ਸੋਫੀਆਂ ਜਿਹੀ ਅਬਰੋ ਰਖਦੈ।
ਦੀਵੇ ਵਾਂਗ ਹੈ ਜ਼ਿੰਦਗੀ ਲੋਕੋ ਉਹਦੀ,
ਹਨੇਰਾ ਹੇਠਾ ਰਖਦੈ, ਉਤੇ ਲੋਅ ਰਖਦੈ

ਜਗਦੀਸ਼ ਬਹਾਦੁਰਪੁਰੀ

ਕਾਵਿ-ਬੰਦ

ਅਮਰਜੀਤ ਢਿੱਲੋਂ



ਕਿਹੜਾ ਉਹ ਨਜੂਮੀਆ ਜੋ ਦੱਸ ਦੇਵੇ ਸਾਡੇ ਤਾਈਂ
ਕਿਹੋ ਜਿਹੇ ਲਿਖੇ ਸਾਡੇ ਮੱਥੇ ਉਤੇ ਲੇਖ ਨੀ।
ਸਾਨੂੰ ਪਤੈ ਰਾਸ਼ੀ ਸਾਡੀ ਬਿਨਾਂ ਰਾਸ਼ੀ ਵਾਲਾ ਘਰ
ਪੱਤਰੀ ਵਿੱਚ ਹੋਵੇ ਭਾਵੇਂ ਮੀਨ, ਬ੍ਰਿਖ, ਮੇਖ ਨੀ।
ਭੁੱਖ, ਦੁੱਖ, ਨੰਗ, ਰਿਸ਼ਵਤ, ਬੇਈਮਾਨੀ ਵਾਲੇ
ਰਾਹੂ ਕੇਤੂ ਰਹੇ ਸਾਨੂੰ ਹਰ ਵੇਲੇ ਦੇਖ ਨੀ।
ਕਰਦੇ ਬਲੈਕਮੇਲ ਸਾਡੇ ਜ਼ਜ਼ਬਾਤ ਦੀ ਨੇ ਇਹ ਜੋ
ਵਿਹਲੇ ਬੈਠੇ ਭਾਈ, ਪੰਡਿਤ ਤੇ ਸ਼ੇਖ ਨੀ।

ਦਬੜ੍ਹੀਖਾਨਾ (ਫਰੀਦਕੋਟ)
94171-20427

ਧਰਮ ਅਤੇ ਤਰਕਸ਼ੀਲਤਾ



ਡਾ. ਸ਼ਿਆਮ ਸੁੰਦਰ ਦੀਪਤੀ

ਸਭ ਤੋਂ ਪਹਿਲੀ ਅਤੇ ਅਹਿਮ ਗੱਲ ਸਮਝਣ ਵਾਲੀ ਹੈ ਕਿ ਮਨੁੱਖ ਹੀ ਅਜਿਹਾ ਪ੍ਰਾਣੀ ਹੈ, ਜਿਸ ਕੋਲ ਤਰਕਸ਼ੀਲਤਾ ਦਾ ਗੁਣ ਹੈ। ਇਸ ਲਈ ਇਹ ਗੱਲ ਨਾਲ ਹੀ ਜੁੜ ਜਾਂਦੀ ਹੈ ਕਿ ਮਨੁੱਖ ਨੂੰ ਆਪਣਾ ਇਹ ਗੁਣ ਇਸਤੇਮਾਲ ਕਰਨਾ ਚਾਹੀਦਾ ਹੈ ਤੇ ਤਰਕਸ਼ੀਲ ਢੰਗ ਨਾਲ ਜ਼ਿੰਦਗੀ ਜੀਉਣੀ ਚਾਹੀਦੀ ਹੈ।

ਤਰਕਸ਼ੀਲਤਾ ਤੋਂ ਕੀ ਭਾਵ ਹੈ?

ਤਰਕਸ਼ੀਲਤਾ ਦਾ ਭਾਵ ਹੈ, ਸਵਾਲ ਖੜੇ ਕਰਨਾ, ਜਵਾਬ ਲੱਭਣੇ ਤੇ ਚਰਚਾ ਕਰਨੀ। ਨਾਲ ਹੀ ਕਈਆਂ ਵੱਲੋਂ ਇਸਦਾ ਇਹ ਅਰਥ ਵੀ ਲਿਆ ਜਾਂਦਾ ਹੈ ਕਿ ਚਰਚਾ-ਬਹਿਸ ਦੇ ਦੌਰਾਨ ਆਪਣੀ ਗੱਲ ਲਈ ਦਲੀਲਾਂ ਦੇਣਾ, ਦਲੀਲਾਂ ਨੂੰ ਠੀਕ ਠਹਿਰਾਉਣਾ, ਆਪਣੀ ਗੱਲ ਤੇ ਅੜਣਾ ਤੇ ਮਨਵਾਉਣਾ। ਇਸ ਲਈ ਕਿ ਦਲੀਲ ਹੈ ਮੇਰੇ ਕੋਲ। ਠੀਕ ਹੈ ਜਾਂ ਗਲਤ। ਭਾਵ ਮੈਂ ਤਰਕ ਦੇ ਰਿਹਾਂ। ਮੇਰੀ ਦਲੀਲ ਝੁਠਲਾ ਕੇ ਦਿਖਾਓ।

● ਤਰਕ, ਬਹਿਸ, ਚਰਚਾ ਨੂੰ ਕਈ ਵਾਰ ਵਿਸ਼ਵਾਸ ਦੇ ਵਿਰੋਧ ਵਿੱਚ ਖੜਾ ਕਰ ਕੇ ਦੇਖਿਆ ਜਾਂਦਾ ਹੈ ਜਾਂ ਪੇਸ਼ ਕੀਤਾ ਜਾਂਦਾ ਹੈ। ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਵਿਸ਼ਵਾਸ ਨਾਲ ਹੀ ਜ਼ਿੰਦਗੀ ਚਲਦੀ ਹੈ। ਸਮਾਜ ਵਿੱਚ, ਮਿਲ ਕੇ ਰਹਿਣ ਵਿੱਚ, ਸਮਾਜਿਕ ਬਣਤਰ ਵਿੱਚ ਆਪਸੀ ਵਿਸ਼ਵਾਸ ਦਾ ਮਹੱਤਵ ਹੈ।

ਵਿਸ਼ਵਾਸ ਤਰਕ ਦਾ ਵਿਰੋਧੀ ਨਹੀਂ ਹੈ, ਸਗੋਂ ਤਰਕ ਨਾਲ ਗੱਲ ਰੱਖਕੇ ਸਮਝਾ ਕੇ ਤੁਸੀਂ ਆਪਣੇ ਨਜਦੀਕੀ, ਦੋਸਤ ਮਿੱਤਰ, ਪ੍ਰੇਮੀ, ਰਿਸ਼ਤੇਦਾਰ ਨੂੰ ਵੱਧ ਵਿਸ਼ਵਾਸ ਨਾਲ ਜੋੜ ਸਕਦੇ ਹੋ। ਅੰਧਵਿਸ਼ਵਾਸ ਅਤੇ ਤਰਕਸ਼ੀਲਤਾ ਦਾ ਵਿਰੋਧ ਹੁੰਦਾ ਹੈ। ਅੰਨ੍ਹੇਵਾਹ ਪਿੱਛੇ ਲਗਣਾ ਤਰਕਸ਼ੀਲਤਾ ਦੇ ਘੇਰੇ ਵਿੱਚ ਨਹੀਂ ਆਉਂਦਾ।

● ਇਸੇ ਪਹਿਲੂ ਤੋਂ ਜਦੋਂ ਧਰਮ ਵਿੱਚ ਜਾਂ ਰੱਬ ਪ੍ਰਤੀ ਸ਼ਰਧਾ ਅਤੇ ਵਿਸ਼ਵਾਸ ਦੀ ਗੱਲ ਹੁੰਦੀ ਹੈ ਤਾਂ ਹਰ ਇੱਕ ਦੇ ਮਨ ਵਿੱਚ ਕਈ ਤਰ੍ਹਾਂ ਦੇ ਸਵਾਲ ਖੜੇ ਹੁੰਦੇ ਹਨ। ਆਪਾਂ ਜਾਣਦੇ-ਸਮਝਦੇ ਹਾਂ ਕਿ ਕਿਸੇ ਵੀ ਵਰਤਾਰੇ ਬਾਰੇ ਸਵਾਲ ਖੜੇ ਹੋਣਾ, ਮਨੁੱਖ ਦੀ ਪ੍ਰਵਿਰਤੀ ਵਿੱਚ ਸ਼ਾਮਿਲ ਹੈ। ਸਵਾਲ ਇਸਤੋਂ ਅੱਗੇ ਉਨ੍ਹਾਂ ਸਵਾਲਾਂ ਨੂੰ ਪੇਸ਼ ਕਰਨ ਦੇ ਤਰੀਕੇ ਦਾ ਹੈ। ਉਨ੍ਹਾਂ ਸਵਾਲਾਂ ਦੇ ਤਸੱਲੀਬਖਸ਼ ਜਵਾਬ ਲੱਭਣ ਦਾ ਹੈ। ਉਨ੍ਹਾਂ ਸਵਾਲਾਂ ਨੂੰ ਸੁਲਝਾਉਣ ਦਾ ਹੈ, ਨਾ ਕਿ ਅਜਿਹੇ ਜਵਾਬ ਦਿੱਤੇ ਜਾਣ ਕਿ ਅਗਲਾ ਭੰਬਲ-ਭੂਸੇ ਵਿੱਚ ਪੈ ਜਾਵੇ।

● ਧਰਮ-ਰੱਬ ਦੀ ਦਲੀਲ ਦਾ ਇੱਕ ਪਹਿਲੂ ਦੇਖੋ।

ਜੇਕਰ ਤੁਸੀਂ ਧਰਮ ਅਤੇ ਰੱਬ ਵਿੱਚ ਆਸਥਾ ਰੱਖਦੇ ਹੋ ਤਾਂ ਤੁਸੀਂ ਰੱਬ ਜਾਂ ਧਰਮ ਪ੍ਰਤੀ ਕੋਈ ਸਵਾਲ ਨਹੀਂ ਉਠਾਓਗੇ।

ਜੇਕਰ ਤੁਹਾਨੂੰ ਰੱਬ ਜਾਂ ਧਰਮ ਵਿੱਚ ਵਿਸ਼ਵਾਸ ਹੀ ਨਹੀਂ ਹੈ ਤਾਂ ਤੁਹਾਡੇ ਨਾਲ ਵਿਚਾਰ-ਚਰਚਾ ਕਰਨ ਦਾ ਕੋਈ ਫਾਇਦਾ ਨਹੀਂ।

ਦੋਹਾਂ ਹਾਲਤਾਂ ਦਾ ਅਰਥ ਹੈ: ਸਿਰਫ ਵਿਸ਼ਵਾਸ, ਕੋਈ ਚਰਚਾ ਨਹੀਂ। ਸਿਰਫ ਵਿਸ਼ਵਾਸ ਜਾਂ ਚਰਚਾ ਬਿਨਾਂ ਵਿਸ਼ਵਾਸ, ਜੋ ਕਿ ਹੋਰ ਕੁੱਝ ਨਹੀਂ, ਅੰਧ ਵਿਸ਼ਵਾਸ ਹੈ। ਅੰਧ ਵਿਸ਼ਵਾਸ ਤੋਂ ਮਤਲਬ ਸੱਚ ਜਾਨਣ ਦੀ ਕੋਸ਼ਿਸ਼ ਨਾ ਕਰਨਾ, ਨਾ ਕਰਨ ਦੇਣੀ।

● ਤਰਕਸ਼ੀਲਤਾ ਦੀ ਵੀ ਲੋੜ ਹੈ ਤੇ ਵਿਸ਼ਵਾਸ ਦੀ ਵੀ।

ਤਰਕਸ਼ੀਲਤਾ ਸੱਚ ਵੱਲ ਰਾਹ ਦਿਖਾਉਣ ਦਾ ਜਰੀਆ ਹੈ।

ਵਿਸ਼ਵਾਸ ਸਮਾਜ ਨੂੰ ਜੋੜ ਕੇ ਰੱਖਣ ਦਾ ਜਰੀਆ ਹੈ ਤੇ ਜੁੜ ਕੇ ਇਕੱਠੇ ਰਹਿ ਕੇ ਹੀ ਅੱਗੇ ਵੱਲ ਵਧਿਆ ਜਾ ਸਕਦਾ ਹੈ। ਤਰਕਸ਼ੀਲਤਾ ਨੂੰ ਤਾਕ ਤੇ ਰੱਖ ਕੇ, ਜੇਕਰ ਇਕੱਲਾ ਵਿਸ਼ਵਾਸ ਕਰਦੇ ਹਾਂ ਤਾਂ ਅਮੂਮਨ ਦੇਖਣ ਵਿੱਚ ਆਉਂਦਾ ਹੈ ਕਿ ਕੋਈ ਵੀ ਕਿਸੇ ਨੂੰ ਭਰਮ ਜਾਲ ਵਿੱਚ ਪਾ-ਫਸਾ ਸਕਦਾ ਹੈ। ਇਹ ਗੱਲ ਬਹੁਤੀ ਵਾਰੀ ਪਤਾ ਨਹੀਂ ਚਲਦੀ ਕਿ ਕਦੋਂ ਵਿਸ਼ਵਾਸ ਅੰਧ ਵਿਸ਼ਵਾਸ ਵਿੱਚ ਬਦਲ ਜਾਂਦਾ ਹੈ।

● ਤਰਕਸ਼ੀਲ ਹੋਣਾ ਸਾਡੀ ਕੁਦਰਤੀ ਪ੍ਰਵਿਰਤੀ ਹੈ। ਇਸਨੂੰ ਸੰਵਾਰਨਾ ਪੈਂਦਾ ਹੈ ਤੇ ਹਰ ਰੋਜ ਇਸਦਾ ਇਸਤੇਮਾਲ ਕਰਕੇ ਸਖਸ਼ੀਅਤ ਦਾ ਹਿੱਸਾ ਬਨਾਉਣਾ ਪੈਂਦਾ ਹੈ। ਤਰਕਸ਼ੀਲਤਾ ਵਿਸ਼ਵਾਸ ਦੇ ਰਾਹ ਵਿੱਚ ਅੜਿੱਕਾ ਨਹੀਂ ਹੈ।

● ਆ ਯਾਰ! ਤੈਨੂੰ ਕਿਤੇ ਲੈ ਕੇ ਚਲੀਏ।

ਕਿੱਥੇ ਲੈ ਕੇ ਜਾਣਾ ਹੈ?

ਬਸ ਸਵਾਲ ਨਾ ਕਰ, ਜੁੱਤੀ ਪਾ।

ਫਿਰ ਵੀ ਦਸ ਤਾਂ ਸਹੀ? ਜੁੱਤੀ ਪਾਉਂਦੇ ਪਾਉਂਦੇ, ਮਤਲਬ ਜਾਣ ਲਈ ਤਿਆਰ ਤੇ ਨਾਲ ਨਾਲ ਸਵਾਲ।

● ਇਹ ਕਿੱਥੇ ਲੈ ਆਇਆ?

ਇਹ ਬੜੇ ਪਹੁੰਚੇ ਹੋਏ ਬਾਬੇ ਨੇ।

ਤੈਨੂੰ ਕਿਸੇ ਤਰ੍ਹਾਂ ਪਤੈ?

ਸਾਰੇ ਕਹਿ ਰਹੇ ਨੇ, ਦੇਖ ਭੀੜਾਂ।

ਸਾਰੇ ਕਹਿ ਰਹੇ ਨੇ, ਭੀੜ ਹੈ, ਇਹ ਕਿਹੜਾ ਤਰੀਕਾ ਹੈ? ਕਿਹੜਾ ਪੈਮਾਨਾ?

ਚੁੱਪ ਕਰਕੇ ਖੜਾ ਰਹਿ, ਤੂੰ ਸਵਾਲ ਬੜੇ ਖੜੇ ਕਰਦਾ ਹੈ।

● ਮੈਂ ਚਲਿਆਂ ਵਾਪਸ।

ਬਾਬਾ ਜੀ ਦੇ ਦਰਸ਼ਨ ਤਾਂ ਕਰ ਲਈਏ।

ਦੇਖ! ਮੈਂ ਤੇਰੇ ਤੇ ਵਿਸ਼ਵਾਸ ਕਰਕੇ ਇਥੇ ਤਕ ਆ ਗਿਆ। ਬਸ।

● ਵਿਸ਼ਵਾਸ ਅਤੇ ਪਿਛਲੱਗੂ (ਅੰਧਵਿਸ਼ਵਾਸ) ਵਿਚਕਾਰ ਇਕ ਬਰੀਕ ਜਿਹੀ ਲਕੀਰ ਹੈ। ਤੁਸੀਂ ਉਥੋਂ ਮੁੜ ਵੀ ਸਕਦੇ ਹੋ ਤੇ ਉਸ ਵੱਲ ਧੱਕੇ ਵੀ ਜਾ ਸਕਦੇ ਹੋ। ਵਾਪਸ ਮੁੜਣ ਲਈ ਸਵਾਲ ਖੜੇ ਕਰਨਾ, ਤਰਕਸ਼ੀਲ ਹੋਣਾ ਲਾਜਮੀ ਹੈ।

● ਤਰਕਸ਼ੀਲਤਾ ਨੂੰ ਜੀਵਨ ਜਾਂਚ ਬਣਾਉਣਾ ਪੈਂਦਾ ਹੈ ਭਾਵੇਂ ਇਹ ਸਰੀਰਕ ਗੁਣ ਹੈ। ਜੀਵਨ ਜਾਂਚ ਬਨਾਉਣ ਲਈ ਇਸਦਾ ਦਾ ਅਭਿਆਸ ਕਰਨਾ ਪੈਂਦਾ ਹੈ।

ਮਨੁੱਖ ਆਪਣੇ ਕੁਦਰਤੀ ਸੁਭਾਅ ਤੋਂ ਹੀ ਜਗਿਆਸੂ ਹੈ। ਬੱਚਾ ਜਦੋਂ ਬੋਲਣਾ ਸ਼ੁਰੂ ਹੁੰਦਾ ਹੈ, ਉਦੋਂ ਤੋਂ ਹੀ, ਇਹ ਕੀ ਹੈ, ਉਹ ਕੀ ਹੈ? ਉਹ ਇਸ ਤਰ੍ਹਾਂ ਕਿਵੇਂ ਕਰ ਰਿਹਾ ਹੈ? ਮੈਂ ਕਿਉਂ ਨਹੀਂ ਕਰ ਸਕਦਾ। ਕੀ ਹੈ ਤੇ ਕਿਉਂ ਹੈ? ਦੀ ਪ੍ਰਵਿਰਤੀ ਸਵਾਲ ਖੜੇ ਕਰਨ ਦੀ ਹੈ?

ਅਸੀਂ ਸਵਾਲ ਖੜੇ ਕਰਨ ਨੂੰ ਕੁੱਝ ਗਲਤ ਜਾਂ ਮਾੜੇ ਲਹਿਜੇ ਵਿੱਚ ਲੈਣ ਦੇ ਆਦੀ ਹੋ ਗਏ ਹਾਂ। ਦਰਅਸਲ ਇਹ ਤਾਂ ਜ਼ਿੰਦਗੀ ਨੂੰ ਬੇਹਤਰ ਬਣਾਉਣ ਅਤੇ ਇਕ ਚੰਗੇ ਰਾਹ ਤੇ ਲੈ ਜਾਣ ਵਾਲਾ ਗੁਣ ਹੈ।

ਅੱਜ ਅਸੀਂ ਜ਼ਿੰਦਗੀ ਦੀਆਂ ਜੋ ਸਹੂਲਤਾਂ, ਨਿਆਮਤਾਂ ਮਾਣ ਰਹੇ ਹਾਂ, ਉਸਦੇ ਪਿੱਛੇ ਇਸੇ ਗੁਣ ਦਾ ਹੀ ਕਮਾਲ ਹੈ।

● ਤਰਕਸ਼ੀਲਤਾ ਦਾ ਗੁਣ ਸਾਡੇ ਦਿਮਾਗ ਵਿੱਚ ਪਿਆ ਹੈ। ਸਾਡੇ ਕੋਲ ਸਾਰੇ ਜੀਵਾਂ ਤੋਂ ਵੱਡਾ ਦਿਮਾਗ ਹੈ ਤੇ ਇਸ ਵਿੱਚੋਂ ਵੀ ਇਕ ਵੱਡਾ ਹਿਸਾ ਤਰਕਸ਼ੀਲ ਹੋਣ ਦਾ ਹੈ।

ਮਨੁੱਖੀ ਵਿਕਾਸ ਯਾਤਰਾ ਦੌਰਾਨ, ਜਦੋਂ ਮਨੁੱਖ ਜਾਨਵਰਾਂ ਤੋਂ ਅੱਡ ਹੋਇਆ, ਉਸਨੇ ਕੁਦਰਤ ਨੂੰ ਨੀਝ ਨਾਲ ਤੱਕਣਾ ਸ਼ੁਰੂ ਕੀਤਾ। ਉਨ੍ਹਾਂ ਨਜ਼ਾਰਿਆਂ-ਵਾਰਦਾਤਾਂ ਪ੍ਰਤੀ ਸਵਾਲ ਖੜੇ ਹੋਏ ਤੇ ਫਿਰ ਉਨ੍ਹਾਂ ਸਵਾਲਾਂ ਦੇ ਜਵਾਬ ਜਾਨਣ ਦੀ ਲੜੀ ਸ਼ੁਰੂ ਹੋਈ। ਸਾਡੇ ਕੋਲ ਵਿਸ਼ਵ ਭਰ ਦੇ ਹਰ ਕੋਨੇ ਵਿੱਚ ਅਨੇਕਾਂ ਦਾਰਸ਼ਨਿਕਾਂ ਦੀ ਇਸ ਪ੍ਰਵਿਰਤੀ ਦਾ ਨਤੀਜਾ-ਗਿਆਨ ਦਾ ਭੰਡਾਰ ਮੌਜੂਦ ਹੈ।

ਸਵਾਲਾਂ ਦਾ ਹੱਲ ਲੱਭਣ ਲਈ ਜਿਵੇਂ ਅਸੀਂ ਅੱਜ ਇੰਟਰਨੈੱਟ ਤੇ ਭਟਕਦੇ ਹਾਂ, ਵੈਸੇ ਹੀ ਸਾਡੇ ਚਿੰਤਕਾਂ ਨੇ ਚਿੰਤਨ ਕੀਤਾ, ਸਾਰੀ ਧਰਤੀ ਗਾਹੀ, ਤਜਰਬੇ ਅਤੇ ਗੋਸਟੀਆਂ ਕੀਤੀਆਂ।

● ਜਿਵੇਂ ਅਸੀਂ ਸਰੀਰਕ ਪ੍ਰਣਾਲੀਆਂ ਅਤੇ ਇਸ ਨਾਲ ਜੁੜੇ ਅੰਗਾਂ ਦੇ ਕੰਮ ਕਾਜ ਨੂੰ ਜਾਣਦੇ ਹਾਂ ਕਿ ਦਿਲ ਧੜਕਦਾ ਹੈ, ਦਿਲ ਖ਼ੂਨ ਪੰਪ ਕਰਦਾ ਹੈ, ਫੇਫੜੇ ਸਾਹ ਲੈਣ ਦਾ ਕਾਰਜ ਕਰਦੇ ਹਨ, ਗੁਰਦੇ ਖ਼ੂਨ ਸਾਫ ਕਰਨ ਦਾ ਕਾਰਜ ਕਰਦੇ ਹਨ। ਇਸੇ ਤਰ੍ਹਾਂ ਦਿਮਾਗ ਸੋਚਦਾ ਹੈ, ਵਿਸ਼ਲੇਸ਼ਣ ਕਰਦਾ ਤੇ ਫੈਸਲੇ ਲੈਂਦਾ ਹੈ। ਅਸੀਂ ਦੇਖਦੇ ਹਾਂ, ਸੁਨੇਹਾ ਦਿਮਾਗ ਨੂੰ ਜਾਂਦਾ ਹੈ, ਉਹ ਫੈਸਲਾ ਲੈਂਦਾ ਹੈ ਕਿ ਕੀ ਕਰਨਾ ਚਾਹੀਦਾ ਹੈ। ਅਸੀਂ ਸੁਣਦੇ ਹਾਂ, ਆਵਾਜ਼ ਤੋਂ ਅੰਦਾਜ਼ਾ ਲਗਾਉਂਦੇ ਹਾਂ। ਠੰਡ-ਗਰਮੀ ਮਹਿਸੂਸ ਕਰਦੇ ਹਾਂ, ਖ਼ੁਸ਼ਬੂ-ਬਦਬੂ ਬਾਰੇ ਗਿਆਨ ਹੁੰਦਾ ਹੈ ਤੇ ਇਸੇ ਤਰ੍ਹਾਂ ਕੌੜਾ-ਮਿੱਠਾ ਚਖਦੇ ਹੋਏ ਪਤਾ ਚਲਦਾ ਹੈ। ਸਾਰੇ ਸੁਨੇਹਿਆਂ ਦੇ ਆਧਾਰ ਤੇ ਦਿਮਾਗ ਸੋਚਦਾ ਅਤੇ ਫੈਸਲੇ ਲੈਂਦਾ ਹੈ।

ਇਹ ਸੋਚਣਾ, ਫਿਰ ਪੜਤਾਲ ਕਰਨਾ ਅਤੇ ਫੈਸਲਾ ਲੈਣਾ, ਤਰਕਸ਼ੀਲ ਢੰਗ ਤਰੀਕਾ ਹੈ।

● ਫੈਸਲੇ ਲੈਣ ਦਾ ਆਧਾਰ ਕੀ ਹੁੰਦਾ ਹੈ?

ਦਿਮਾਗ ਕੀ ਸੋਚਦਾ ਹੈ, ਕੀ ਵਿਸ਼ਲੇਸ਼ਿਤ ਕਰਦਾ ਹੈ? ਆਧਾਰ ਹੈ-ਜ਼ਿੰਦਗੀ ਦਾ ਬਚਾਓ। ਜੀਣ ਦੀ ਤਮੰਨਾ।

ਕੀ ਠੀਕ ਹੈ ਤੇ ਕੀ ਗਲਤ।

ਜੇ ਕਿਤੇ ਕੜਵਾ ਖਾਂਦਾ ਗਿਆ? ਜੇ ਕਿਤੇ ਠੰਡ ਲਗ ਗਈ? ਜੇ ਇਸ ਸਾਹਮਣੇ ਆ ਰਹੇ ਸੱਪ ਨੇ ਡਸ ਲਿਆ?

ਫੈਸਲਾ ਹੈ ਕਿ ਬਚਿਆ ਕਿਵੇਂ ਜਾਵੇ।

ਕੇਂਦਰੀ ਪਹਿਲੂ ਹੈ-ਜੀਉਣਾ।

● ਮਨੁੱਖ ਸਿਰਫ ਠੰਡੇ-ਗਰਮ, ਕੌੜੇ-ਮਿੱਠੇ, ਤਿੱਖੇ ਜਾਂ ਭਿਆਨਕ ਸੁਨੇਹੇ ਹੀ ਨਹੀਂ ਕਬੂਲ ਕਰਦਾ, ਮਨੁੱਖ ਕੋਲ ਇੱਕ ਹੋਰ ਵੀ ਮਾਧਿਅਮ ਹੈ ਸੁਨੇਹੇ ਲੈਣ-ਦੇਣ ਦਾ। ਉਹ ਕੁਦਰਤੀ ਸੁਨੇਹਿਆਂ ਦੇ ਨਾਲ ਨਾਲ ਸਮਾਜਿਕ ਸੁਨੇਹੇ ਵੀ ਲੈਂਦਾ ਹੈ। ਇਕ

ਵਿਅਕਤੀ ਦੂਸਰੇ ਵਿਅਕਤੀ ਨੂੰ ਸੁਨੇਹਾ ਦਿੰਦਾ ਹੈ। ਉਨ੍ਹਾਂ ਸੁਨੇਹਿਆਂ ਮੁਤਾਬਕ ਅਸੀਂ ਕਾਰਜਸ਼ੀਲ ਵੀ ਹੁੰਦੇ ਹਾਂ।

ਉੱਠ ਖੜਾ ਹੈ। ਖੜਾ ਹੋ ਕੇ ਰੋਟੀ ਖਾ ਲੈ !!

ਪੜਾਈ ਕਰ ਲੈ !! ਸੁੱਤਾ ਹੀ ਰਹਿਣੈ, ਕੋਈ ਕੰਮ ਧੰਦਾ ਕਰ ਲੈ !!

ਇਹ ਆਮ ਸੁਨੇਹੇ ਨੇ। ਜਾਨਵਰਾਂ ਵਿੱਚ ਨਹੀਂ ਹੁੰਦੇ ਇਹ। ਇਹ ਸੁਨੇਹੇ ਵੀ ਦਿਮਾਗ ਤੱਕ ਪਹੁੰਚਦੇ ਨੇ ਤੇ ਫਿਰ ਦਿਮਾਗ ਫੈਸਲੇ ਲੈਂਦਾ ਹੈ। ਵਿਅਕਤੀ ਕਦੇ ਖੁਸ਼ ਹੁੰਦਾ ਹੈ, ਕਦੇ ਉਦਾਸ, ਕਦੇ ਚਿੰਤਤ ਤੇ ਕਦੇ ਗੁੱਸੇ ਵਿੱਚ ਭੜਕਦਾ ਹੈ ਤੇ ਲੜਣ ਲਈ ਤਿਆਰ ਹੋ ਜਾਂਦਾ ਹੈ।

ਸਵਾਲ ਫਿਰ ਉਹੀ ਹੈ।

ਜਿਵੇਂ ਦਿਮਾਗ ਕੁਦਰਤੀ ਸੁਨੇਹਿਆਂ ਦੀ ਪੁਣਛਾਣ ਕਰਦਾ ਹੈ, ਉਸੇ ਤਰ੍ਹਾਂ ਹੀ ਉਹ ਸਮਾਜਿਕ ਸੁਨੇਹਿਆਂ ਦੀ ਜਾਂਚ-ਪੜਤਾਲ ਕਰਦਾ ਹੈ। ਇਹ ਜਾਂਚ-ਪੜਤਾਲ ਕਰਨਾ, ਉਸ ਦੀ ਪ੍ਰਵਿਰਤੀ ਹੈ, ਉਸਦਾ ਕੰਮ ਕਰਨ ਦਾ ਢੰਗ ਹੈ।

ਕੀ ਹੈ? ਕਿਉਂ ਹੈ? ਕਿੱਥੇ ਹੈ? ਕਿਉਂ ਕਰਾਂ? ਕਿਉਂ ਜਾਵਾਂ? ਕੀ ਖਾਂਵਾਂ ...?

● ਸਮਾਜਿਕ ਸੁਨੇਹਿਆਂ ਦਾ ਵਿਸ਼ਲੇਸ਼ਣ ਕਿਥੇ ਹੈ?

ਸਮਾਜਿਕ ਸੁਨੇਹੇ ਓਨੇ ਸਪੱਸ਼ਟ ਨਹੀਂ ਹੁੰਦੇ ਕਿ ਇਕੋ ਦਮ ਨਿਰਣੇ ਤੇ ਪਹੁੰਚਿਆ ਜਾਵੇ।

-ਤੂੰ ਮੇਰੇ ਤੇ ਯਕੀਨ ਕਰ।

-ਇਕ ਵਾਰੀ ਅਜਮਾ ਤੇ ਸਹੀ

ਸਹੀ ਤੇ ਸੁਨਣ ਦੇਖਣ ਵਾਲਾ :

-ਠੀਕ ਹੀ ਕਹਿੰਦਾ ਹੋਵੇਗਾ, ਆਪਣਾ ਦੋਸਤ ਹੈ।

- ਠੀਕ ਥਾਂ ਹੀ ਲੈ ਜਾਵੇਗਾ, ਮੇਰਾ ਹਿਤੈਸ਼ੀ ਹੈ।

- ਇਸ ਨੂੰ ਮੇਰੇ ਤੋਂ ਕੀ ਦੁਸ਼ਮਣੀ ਹੈ।

ਬਹੁਤੀ ਵਾਰੀ ਸੁਨੇਹੇ ਨੂੰ ਸਮਝਣਾ ਵੀ ਮੁਸ਼ਕਿਲ ਹੁੰਦਾ ਹੈ।

ਧਰਮ ਦੀ ਆੜ ਵਿੱਚ ਦਿੱਤੇ ਜਾਣ ਵਾਲੇ ਸੁਨੇਹਿਆਂ ਦਾ ਰੂਪ ਵੀ ਅਜਿਹਾ ਹੀ ਹੈ। ਉਨ੍ਹਾਂ ਦਾ ਸਪੱਸ਼ਟ ਵਿਸ਼ਲੇਸ਼ਣ ਨਹੀਂ ਹੋ ਪਾਉਂਦਾ। ਉਹ ਸੁਨੇਹੇ ਮੋਹਿਤ ਕਰਦੇ ਜਾਪਦੇ ਹਨ। ਉਨ੍ਹਾਂ ਸੁਨੇਹਿਆਂ ਨੂੰ ਤਿਆਰ ਕਰਨ ਅਤੇ ਤਕਰੀਰ ਕਰਨ ਦਾ ਢੰਗ ਹੀ ਕੁਝ ਇਸ ਤਰ੍ਹਾਂ ਘੜਿਆ ਜਾਂਦਾ ਹੈ।

● ਤੁਸੀਂ ਇਕ ਹੋਰ ਵਰਤਾਰਾ ਦੇਖੋ।

ਇਕ ਮਜ਼ਦੂਰ ਕੰਮ ਕਰਦਾ ਹੈ। ਅੱਧੇ ਦਿਨ ਤੋਂ ਬਾਅਦ ਉਸਨੂੰ ਚੱਕਰ ਆਉਂਦਾ ਹੈ, ਉਹ ਡਿਗ ਪੈਂਦਾ ਹੈ, ਕੰਮ ਕਰਨ ਦੇ ਯੋਗ ਨਹੀਂ ਰਹਿੰਦਾ। ਦੋ ਘੰਟੇ ਆਰਾਮ ਕਰਦਾ ਹੈ -

ਸ਼ਾਮ ਨੂੰ ਬਾਕੀ ਮਜਦੂਰਾਂ ਨਾਲ ਜਾਣ ਲਗਿਆ, ਉਸਨੂੰ ਅੱਧੀ ਦਿਹਾੜੀ ਮਿਲਦੀ ਹੈ।

-ਇਹ ਕੀ ? ਮੈਂ ਸਵੇਰ ਦਾ ਆਇਆ ਹਾਂ

-ਤੂੰ ਕੰਮ ਤਾਂ ਅੱਧਾ ਦਿਨ ਕੀਤਾ ਹੈ।

ਇਹ ਦਲੀਲ/ਤਰਕ ਮਾਲਕ ਦੇ ਹੱਕ ਵਿੱਚ ਠੀਕ ਜਾਪਦਾ ਹੈ। ਦਲੀਲ ਨੂੰ ਕੋਈ ਖਾਰਜ ਨਹੀਂ ਕਰ ਸਕਦਾ।

ਇਸਦਾ ਦੂਸਰਾ ਪਹਿਲੂ ਹੈ :

ਇਕ ਵਿਅਕਤੀ ਇਸ ਧਰਤੀ ਤੇ ਪੈਦਾ ਹੋਇਆ ਹੈ।

ਉਹ ਇਸ ਕੁਦਰਤ ਦਾ ਹਿੱਸਾ ਅਤੇ ਕੁਦਰਤ ਦੇ ਹਰ ਸੋਮੇ ਤੇ ਉਸ ਦਾ ਬਰਾਬਰ ਹੱਕ ਹੈ।

ਉਸਨੂੰ ਭੁੱਖ ਲਗਦੀ ਹੈ, ਪੂਰੀ ਭੁੱਖ ਲਗਦੀ ਹੈ। ਉਸਦਾ ਅੱਧੀ ਦਿਹਾੜੀ ਦੀ ਕਮਾਈ ਨਾਲ ਨਹੀਂ ਸਰਦਾ।

ਉਸਦੀ ਪੂਰੀ ਭੁੱਖ ਬਾਰੇ ਸੋਚਣਾ ਕੀ ਹੈ? ਉਸਨੂੰ ਪੂਰੀ ਰੋਟੀ ਨਾ ਮਿਲਣ ਵਿੱਚ ਉਸਦਾ ਕਿੰਨਾ ਕੁ ਕਸੂਰ ਹੈ?

● ਜਦੋਂ ਅਸੀਂ ਤਰਕ ਦੀ ਗੱਲ ਕਰਦੇ ਹਾਂ ਤਾਂ ਇਹ ਹਿਸਾਬ-ਕਿਤਾਬ ਵਾਲਾ ਤਰਕ ਕਿਹਾ ਜਾਂਦਾ ਹੈ।

ਅੰਗ੍ਰੇਜ਼ੀ ਵਿੱਚ ਦੋ ਸ਼ਬਦ ਹਨ-ਲਾਜਿਕ ਅਤੇ ਰੈਸ਼ਨਲ।

ਲਾਜਿਕ ਦਾ ਅਰਥ ਹੈ-ਤਰਕ।

ਰੈਸ਼ਨਲ ਦਾ ਅਰਥ ਹੈ-ਵਿਵੇਕ, ਪੰਜਾਬੀ ਵਿੱਚ ਬਿਬੇਕ।

ਦੋਹਾਂ ਸ਼ਬਦਾਂ ਦੀ ਭਾਵਨਾ ਵੱਖਰੀ ਹੈ।

ਲਾਜਿਕ ਅਤੇ ਰੈਸ਼ਨਲ ਹੋਣਾ ਇੱਕੋ ਸਥਿਤੀ ਨਹੀਂ ਹੈ।

ਮਾਲਕ ਦਾ ਮਜਦੂਰ ਨੂੰ ਅੱਧੀ ਦਿਹਾੜੀ ਦੇਣਾ ਉਸਦਾ ਲਾਜਿਕ ਹੈ। ਇਹ ਹਿਸਾਬ-ਕਿਤਾਬ ਪੱਖੋਂ ਠੀਕ ਹੈ। ਕਾਨੂੰਨ ਵੀ ਇਥੇ ਮਾਲਕ ਦੇ ਹੱਕ ਵਿੱਚ ਖੜਦਾ ਹੈ।

ਪਰ ਰੈਸ਼ਨ ਹੋਣਾ ਵੱਡਾ ਪਰਿਪੇਖ ਹੈ। ਮਨੁੱਖਤਾ ਦੇ ਨਾਤੇ ਉਸਨੂੰ ਆਪਣੀ ਮੁੱਢਲੀ ਲੋੜ ਲਈ ਪੂਰਾ ਹੱਕ ਨਾ ਮਿਲਣਾ, ਵਿਵੇਕ ਪੱਖੋਂ ਸੋਚਣ ਵਾਲਾ ਪਹਿਲੂ ਹੈ। ਇਹ ਵਸੀਹ ਸੋਚ ਸਾਹਮਣੇ ਰੱਖਦਾ ਹੈ। ਇਥੇ ਗਲਤ ਅਤੇ ਸਹੀ ਦਾ ਫੈਸਲਾ ਮਨੁੱਖਤਾ ਦੇ ਆਧਾਰ ਤੇ ਹੁੰਦਾ ਹੈ।

098158-08506

ਅਗਲੀ ਵਾਰੀ : ਤਰਕਸ਼ੀਲਤਾ, ਵਿਵੇਕ ਅਤੇ ਧਰਮ

ਕੇਸ ਰਿਪੋਰਟ

ਕ੍ਰਿਕਟ ਦੇ ਜਨੂੰਨ ਨੇ ਬਣਾਇਆ ਮਾਨਸਿਕ ਰੋਗੀ



ਸਤਨਾਮ ਦਾਊਂ

ਸਾਇੰਸ ਦੀਆਂ ਸਰੀਰ ਸਬੰਧੀ ਨਵੀਆਂ ਖੋਜਾਂ ਦੀ ਜਾਣਕਾਰੀ ਮੀਡੀਆ ਰਾਹੀਂ ਤੇਜੀ ਨਾਲ ਫੈਲ ਰਹੀ ਹੈ ਤੇ ਲੋਕ ਵੀ ਜਾਗਰੂਕ ਹੋ ਰਹੇ ਹਨ। ਮਾਨਸਿਕ ਰੋਗਾਂ ਸਬੰਧੀ ਜਾਣਕਾਰੀ ਵੱਧ ਰਹੀ ਹੈ। ਅੰਧ ਵਿਸ਼ਵਾਸ ਨਾਲ ਜੁੜੇ ਮਾਨਸਿਕ ਰੋਗਾਂ ਵਿੱਚ ਕਮੀ ਦੇਖਣ ਨੂੰ ਮਿਲ ਰਹੀ ਹੈ। ਪ੍ਰੰਤੂ ਸਮਾਜਿਕ ਬਣਤਰ, ਤਨਾਅ ਭਰੇ ਸਮਾਜਿਕ ਮਾਹੌਲ ਅਤੇ ਹਰ ਖੇਤਰ ਵਿੱਚ ਅੱਵਲ ਰਹਿਣ ਦੀ ਦੌੜ ਨੇ ਹੋਰ ਕਈ ਤਰੀਕਿਆਂ ਦੇ ਮਾਨਸਿਕ ਰੋਗ ਪੈਦਾ ਕਰ ਦਿੱਤੇ ਹਨ। ਅਜਿਹਾ ਹੀ ਇੱਕ ਅਜੀਬ ਮਾਨਸਿਕ ਰੋਗੀ ਕੇਸ ਸਾਨੂੰ ਇੱਕ ਦੁਕਾਨਦਾਰ ਰਾਹੀਂ ਮਿਲਿਆ ਜਦੋਂ ਉਸ ਦੁਕਾਨ ਦਾ ਇੱਕ ਗ੍ਰਾਹਕ ਆਪਣੀ ਸਤਾਰਾਂ ਸਾਲ ਦੀ ਬੇਟੀ ਨਾਲ ਦੁਕਾਨ ਤੋਂ ਕੁੱਝ ਖਰੀਦਣ ਗਿਆ। ਜਦੋਂ ਉਹ ਗ੍ਰਾਹਕ ਸਮਾਨ ਖਰੀਦ ਰਿਹਾ ਸੀ ਤਾਂ ਉਸ ਦੀ ਬੇਟੀ ਸਟੈਂਡ ਉੱਤੇ ਖੜੇ ਮੋਟਰਸਾਈਕਲ ਉੱਤੇ ਹੀ ਬੈਠੀ ਰਹੀ ਤੇ ਪਿਤਾ ਪ੍ਰੇਸ਼ਾਨ ਹੋ ਕੇ ਵਾਰ ਵਾਰ ਬੇਟੀ ਵੱਲ ਧਿਆਨ ਦੇ ਰਿਹਾ ਸੀ। ਦੁਕਾਨਦਾਰ ਨੇ ਉਸਨੂੰ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ ਤਾਂ ਉਸਨੇ ਭਰੀਆਂ ਅੱਖਾਂ ਨਾਲ ਦੱਸਿਆ ਕਿ ਮੈਂ ਆਪਣੇ ਦੋਨੋਂ ਬੱਚਿਆਂ ਕੋਲੋਂ ਬਹੁਤ ਪਰੇਸ਼ਾਨ ਹਾਂ। ਬਾਹਰ ਮੋਟਰਸਾਈਕਲ ਤੇ ਬੈਠੀ ਬੇਟੀ ਨੂੰ ਕੋਈ ਅਜੀਬ ਕਿਸਮ ਦੀ ਸਮੱਸਿਆ ਹੈ। ਸਿਆਣੇ (ਭੂਤ ਕੱਢਣ ਵਾਲੇ ਬਾਬੇ) ਕਹਿੰਦੇ ਹਨ ਕਿ ਇਸਨੂੰ ਕੋਈ ਓਪਰੀ ਕਸਰ ਹੈ। ਪਿਛਲੇ ਤਿੰਨ ਸਾਲਾਂ ਤੋਂ ਮੈਂ ਇਸਦਾ ਇਲਾਜ ਸਾਰੇ ਭੂਤ ਕੱਢਣ ਵਾਲੇ, ਨਾਮ ਦੇਣ/ਬੀਜ਼ ਮੰਤਰ ਦੇਣ ਵਾਲੇ, ਕੁੰਡਲੀ ਦੇਖਣ ਵਾਲੇ, ਕਈ ਤਰ੍ਹਾਂ ਦੇ ਡਾਕਟਰਾਂ, ਵੈਦਾਂ-ਹਕੀਮਾਂ ਕੋਲੋਂ ਕਰਵਾ ਚੁੱਕਾ ਹਾਂ ਪਰੰਤੂ ਕੋਈ ਆਰਾਮ ਨਹੀਂ ਮਿਲਿਆ। ਹੁਣ ਮੈਂ ਨਿਰਾਸ਼ ਹੋ ਚੁੱਕਾ ਹਾਂ। ਦੁਕਾਨਦਾਰ ਨੇ ਉਸਨੂੰ ਆਪਣਾ ਕੇਸ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੂੰ ਦਿਖਾਉਣ ਲਈ ਕਿਹਾ ਪ੍ਰੰਤੂ ਉਸਨੂੰ ਸੁਸਾਇਟੀ ਬਾਰੇ ਕੁਝ ਨਹੀਂ ਪਤਾ ਸੀ ਤੇ ਨਾ ਹੀ ਹੁਣ ਠੀਕ ਹੋਣ ਦਾ ਕੋਈ ਵਿਸ਼ਵਾਸ ਰਿਹਾ ਸੀ। ਅਖੀਰ ਦੁਕਾਨਦਾਰ @ਤੇ ਉਸਦੇ ਸਾਥੀਆਂ ਵੱਲੋਂ ਬਹੁਤ ਜ਼ੋਰ ਪਾਉਣ ਤੋਂ ਬਾਅਦ ਉਸਨੇ ਸਾਡੇ ਨਾਲ ਭਰੇ ਮਨ ਨਾਲ ਰੋਂਦੀ ਅਵਾਜ਼ ਵਿੱਚ ਸੰਪਰਕ ਕੀਤਾ ਤੇ ਉਸੇ ਦਿਨ ਮਿਲਣ ਦਾ ਸਮਾਂ ਨਿਸ਼ਚਿਤ ਕੀਤਾ।

ਜਦੋਂ ਅਸੀਂ ਪਹਿਲੀ ਮੰਜ਼ਿਲ ਤੇ ਸਥਿਤ ਉਨ੍ਹਾਂ ਦੇ ਘਰ ਗਏ ਤਾਂ ਅਸੀਂ ਹਾਲਾਤ ਦੇਖ ਕੇ ਹੈਰਾਨ ਸੀ। ਸਤਾਰਾਂ ਸਾਲਾਂ ਕੁੜੀ ਆਪਣੀ ਮਾਂ ਨਾਲ ਤੇ ਉਸਦਾ ਪੰਦਰਾਂ ਸਾਲਾਂ ਛੋਟਾ ਭਰਾ ਖਿਡੌਣਾ ਕਾਰ ਨਾਲ ਛੋਟੇ ਬੱਚੇ ਵਾਂਗ ਖੇਡ ਰਿਹਾ ਸੀ। ਦੂਜੇ ਕਮਰੇ ਵਿੱਚ ਜਾ ਕੇ ਸਾਨੂੰ ਮਾਂ-ਬਾਪ ਨੇ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਤੋਂ ਸਾਡੇ ਦੋਨੋਂ ਬੱਚੇ ਦੋ-ਤਿੰਨ ਸਾਲ ਦੇ ਬੱਚੇ ਬਣ ਜਾਂਦੇ ਹਨ ਉਹ ਬੱਚਿਆਂ ਦੀ ਤਰ੍ਹਾਂ ਹੀ ਰੁੜਦੇ ਹਨ, ਤੋਤਲੀ ਆਵਾਜ਼ ਵਿੱਚ ਬੋਲਦੇ ਹਨ। ਉਹਨਾਂ ਦੀ ਸਾਰੀ ਸਮਝ ਅਤੇ ਹਰਕਤਾਂ ਛੋਟੇ ਬੱਚਿਆਂ ਵਾਂਗ ਹੋ ਜਾਂਦੀਆਂ ਹਨ। ਨਾ ਤਾਂ ਉਹ ਆਪਣੇ ਹੱਥ ਨਾਲ ਰੋਟੀ ਖਾ ਸਕਦੇ ਹਨ, ਨਾ ਹੀ ਨਹਾ ਸਕਦੇ ਹਨ, ਨਾ ਹੀ ਕੱਪੜੇ ਬਦਲ ਸਕਦੇ ਹਨ। ਇੱਥੋਂ ਤੱਕ ਕੇ ਟੱਟੀ ਪਿਸ਼ਾਬ ਕਰਨਾ ਵੀ ਨਹੀਂ ਦਸ ਸਕਦੇ ਤੇ ਨਾ ਹੀ ਘਰ ਤੋਂ ਨੀਚੇ ਜਾ ਸਕਦੇ ਹਨ। ਸਤਾਰਾਂ ਸਾਲ ਦੀ ਬੇਟੀ ਜਿਸਦਾ ਵਜ਼ਨ ਸੱਠ ਕਿਲੋ ਤੋਂ ਵੱਧ ਹੈ, ਆਪਣੇ ਪਿਤਾ ਦੀ ਘਨੇੜੀ ਚੜ੍ਹ ਕੇ ਹੀ ਹੇਠਾ ਉੱਤਰਦੀ ਹੈ। ਮਾਰਕੀਟ ਵਿੱਚ ਜਾ ਕੇ ਛੋਟੇ ਬੱਚੇ ਦੀ ਤਰ੍ਹਾਂ ਖਿਡੌਣੇ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਮੰਗ ਕਰਦੀ ਹੈ। ਨਾ ਮਿਲਣ ਤੇ ਜਿੱਦ ਕਰਦੀ ਹੈ ਅਤੇ ਸੜਕ ਤੇ ਲਿਟਣ ਲੱਗ ਜਾਂਦੀ ਹੈ। ਕਿਸੇ ਰਿਸ਼ਤੇਦਾਰ, ਜਾਨਵਰ, ਫੋਟੋਆਂ, ਭਾਸ਼ਾ ਅੱਖਰਾਂ, ਸਥਾਨਾਂ ਨੂੰ ਨਹੀਂ ਪਛਾਣ ਸਕਦੀ। ਅਕਸਰ ਬਿਸਤਰਾ ਵੀ ਗਿੱਲਾ ਕਰ ਦਿੰਦੀ ਹੈ। ਜਦੋਂ ਕਿ ਪਹਿਲਾਂ ਇਹ ਕੁੜੀ ਬਾਸਕਟ ਬਾਲ ਟੀਮ ਦੀ ਕੈਪਟਨ ਰਹੀ ਹੈ ਤੇ ਗੋਲਡ ਮੈਡਲ ਵੀ ਜਿੱਤਿਆ ਹੈ। ਪੜ੍ਹਾਈ ਵਿੱਚ ਹਮੇਸ਼ਾਂ ਪਹਿਲੇ ਨੰਬਰਾਂ ਤੇ ਆਉਂਦੀ ਰਹੀ ਹੈ ਅਤੇ ਉਸਦਾ ਸੁਭਾਅ ਸਾਊ, ਸਰੀਫ ਤੇ ਆਗਿਆਕਾਰੀ ਸੀ। ਪ੍ਰੰਤੂ ਤਿੰਨ ਸਾਲ ਪਹਿਲਾਂ ਆਪਣੀ ਰਿਸ਼ਤੇਦਾਰੀ ਵਿੱਚੋਂ ਲੱਗਦੀ ਭੈਣ, ਜੋ ਐੱਮ.ਬੀ.ਬੀ.ਐੱਸ. ਕਰ ਰਹੀ ਸੀ ਅਤੇ ਪਰਿਵਾਰ ਨਾਲ

ਹਿਮਾਚਲ ਕਿਸੇ ਧਾਰਮਿਕ ਸਥਾਨ ਤੇ ਘੁੰਮਣ ਗਈ ਸੀ। ਵਾਪਸ ਆਉਣ ਤੇ ਕੁੜੀ ਨੂੰ ਸਿਰ ਦਰਦ ਹੋਣ ਲੱਗ ਪਿਆ। ਬਹੁਤ ਜਿਆਦਾ ਦਰਦ ਹੋਣ ਤੇ ਹਸਪਤਾਲ ਦਾਖਲ ਕਰਵਾਉਣਾ ਪਿਆ। ਮਾਂ ਨੂੰ ਸ਼ੱਕ ਸੀ ਕਿ ਗੁਆਂਢਣ ਨੇ ਕਿਸੇ ਬਾਬੇ ਕੋਲੋਂ ਕੁੱਝ ਕਰਵਾ ਕੇ ਪਰਿਵਾਰ ਤੇ ਭੂਤ ਪ੍ਰੇਤ ਛੱਡ ਦਿੱਤੇ ਹਨ। ਫਿਰ ਲੜਕੀ ਅਕਸਰ ਬਿਮਾਰ ਰਹਿਣ ਲੱਗ ਪਈ ਅਤੇ ਕਦੇ ਕਦੇ ਬੱਚਿਆਂ ਵਾਲੀਆਂ ਹਰਕਤਾਂ ਕਰਨ ਲੱਗ ਪਈ। ਕੁੱਝ ਸਮੇਂ ਬਾਅਦ ਉਪਰੋਕਤ ਦੱਸੀਆਂ ਬੱਚਿਆਂ ਵਾਲੀਆਂ ਹਰਕਤਾਂ ਕਰਦੀ ਹੋਈ ਬਚਪਨ ਦੀ ਅਵਸਥਾ ਵਿੱਚ ਚਲੀ ਜਾਂਦੀ ਹੈ। ਕਈ ਕਈ ਦਿਨ ਬਚਪਨ ਵਿੱਚ ਹੀ ਰਹਿੰਦੀ ਹੈ। ਜਦੋਂ ਹੋਸ਼ ਆ ਜਾਵੇ ਤਾਂ ਉਸਨੂੰ ਕੁੱਝ ਵੀ ਯਾਦ ਨਹੀਂ ਰਹਿੰਦਾ। ਕਈ ਵਾਰ ਤਾਂ ਹਸਪਤਾਲਾਂ ਵਿੱਚ ਡਾਕਟਰਾਂ ਸਾਹਮਣੇ ਵੀ ਬਚਪਨ ਵਿੱਚ ਚਲੀ ਜਾਂਦੀ ਹੈ। ਹੁਣ ਇਹ ਤਿੰਨ ਮਹੀਨੇ ਤੋਂ ਬਚਪਨ ਵਿੱਚ ਹੀ ਹੈ। ਕਦੇ ਹੋਸ਼ ਵਿੱਚ ਨਹੀਂ ਆਈ। ਲੋੜ ਤੋਂ ਵੱਧ ਸੌਣ ਅਤੇ ਖਾਣ ਪੀਣ ਕਾਰਨ ਸਰੀਰ ਦਾ ਵਜ਼ਨ ਵੀ ਬਹੁਤ ਵੱਧ ਗਿਆ ਹੈ। ਇਸਦਾ ਛੋਟਾ ਭਰਾ ਵੀ ਉਸੇ ਤਰੀਕੇ ਨਾਲ ਬਿਮਾਰ ਹੁੰਦਾ ਜਾ ਰਿਹਾ ਹੈ। ਉਸਦੀ ਬਿਮਾਰੀ ਵੀ ਵੱਧ ਰਹੀ ਹੈ।

ਅਸੀਂ ਇਹ ਘਟਨਾ ਸੁਣ ਕੇ ਹੈਰਾਨ ਸੀ। ਜਦੋਂ ਅਸੀਂ ਉਨ੍ਹਾਂ ਦੋਨਾਂ ਬੱਚਿਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਸਾਡੇ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਨਾ ਹੀ ਸਾਡੀ ਕੋਈ ਗੱਲ ਸੁਣੀ। ਵਾਰ ਵਾਰ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਛੋਟਾ ਭਰਾ ਰੋਣ ਲੱਗ ਪਿਆ ਤੇ ਲੜਕੀ ਸਾਡੇ ਕੋਲੋਂ ਤੰਗ ਹੋ ਕੇ ਧੱਕਾ ਮਾਰ ਕੇ ਕਮਰੇ ਦੇ ਦੂਜੇ ਕੋਨੇ ਵਿੱਚ ਛੁਪ ਗਈ।

ਸਾਰੇ ਹਾਲਾਤ ਦੇਖ ਕੇ ਅਸੀਂ ਉਥੇ ਬਿਨਾਂ ਕੋਈ ਹੋਰ ਗੱਲ ਕੀਤੇ ਸਿਰਫ ਰੋਗੀ ਮੁੰਡੇ ਅਤੇ ਉਸਦੇ ਪਿਤਾ ਨੂੰ ਆਪਣੇ ਘਰ ਬੁਲਾ ਲਿਆ। ਅੱਧੇ ਘੰਟੇ ਬਾਅਦ ਜਦੋਂ ਉਹ ਸਾਡੇ ਘਰ ਪਹੁੰਚੇ ਤਾਂ ਪਿਤਾ ਨੂੰ ਅਸੀਂ ਮਾਰਕੀਟ ਭੇਜ ਦਿੱਤਾ ਤੇ ਰੋਗੀ ਲੜਕੇ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਅਤੇ ਇਸ ਸਿੱਟੇ ਤੇ ਪਹੁੰਚੇ ਕੇ ਲੜਕਾ ਬਹੁਤਾ ਬਿਮਾਰ ਨਹੀਂ ਹੈ ਤੇ ਆਪਣੀ ਭੈਣ ਨੂੰ ਬਿਮਾਰੀ ਕਾਰਨ ਮਿਲੀਆਂ ਸਹੂਲਤਾਂ ਲੈਣ ਲਈ ਮਾਨਸਿਕ ਰੋਗੀ ਬਣ ਗਿਆ ਸੀ। ਲੰਬੀ ਗੱਲਬਾਤ ਤੋਂ ਬਾਅਦ ਉਸਨੂੰ ਬੱਚੇ ਬਨਣ ਦੇ ਨੁਕਸਾਨ, ਪੜ੍ਹਾਈ ਵਿੱਚ ਹੋ ਰਹੇ ਨੁਕਸਾਨ ਅਤੇ ਦੋਸਤਾਂ ਰਿਸ਼ਤੇਦਾਰਾਂ ਵਿੱਚ ਬਣ ਰਹੀ ਗਲਤ ਈਮੇਜ਼ ਕਾਰਨ ਭਵਿੱਖ ਵਿੱਚ ਹੋਣ ਵਾਲੇ ਨੁਕਸਾਨ ਬਾਰੇ ਦੱਸਿਆ ਗਿਆ ਤੇ ਹਿਪਨੋਟਾਈਜ ਕਰਕੇ ਦਿੱਤੇ ਗਏ ਸੁਝਾਵਾਂ ਕਾਰਨ ਉਹ ਠੀਕ ਅਤੇ ਖੁਸ਼ ਮਹਿਸੂਸ ਕਰਨ ਲੱਗ ਪਿਆ। ਕੁੱਝ ਸਮੇਂ ਬਾਅਦ ਉਸਦਾ ਪਿਤਾ ਘਬਰਾਹਟ ਵਿੱਚ ਸਾਡੇ ਕਮਰੇ ਅੰਦਰ ਦਾਖਲ ਹੋਇਆ ਅਤੇ ਦੱਸਿਆ ਕਿ ਪਿੱਛੋਂ ਉਸਦੀ ਬੇਟੀ ਘਰੇ ਬਹੁਤ ਹੰਗਾਮਾ ਕਰ ਰਹੀ ਹੈ, ਸਮਾਨ ਤੋੜ ਰਹੀ ਹੈ ਤੇ ਛੱਤ ਤੋਂ ਛਾਲ ਮਾਰ ਕੇ ਭੱਜਣ ਦੀ ਕੋਸ਼ਿਸ਼ ਕਰ ਰਹੀ ਹੈ। ਹੁਣ ਉਸਨੂੰ ਮੁਹੱਲੇ ਵਾਲਿਆਂ ਨੇ ਕਮਰੇ ਵਿੱਚ ਬੰਦ ਕੀਤਾ ਹੋਇਆ ਹੈ। ਤੇ ਆਪਣੇ ਭਰਾ ਤੇ ਮੈਨੂੰ ਮਿਲਣ ਦੀ ਜਿੱਦ ਕਰ ਰਹੀ ਹੈ। ਇਹ ਗੱਲ ਸੁਣ ਕੇ ਅਸੀਂ ਉਹਨਾਂ ਨੂੰ ਆਪਣੇ ਘਰ ਵਾਪਸ ਭੇਜ ਦਿੱਤਾ ਤੇ ਕੱਲ ਦੋਨੋਂ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਬਲੌਂਗੀ ਜੋ ਕੇ ਤਰਕਸ਼ੀਲ ਸੁਸਾਇਟੀ ਦੀ ਇਕਾਈ ਮੁਹਾਲੀ ਦਾ ਦਫ਼ਤਰ ਵੀ ਹੈ, ਬੁਲਾ ਲਿਆ।

ਦੂਜੇ ਦਿਨ ਦੋਨੋਂ ਬੱਚੇ ਅਤੇ ਮਾਂ-ਬਾਪ ਦਫਤਰ ਵਿੱਚ ਆਏ ਤੇ ਜਦੋਂ ਅਸੀਂ ਲੜਕੀ ਨੂੰ ਚਾਕਲੇਟ ਦਿੱਤਾ ਤਾਂ ਉਹ ਖੁਸ਼ ਹੋ ਗਈ। ਖੁਸ਼ੀ ਨਾਲ ਸਾਡੇ ਹੱਥੋਂ ਚਾਕਲੇਟ ਖਾਣ ਲੱਗ ਪਈ। ਕੋਈ ਵੀ ਗੱਲਬਾਤ ਪੁੱਛਣ ਤੇ ਸਿਰਫ ਕਹਿੰਦੀ ਰਹੀ, ਯੇ ਕਿਆ ਹੋਤਾ ਹੈ। ਅਸੀਂ ਇਸ਼ਾਰੇ ਨਾਲ ਮਾਂ ਨੂੰ ਭੇਜ ਦਿੱਤਾ ਤੇ ਲੜਕੀ ਨੂੰ ਗੱਲਾਂ ਵਿੱਚ ਉਲਝਾਉਂਦੇ ਜੀ। ਕੁੱਝ ਮਿੰਟਾਂ ਬਾਅਦ ਲੜਕੀ ਦਫ਼ਤਰ ਵਿੱਚੋਂ ਮਾਂ ਨੂੰ ਲੱਭਣ ਲਈ ਭੱਜ ਲਈ ਤੇ ਉਸਨੂੰ ਦਰਵਾਜ਼ਾ ਖੋਲਣ ਦਾ ਕੋਈ ਪਤਾ ਨਾ ਲੱਗਾ ਤੇ ਸ਼ੀਸ਼ਾ ਤੋੜ ਕੇ ਬਾਹਰ ਜਾਣ ਦੀ ਕੋਸ਼ਿਸ਼ ਕਰਨ ਲੱਗੀ। ਅਸੀਂ ਉਸਨੂੰ ਫੜ ਕੇ ਮਾਂ ਨੂੰ ਅੰਦਰ ਬੁਲਾ ਲਿਆ। ਹੁਣ ਸਾਨੂੰ ਸਾਫ ਹੋ ਗਿਆ ਸੀ ਕਿ ਲੜਕੀ ਜਾਣ ਬੁੱਝ ਕੇ ਨਹੀਂ ਕਰ ਰਹੀ। ਉਹ ਬਿਮਾਰ ਹੀ ਹੈ।

ਫਿਰ ਲੜਕੀ ਨੂੰ ਛੱਡ ਕੇ ਅਸੀਂ ਮਾਂ ਨਾਲ ਗੱਲਾਂ ਕਰਨ ਲੱਗ ਪਏ ਅਤੇ ਲੜਕੀ ਨੂੰ ਸੁਣਾਂਦੇ ਹੋਏ ਦੱਸਣ ਲੱਗ ਪਏ ਕਿ ਤੁਹਾਡੀ ਲੜਕੀ ਹੁਣ ਔਖੀ ਹੀ ਠੀਕ ਹੋਵੇਗੀ। ਇਸਨੂੰ ਪਾਗਲਖਾਨੇ ਦਾਖਲ ਕਰਵਾਉਣਾ ਪੈ ਸਕਦਾ ਹੈ। ਬਿਜਲੀ ਦੇ ਝਟਕੇ ਲਗਵਾਉਣੇ ਪੈ ਸਕਦੇ ਹਨ। ਇਹ ਹੋ ਸਕਦਾ ਹੈ ਪੜ੍ਹ ਨਾ ਸਕੇ, ਖੇਡ ਨਾ ਸਕੇ ਅਤੇ ਹੁਣ ਇਸਦਾ ਭਵਿੱਖ ਖਰਾਬ ਹੋ ਜਾਵੇਗਾ। ਜਦੋਂ ਇਹ ਲੜਕੀ ਹੋਸ਼ ਵਿੱਚ ਆਏ, ਅਸੀਂ ਤਾਂ ਹੀ

ਕੁੱਝ ਕਰ ਸਕਾਂਗੇ। ਲੜਕੀ ਦੇ ਪਿਤਾ ਨੂੰ ਅਸੀਂ ਸਮਝਾ ਦਿੱਤਾ ਸੀ ਕਿ ਜੋ ਅਸੀਂ ਕਹਿ ਰਹੇ ਹਾਂ ਅਜਿਹਾ ਕੁੱਝ ਨਹੀਂ ਹੈ ਇਹ ਲੜਕੀ ਠੀਕ ਹੋ ਜਾਵੇਗੀ। ਹੋ ਸਕਦਾ ਸਾਡੀਆਂ ਗੱਲਾਂ ਇਸਦੇ ਅਚੇਤ ਮਨ ਤੇ ਅਸਰ ਕਰ ਜਾਣ ਤੇ ਇਹ ਛੇਤੀ ਹੋਸ਼ ਵਿੱਚ ਆ ਜਾਏ। ਜਦੋਂ ਵੀ ਹੋਸ਼ ਵਿੱਚ ਆਏ ਸਾਨੂੰ ਫੋਨ ਕਰਕੇ ਸਦ ਲੈਣਾ।

ਸਾਡੀ ਉਮੀਦ ਮੁਤਾਬਕ ਦੂਜੇ ਦਿਨ ਸਵੇਰੇ ਛੇ ਵਜੇ ਲੜਕੀ ਦੇ ਪਿਤਾ ਦਾ ਫੋਨ ਆਇਆ ਕਿ ਲੜਕੀ ਨੇ ਹੋਸ਼ ਵਿੱਚ ਆ ਕੇ ਸਾਡੇ ਕੋਲੋਂ ਚਾਹ ਮੰਗੀ ਹੈ ਤੇ ਫਿਰ ਸੌਂ ਗਈ। ਲਗਦਾ ਹੈ ਕਿ ਅੱਜ ਇਸਨੂੰ ਪੂਰੀ ਤਰ੍ਹਾਂ ਹੋਸ਼ ਆ ਜਾਵੇਗੀ। ਤੁਸੀਂ ਜਿੰਨੀ ਛੇਤੀ ਹੋ ਸਕਦਾ ਹੈ ਆ ਜਾਓ। ਅਸੀਂ ਤਕਰੀਬਨ ਦੋ ਘੰਟੇ ਬਾਅਦ ਉਨ੍ਹਾਂ ਦੇ ਘਰ ਪਹੁੰਚ ਗਏ। ਲੜਕੀ ਨਹਾ ਕੇ ਬੈਠੀ ਸੀ, ਪਰੰਤੂ ਸਿਰ ਦਰਦ ਦੀ ਸ਼ਿਕਾਇਤ ਕਰ ਰਹੀ ਸੀ। ਜਦੋਂ ਅਸੀਂ ਉਸਦਾ ਹਾਲ ਚਾਲ ਪੁੱਛ ਕੇ ਗੱਲਬਾਤ ਕਰਨੀ ਚਾਹੀ ਤਾਂ ਉਹ ਬਿਲਕੁਲ ਸਾਨੂੰ ਨਹੀਂ ਪਛਾਣਦੀ ਸੀ। ਇਸ ਗੱਲ ਤੋਂ ਵੀ ਅਣਜਾਣ ਸੀ ਕਿ ਉਹ ਸਾਨੂੰ ਕਦੇ ਮਿਲੀ ਸੀ। ਪ੍ਰੰਤੂ ਅਸੀਂ ਉਸਦੇ ਨਾਲ ਗੱਲਬਾਤ ਜਾਰੀ ਰੱਖੀ। ਉਸਦੀ ਪੜਾਈ, ਖੇਡਾਂ, ਰਿਸ਼ਤੇਦਾਰਾਂ ਅਤੇ ਬਿਮਾਰੀ ਬਾਰੇ ਪੁੱਛਿਆ। ਪ੍ਰੰਤੂ ਲੰਬੀ ਗੱਲਬਾਤ ਤੋਂ ਸਾਨੂੰ ਕੋਈ ਸਮਝ ਨਾ ਆਈ। ਅਖੀਰ ਅਸੀਂ ਉਸਦੇ ਭਵਿੱਖ ਸਬੰਧੀ ਸੁਪਨਿਆਂ, ਇੱਛਾਵਾਂ ਜਿਵੇਂ ਕਿ ਵਧੀਆ ਕਾਰਾਂ, ਦੁਨੀਆਂ ਦੀ ਸੈਰ ਅਤੇ ਹੋਰ ਪੈਸੇ ਨਾਲ ਖਰੀਦੀਆਂ ਜਾਣ ਸਕਣ ਵਾਲੀਆਂ ਕੀਮਤੀ ਚੀਜ਼ਾਂ ਬਾਰੇ ਪੁੱਛਿਆ ਤਾਂ ਉਸਦੇ ਸੁਪਨੇ ਬਹੁਤ ਵੱਡੇ ਨਿਕਲੇ ਜੋ ਕਿ ਆਮ ਮੱਧਵਰਗੀ ਪਰਿਵਾਰ ਲਈ ਅਸੰਭਵ ਸੀ। ਅਸੀਂ ਉਸਦੇ ਬਚਪਨ ਤੋਂ ਲੈ ਕੇ ਅੱਜ ਤੱਕ ਬੀਤੇ ਸਮੇਂ ਬਾਰੇ ਪੁੱਛਿਆ, ਤੇ ਭਵਿੱਖ ਦੀਆਂ ਯੋਜਨਾਵਾਂ ਪੁੱਛੀਆਂ। ਤਾਂ ਉਸਨੇ ਭਵਿੱਖ ਬਾਰੇ ਨਿਰਾਸ਼ਤਾ ਹੀ ਬਿਆਨ ਕੀਤੀ। ਉਸਨੇ ਸ਼ੌਕਾਂ ਵਿੱਚੋਂ ਇੱਕ ਸ਼ੌਂਕ ਕ੍ਰਿਕਟ ਖੇਡਣ ਦਾ ਵੀ ਦੱਸਿਆ। ਕ੍ਰਿਕਟ ਦੇ ਸ਼ੌਂਕ ਬਾਰੇ ਗਹਿਰਾਈ ਨਾਲ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਉਹ ਬਚਪਨ ਤੋਂ ਹੀ ਕ੍ਰਿਕਟ ਦੀ ਖਿਡਾਰੀ ਬਣਨਾ ਚਾਹੁੰਦੀ ਸੀ। ਉਸਦੇ ਸਾਰੇ ਸੁਪਨੇ ਕ੍ਰਿਕਟ ਵਿੱਚ ਤਰੱਕੀ ਲੈਣ ਨਾਲ ਹੀ ਜੁੜੇ ਸਨ। ਉਹ ਵੱਡੀ ਹੁੰਦੀ ਗਈ। ਉਸਨੂੰ ਸਕੂਲ ਜਾਂ ਸ਼ਹਿਰ ਵਿੱਚ ਕ੍ਰਿਕਟ ਖੇਡਣ ਦਾ ਕੋਈ ਮੌਕਾ ਨਾ ਮਿਲਿਆ ਤੇ ਨਾ ਹੀ ਉਸਨੂੰ ਕੋਈ ਕੁੜੀਆਂ ਦੀ ਕ੍ਰਿਕਟ ਟੀਮ ਮਿਲੀ। ਮਾਂ-ਬਾਪ ਨੇ ਵੀ ਉਸਦੀ ਕ੍ਰਿਕਟ ਖੇਡਣ ਦੀ ਇੱਛਾ ਦਾ ਕੋਈ ਵਿਰੋਧ ਨਹੀਂ ਕੀਤਾ। ਉਹ ਵੀ ਕੁੜੀਆਂ ਦੀ ਕੋਈ ਕ੍ਰਿਕਟ ਟੀਮ ਲੱਭਦੇ ਰਹੇ। ਅਖੀਰ ਉਹ ਥੱਕ ਹਾਰ ਗਏ ਤੇ ਕੁੜੀ ਨੂੰ ਹੋਰ ਖੇਡਾਂ ਵੱਲ ਧਿਆਨ ਦੇਣ ਲਈ ਕਿਹਾ। ਹੋਰ ਖੇਡਾਂ ਵਿੱਚ ਉਹ ਅੱਗੇ ਨਿਕਲਦੀ ਗਈ।

ਉਸਦੇ ਕ੍ਰਿਕਟ ਨਾਲ ਜੁੜੇ ਸੁਪਨੇ ਦਬਦੇ ਚਲੇ ਗਏ। ਹੁਣ ਸਾਨੂੰ ਸਮਝ ਆਈ ਕਿ ਉਹ ਸਚਿਨ ਤੇਂਦੂਲਕਰ ਦੀ ਤਰ੍ਹਾਂ ਕਾਮਯਾਬ ਖਿਡਾਰੀ ਬਣ ਕੇ ਪੈਸਾ ਅਤੇ ਸ਼ੋਹਰਤ ਹਾਸਲ ਕਰਨਾ ਚਾਹੁੰਦੀ ਸੀ ਤੇ ਇਹ ਹੀ ਉਸਦੀ ਬਿਮਾਰੀ ਦਾ ਕਾਰਨ ਸੀ।


ਇਲਾਜ-ਅਸੀਂ ਉਸਦੇ ਸਾਰੇ ਸੁਪਨੇ ਪੂਰੇ ਹੋਣ ਦਾ ਵਿਸ਼ਵਾਸ ਦਿਵਾਇਆ ਤੇ ਨਾਲ ਹੀ ਸੁਝਾਅ ਦਿੱਤੇ ਕਿ ਉਹ ਪਹਿਲਵਾਨ ਖਲੀ ਦੀ ਤਰ੍ਹਾਂ ਘੱਟ ਪੜ੍ਹੀ ਲਿਖੀ ਖਿਡਾਰੀ ਬਣ ਕੇ ਬਹੁਤੀ ਕਾਮਯਾਬ ਨਹੀਂ ਹੋ ਸਕਦੀ। ਤੇ ਨਾ ਹੀ ਅੰਤਰਰਾਸ਼ਟਰੀ ਪੱਧਰ ਤੇ ਮੀਡੀਆ ਨਾਲ ਅੰਗਰੇਜ਼ੀ ਵਿੱਚ ਗੱਲਬਾਤ ਕਰ ਸਕੇਗੀ। ਉਸਨੂੰ ਵੀ ਕਿਸੇ ਅੰਗਰੇਜ਼ੀ ਬੋਲਦੇ ਹੋਏ ਪੀ.ਏ. ਤੇ ਨਿਰਭਰ ਰਹਿਣਾ ਪਵੇਗਾ। ਜੋ ਤਰੱਕੀ ਵਿੱਚ ਰੁਕਾਵਟ ਬਣ ਜਾਵੇਗਾ। ਉਸਨੂੰ ਘੱਟੋ ਘੱਟ ਵਧੀਆ ਨੰਬਰਾਂ ਨਾਲ ਉਚੇਰੀ ਵਿੱਦਿਆ ਲੈਣੀ ਚਾਹੀਦੀ ਹੈ ਤੇ ਨਾਲ ਨਾਲ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਅਸੀਂ ਉਸਨੂੰ ਵਿਸ਼ਵਾਸ ਦਿੱਤਾ ਕਿ ਛੇਤੀ ਹੀ ਕੋਈ ਕੁੜੀਆਂ ਦੀ ਕ੍ਰਿਕਟ ਟੀਮ ਉਸ ਲਈ ਲੱਭ ਜਾਵੇਗੀ। ਇਹ ਸਾਰੇ ਸੁਝਾਅ ਉਸਨੂੰ ਸਮੋਹਣ ਨੀਂਦ ਵਿੱਚ ਲਿਆ ਕੇ ਵਾਰ ਵਾਰ ਦਿੱਤੇ ਗਏ। ਉਸਨੇ ਸਾਡੀਆਂ ਗੱਲਾਂ ਤੇ ਅਮਲ ਕੀਤਾ ਤੇ ਸੀ.ਬੀ.ਐਸ.ਈ. ਦਸਵੀਂ ਕਲਾਸ ਦੇ ਫਾਈਨਲ ਪੇਪਰਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਜੋ ਕਿ ਸਿਰਫ ਤਿੰਨ ਦਿਨ ਬਾਅਦ ਸਨ ਤੇ ਉਹ ਸੈਕਿੰਡ ਡਵੀਜ਼ਨ ਨਾਲ ਪਾਸ ਹੋਈ ਤੇ ਅੱਜ ਉਹ ਬਿਲਕੁੱਲ ਤੰਦਰੁਸਤ ਹੈ।

85281-25021

ਸ਼ੋਕ ਮਤਾ

ਇਕਾਈ ਜੰਡਿਆਲਾ ਦੇ ਮੈਂਬਰ ਜਸਵੀਰ ਖਡੂਰ ਸਾਹਿਬ ਦੀ ਮਾਤਾ ਪ੍ਰਕਾਸ਼ ਕੌਰ ਦੀ ਮੌਤ ਤੇ ਅਦਾਰਾ ਦੁੱਖ ਦਾ ਇਜ਼ਹਾਰ ਕਰਦਾ ਹੋਇਆ, ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਾ ਹੈ।

ਯਾਦ ਸਦੀਵੀ



➢ ਅਸਲ ਵਿੱਚ, ਬਹੁਤੇ ਲੋਕ ਆਜ਼ਾਦੀ ਨਹੀਂ ਚਾਹੁੰਦੇ, ਕਿਉਂਕਿ ਆਜ਼ਾਦੀ ਨਾਲ ਜ਼ਿੰਮੇਵਾਰੀ ਜੁੜੀ ਹੁੰਦੀ ਹੈ ਅਤੇ ਅਜਿਹੇ ਬੰਦੇ ਜ਼ਿੰਮੇਵਾਰੀ ਤੋਂ ਭਜਦੇ ਹਨ।

➢ ਫੁੱਲ ਵੇਖਣ ਵਿੱਚ ਆਰਾਮ ਕਰਦੇ ਲਗਦੇ ਹਨ ਕਿਉਂਕਿ ਨਾ ਉਨਾਂ ਦੀਆਂ ਭਾਵਨਾਵਾਂ ਹੁੰਦੀਆਂ ਹਨ ਅਤੇ ਨਾ ਹੀ ਕੋਈ ਕਲੇਸ਼।

➢ ਮੋਟੇ ਤੌਰ ਤੇ ਬੰਦਿਆਂ ਵਿੱਚ 'ਚੰਗਿਆਈ' ਨਾ ਮਾਤਰ ਹੈ। ਮੇਰੇ ਅਨੁਭਵ ਵਿੱਚ, ਬਹੁਤੇ ਤਾਂ ਕੂੜਾ ਕਰਕਟ ਹਨ, ਬੇਸ਼ਕ ਜ਼ਾਹਰਾ ਤੌਰ ਤੇ ਉਹ ਇਸ ਸਦਾਚਾਰਕ ਅਸੂਲਾਂ ਨੂੰ ਮੰਨਦੇ ਹੋਣ ਜਾਂ ਕਿਸੇ ਹੋਰ। ਇਹ ਅਜਿਹੀ ਗੱਲ ਹੈ ਜਿਸ ਨੂੰ ਤੁਸੀਂ ਬੁਲੰਦ ਆਵਾਜ਼ ਵਿੱਚ ਨਹੀਂ ਕਹਿ ਸਕਦੇ, ਜਾਂ ਸ਼ਾਇਦ ਇਸ ਤਰ੍ਹਾਂ ਸੋਚ ਵੀ ਨਹੀਂ ਸਕਦੇ।

➢ ਧਰਮ ਇਕ ਭੁਲਾਵਾ ਹੈ ਅਤੇ ਇਸ ਦੀ 'ਸ਼ਕਤੀ' ਇਸ ਗੱਲ ਵਿੱਚ ਹੈ ਕਿ ਇਹ ਸਾਡੀਆਂ ਮੂਲ-ਪ੍ਰਵਿਰਤੀਆਂ ਦੀਆਂ ਇੱਛਾਵਾਂ ਨਾਲ ਮੇਲ ਖਾਂਦਾ ਹੈ।

➢ ਜਦੋਂ ਮੇਰੇ ਕੋਲ ਪ੍ਰੇਰਨਾ ਨਹੀਂ ਹੁੰਦੀ ਤਾਂ ਮੈਂ ਆਪ ਇਸ ਕੋਲ ਚਲ ਕੇ ਜਾਂਦਾ ਹਾਂ।

➢ 'ਭਲਾ' ਬੰਦਾ ਉਨਾਂ ਗੱਲਾਂ ਦੇ ਸੁਫਨੇ ਲੈ ਕੇ ਸੰਤੁਸ਼ਟ ਹੋ ਜਾਂਦਾ ਹੈ ਜਿਹੜੀਆਂ ਵੈਲੀ ਦਿਨ ਵੇਲੇ ਕਰਦਾ ਹੈ।

➢ ਸਭਿਅਤਾ ਦੀ ਪਹਿਲੀ ਬੇਨਤੀ, ਨਿਆਂ ਹੈ।

➢ ਅਸੀਂ ਕਿਸ ਤਰਾਂ ਦੀ ਤਰੱਕੀ ਕੀਤੀ ਹੈ, ਜੇ ਮੱਧ-ਯੁੱਗ ਹੁੰਦਾ ਤਾਂ ਉਨ੍ਹਾਂ ਮੈਨੂੰ ਜ਼ਿੰਦਾ ਜਲਾ ਦੇਣਾ ਸੀ ਪਰ ਹੁਣ ਉਹ ਮੇਰੀਆਂ ਕਿਤਾਬਾਂ ਜਲਾ ਕੇ ਸੰਤੁਸ਼ਟ ਹਨ।

➢ ਖ਼ੂਬਸੂਰਤੀ ਦਾ ਜ਼ਾਹਰਾ ਕੋਈ ਫਾਇਦਾ ਨਹੀਂ ਅਤੇ ਨਾ ਹੀ ਕੋਈ ਇਸ ਦੀ ਸਭਿਆਚਾਰਕ ਜਰੂਰਤ ਹੈ ਪ੍ਰੰਤੂ ਫਿਰ ਵੀ ਸਭਿਅਤਾ ਦਾ ਇਸ ਬਿਨਾਂ ਗੁਜ਼ਾਰਾ ਨਹੀਂ।

➢ ਬਦਇਖਲਾਕੀ ਨੇ ਇਖਲਾਕ ਵਾਂਗ ਹੀ ਧਰਮ ਦੀ ਓਟ ਲਈ ਹੈ।

➢ ਸਾਡੀ ਬਣਤਰ ਇਸ ਤਰਾਂ ਦੀ ਹੈ ਕਿ ਅਸੀਂ ਸਿਰਫ ਭਿੰਨਤਾ ਵਿੱਚ ਹੀ ਡੂੰਘਾ ਸੁਆਦ ਲੈਂਦੇ ਹਾਂ , ਖੁਦ ਸਥਿਤੀ ਵਿਚੋਂ ਨਹੀਂ।

❑❑

ਸਿਗਮੰਡ ਫਰਾਇਡ

(ਆਧੁਨਿਕ ਮਨੋਵਿਗਿਆਨ ਦੇ ਪਿਤਾਮਾ)

ਜਨਮ ਦਿਨ: 6 ਮਈ, 1856



➢ ਕਈ ਮੈਨੂੰ ਸਾਹਸੀ ਕਹਿਣਗੇ ਅਤੇ ਇਹ ਮੈਂ ਹਾਂ ਵੀ □ਪਰ ਇਕ ਵੱਖਰੀ ਕਿਸਮ ਦਾ। ਜਿਹੜਾ ਆਪਣੀਆਂ ਸੱਚਾਈਆਂ ਨੂੰ ਸਿੱਧ ਕਰਨ ਲਈ ਆਪਣੀ ਜਾਨ ਵੀ ਜੋਖ਼ਮ ਵਿੱਚ ਪਾ ਸਕਦਾ ਹੈ।

➢ ਜੇ ਅਨਿਆਂ ਵੇਖ ਕੇ ਤੁਸੀਂ ਰੋਸ ਨਾਲ ਭਰ ਜਾਂਦੇ ਹੋ ਤਾਂ ਤੁਸੀਂ ਮੇਰੇ ਹਮਸਫ਼ਰ ਹੋ।

➢ ਅਸੀਂ ਜ਼ਿੰਦਗੀ ਵਿੱਚ ਕੁਝ ਪਾਉਣ ਦੀ ਆਸ ਨਹੀਂ ਕਰ ਸਕਦੇ ਜਿੰਨਾਂ ਚਿਰ ਅਸੀਂ ਉਸ ਲਈ ਮਰਨ ਲਈ ਤਿਆਰ ਨਹੀਂ ਹੁੰਦੇ।

➢ ਲੋਕ ਹਰ ਰੋਜ ਵਾਲ ਤਾਂ ਵਾਹੁੰਦੇ ਹਨ ਪਰ ਦਿਲ ਦੇ ਵੱਟ ਨਹੀਂ ਕਢਦੇ।

➢ ਮੇਰਾ ਮੰਨਣਾ ਹੈ ਕਿ ਸੱਚੇ ਇਨਕਲਾਬ ਦੀ ਅਗਵਾਈ ਪ੍ਰੇਮ ਦੀ ਮਹਾਨ ਭਾਵਨਾ ਕਰਦੀ ਹੈ ਅਤੇ ਇਸ ਗੁਣ ਦੇ ਬਿਨਾਂ ਕਿਸੇ ਖ਼ਰੇ ਇਨਕਲਾਬੀ ਦੀ ਕਲਪਨਾ ਕਰਨਾ ਅਸੰਭਵ ਹੈ।

➢ ਹਕੀਕਤ ਪਸੰਦ ਬਣੋ ਅਤੇ ਅਸੰਭਵ ਦੀ ਮੰਗ ਕਰੋ।ਮੈਂ ਮੁਕਤੀ ਦਾਤਾ ਨਹੀਂ ਹਾਂ। ਕੋਈ ਮੁਕਤੀ ਦਾਤਾ ਨਹੀਂ ਹੁੰਦਾ। ਲੋਕ ਆਪਣ ਆਪ ਨੂੰ ਮੁਕਤ ਕਰਦੇ ਹਨ।

➢ ਫਿਰ ਬਹੁਤ ਸਾਰੀਆਂ ਗੱਲਾਂ ਸਪੱਸ਼ਟ ਹੋਈਆਂ। ਅਸੀਂ ਸਿੱਖਿਆ ਕਿ ਇਕ ਵੀ ਬੰਦੇ ਦਾ ਜੀਵਨ, ਧਰਤੀ ਦੇ ਸਭ ਤੋਂ ਅਮੀਰ ਬੰਦੇ ਦੀ ਜਾਇਦਾਦ ਨਾਲੋਂ ਲੱਖਾਂ ਗੁਣਾਂ ਕੀਮਤੀ ਹੈ।

➢ ਇਕ ਇਨਕਲਾਬੀ ਦੀ ਪਹਿਲੀ ਲੋੜ, ਉਸ ਦਾ ਪੜ੍ਹੇ-ਗੁੜ੍ਹੇ ਹੋਣਾ ਹੈ।

➢ ਸਾਡੇ ਕੋਲ ਸਮਾਜਵਾਦ ਦੀ ਹੋਰ ਕੋਈ ਪ੍ਰੀਭਾਸ਼ਾ ਨਹੀਂ ਕਿ ਮਨੁੱਖ ਹਥੋਂ ਮਨੁੱਖ ਦੀ ਲੁੱਟ ਦਾ ਖਾਤਮਾ।

➢ ਰੀਂਗ ਕੇ ਜਿਉਣ ਨਾਲੋਂ, ਖੜ੍ਹੇ ਹੋ ਕੇ ਮਰਨਾ ਜਿਆਦਾ ਠੀਕ ਹੈ।

➢ ਮੈਨੂੰ ਆਪਣੇ ਮਰ ਜਾਣ ਦਾ ਕੋਈ ਫਿਕਰ ਨਹੀਂ , ਜਿੰਨਾ ਚਿਰ ਕੋਈ ਹੋਰ ਮੇਰੀ ਬੰਦੂਕ ਚੁੱਕੇਗਾ ਤੇ ਕੇ ਲੜਦਾ ਰਹੇਗਾ।

ਆਰਨੈਸਟੋ ਚੀ ਗੁਵੇਰਾ

(ਦੱਖਣੀ ਅਮਰੀਕਾ ਦੇ ਇਨਕਲਾਬੀ ਨਾਇਕ)

ਜਨਮ ਦਿਨ: 14 ਜੂਨ, 1928

❑❑

ਪੇਸ਼ਕਸ਼: ਅਵਤਾਰ ਗੋਂਦਾਰਾ
gondarasa@yahoo.co

ਤੇਰੇ ਇਸ ਹੌਸਲੇ ਦੇ ਨਾਲ ਨ੍ਹੇਰਾ ਭੱਜਣਾ ਸਾਥੀ ਪਾਲੀ ਖਾਦਿਮ 99143-10063

ਮਿੰਨੀ ਕਹਾਣੀ

'ਕੰਜਕ ਪੂਜਨ'

ਪ੍ਰਿਯੰਕਾ ਮੈਡਮ ਨੇ ਆਪਣੇ ਦਫ਼ਤਰੋਂ ਨਰਾਤੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਨੇੜਲੇ ਸਰਕਾਰੀ ਸਕੂਲ ਸੁਨੇਹਾ ਭਿਜਵਾ ਦਿੱਤਾ ਸੀ ਕਿ ਕੰਜਕ ਪੂਜਨ ਵਾਲੇ ਦਿਨ 9 ਲੜਕੀਆਂ ਨੂੰ ਉਨ੍ਹਾਂ ਦੇ ਦਫ਼ਤਰ ਭੇਜ ਦਿੱਤਾ ਜਾਵੇ। ਸਕੂਲ ਵਾਲਿਆਂ ਦੀ ਕੀ ਮਜਾਲ ਸੀ ਕਿ ਉਹ ਅਜਿਹਾ ਨਾ ਕਰਦੇ ਕਿਉਂਕਿ ਮੈਡਮ ਜਿਲ੍ਹਾ ਪ੍ਰਸ਼ਾਸ਼ਨ ਦੇ ਦਫ਼ਤਰ 'ਚ ਸੁਪਰਡੰਟ ਸਨ। ਨਿਸਚਿਤ ਦਿਨ ਤੇ ਉਨ੍ਹਾਂ ਆਪਣੇ ਦਫ਼ਤਰ ਰੱਖੇ ਇੱਕ ਧਾਰਮਕ ਸਮਾਰੋਹ 'ਚ ਸਕੂਲੋਂ ਆਈਆਂ 9 ਬਾਲੜੀਆਂ ਨੂੰ ਆਪਣੇ ਹੱਥਾਂ ਨਾਲ ਖਵਾਇਆ ਪਿਲਾਇਆ ਤੇ ਉਨ੍ਹਾਂ ਦੇ ਪੈਰ ਵੀ ਧੋਤੇ। ਸਾਰੇ ਦਫ਼ਤਰ ਦੇ ਕਰਮਚਾਰੀ ਮੈਡਮ ਦੇ ਇਸ ਉੱਦਮ ਤੇ ਧਾਰਮਿਕ ਬਿਰਤੀ ਦੀ ਸਰਾਹਨਾ ਕਰ ਰਹੇ ਸਨ।

ਸਮਾਰੋਹ ਦੀ ਸਮਾਪਤੀ ਤੇ ਸਕੂਲੋਂ ਆਈਆਂ ਬਾਲੜੀਆਂ ਨੂੰ ਦਫ਼ਤਰ ਦੀ ਗੱਡੀ ਤੇ ਹੀ ਸਕੂਲ ਵਾਪਸ ਭੇਜ ਦਿੱਤਾ ਗਿਆ। ਪ੍ਰਿਯੰਕਾ ਮੈਡਮ ਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ ਪ੍ਰੰਤੂ ਦਫ਼ਤਰ ਦਾ ਔਰਤ ਸਟਾਫ਼ ਚਾਹ ਦੀਆਂ ਚੁਸਕੀਆਂ ਨਾਲ ਆਪਸ ਵਿੱਚ ਘੁਸਰ-ਮੁਸਰ ਕਰ ਰਿਹਾ ਸੀ, 'ਇਹ ਕੀਹਨੂੰ ਨੀ ਪਤਾ ਭਲਾਂ ਕਿ ਏਸ ਮੈਡਮ ਦੇ ਆਪਣੇ ਘਰੇ ਤਾਂ ਧੀ ਸੱਸ ਸਹੁਰੇ ਨੇ ਨਹੀਂ ਆਉਣ ਦਿੱਤੀ ਤੇ ਹੁਣ ਇਹਨੇ ਆਪਣੇ ਪੁੱਤਰ ਦੇ ਘਰ ਧੀ ਪੈਦਾ ਹੋਣ ਤੇ ਹੀ ਪਾਬੰਦੀ ਲਾ ਰੱਖੀ ਹੈ। ਪੂਰੇ 6 ਸਾਲ ਹੋ ਗਏ ਨੇ, ਘਰ ਨੂੰਹ ਰਾਣੀ ਆਈ ਨੂੰ ਪਰ ਅਜੇ ਵੀ ਉਹਦੀ ਗੋਦ ਖਾਲੀ ਹੈ। ਤਿੰਨ ਵਾਰ ਇਹ ਕੰਜਕ ਪੂਜਕ ਆਪਣੇ ਘਰੋਂ ਅਣਜੰਮੀਆਂ ਬਾਲੜੀਆਂ ਨੂੰ ਮੌਤ ਦਾ ਰਾਹ ਵਿਖਾ ਚੁੱਕੀ ਹੈ।' ਸਾਰਿਆਂ ਨੂੰ ਸਮਾਰੋਹ 'ਚੋਂ ਵਿਦਾ ਕਰਕੇ ਮੁੜੀ ਪ੍ਰਿਯੰਕਾ ਮੈਡਮ ਸਟਾਫ਼ ਕੋਲ ਦੀ ਨੀਵੀਂ ਪਾ ਕੇ ਲੰਘ ਗਈ।

95010-06626

ਨਸ਼ਤਰ

ਲਿਖਣ ਲੱਗਿਆ ਸੀ
ਬਾਦਲ ਦੇ ਰਾਜ ਵਿੱਚ
ਸਭ ਪੰਜਾਬੀਆਂ ਦਾ ਏਕਾ ਹੈ
ਪਿੰਡਾਂ ਵਿੱਚ ਚਾਰ-ਚਾਰ ਗੁਰਦੁਆਰੇ ਨੇ
ਤੇ ਚੌਹਾਂ ਵਿਚਾਲੇ ਸਭ ਦਾ ਸਾਂਝਾ ਠੇਕਾ ਹੈ।

ਸੁਰਜੀਤ ਗੱਗ

94633-89628

ਗਦਰੀ ਸੂਰਬੀਰ ਨੂੰ ਪ੍ਰਣਾਮ

ਵਾਰਤਾਲਾਪ: ਲਾਲਾ ਹਰਦਿਆਲ ਤੇ ਸਰਾਭਾ


...ਕ੍ਰਾਂਤੀਕਾਰੀ ਸੰਸਥਾਵਾਂ ਦੇ ਆਗੂਆਂ ਵਿੱਚ ਆਮ ਤੌਰ ਤੇ ਹਾਸਰਸ ਜਾਂ ਵਿਨੋਦੀ ਕਿਸਮ ਦੀ ਬੋਲਚਾਲ ਘੱਟ ਹੀ ਪਾਈ ਜਾਂਦੀ ਹੈ ਪਰ ਲਾਲਾ ਜੀ ਇਸ ਤੋਂ ਕੋਰੇ ਨਹੀਂ ਸਨ। ਇਸ ਤੋਂ ਛੁੱਟ ਦਿਲ ਦੇ ਕਾਫ਼ੀ ਕੋਮਲ ਸਨ।

ਡਾਢਾ ਹੀ ਪਿਆਰਾ ਤੇ ਮਾਸੂਮ ਚਿਹਰਾ ਸੀ ਮੁੰਡੇ ਦਾ। ਇਨਕਾਰ ਕਰਨ ਨਾਲ ਮਤਾਂ ਵਿਚਾਰੇ ਦੇ ਦਿਲ ਨੂੰ ਠੇਸ ਵੱਜੇ, ਕਿਸੇ ਕੋਮਲ ਜਿਹੇ ਢੰਗ ਨਾਲ ਉਸ ਨੂੰ ਟਾਲਣ ਦੇ ਖਿਆਲੋਂ ਉਨ੍ਹਾਂ ਪੁੱਛਿਆ, 'ਕਿੰਨੀ ਉਮਰ ਏ ਕਾਕਾ ਤੇਰੀ ?'

'ਜੀ 19ਵਾਂ ਲੱਗ ਪਿਆ ਏ।'

'ਵਿਦਿਆਰਥੀ ਏਂ ?'

'ਜੀ ਬਾਰਕਲੇ ਯੂਨੀਵਰਸਿਟੀ ਵਿੱਚ ਪੜਨਾਂ ਵਾਂ।'



'ਕੀ ਨਾਂ ਈ ?'

'ਜੀ ਕਰਤਾਰ ਸਿੰਘ।'

'ਕਿਹੜਾ ਜਿਲ੍ਹਾ ਏਂ ?'

'ਜੀ ਲੁਧਿਆਣਾ।'

'ਖਾਸ ਲੁਧਿਆਣੇ ਦਾ ਰਹਿਣ ਵਾਲਾ ਏਂ ?'

'ਨਹੀਂ ਜੀ ਮੇਰੇ ਪਿੰਡ ਦਾ ਨਾਂ ਸਰਾਭਾ ਏ।'

'ਕੋਈ ਕੰਮ ਵੀ ਕਰਨਾ ਜਾਨਣਾ ਏਂ ?'

'ਕੰਮ ਤਾਂ ਜੀ ਮੈਂ ਸਿਰਫ਼ ਇੱਕੋ ਜਾਣਨਾ ਵਾਂ।'

'ਕਿਹੜਾ ?'

'ਵਤਨ ਲਈ ਮਰਨਾ'

'ਵਤਨ ਲਈ ਜੀਣਾ ਨਹੀਂ ਜਾਣਦਾ ?'

'ਗੁਲਾਮ ਦਾ ਜੀਣਾ ਵੀ ਕੋਈ ਜੀਣਾ ਹੁੰਦਾ ਹੈ ਜੀ।'

ਸ਼ਾਬਾਸ਼ ਦੀ ਥਾਪੀ ਦਿੰਦਿਆਂ ਉਨ੍ਹਾਂ ਭਰਪੂਰ ਪ੍ਰਸ਼ੰਸ਼ਕ ਲਹਿਜ਼ੇ ਵਿੱਚ ਉਸ ਨੂੰ ਕਿਹਾ, 'ਬਈ ਮੁੰਡਿਆ ਤੂੰ ਤਾਂ ਗਦਰ ਪਾਰਟੀ ਵਿੱਚ ਭਰਤੀ ਹੋਣ ਲਈ ਨਹੀਂ ਆਇਆ, ਇਸ ਨੂੰ ਚਾਰ ਚੰਨ ਲਾਉਣ ਆਇਆ ਏਂ।'

ਤੇ ਉਸੇ ਦਿਨ ਲਾਲਾ ਜੀ ਨੇ ਕਰਤਾਰ ਸਿੰਘ ਸਰਾਭੇ ਨੂੰ ਪਾਰਟੀ ਵਿੱਚ ਭਰਤੀ ਕਰ ਲਿਆ ਤੇ ਥੋੜ੍ਹੇ ਹੀ ਦਿਨਾਂ ਵਿੱਚ ਉਹ ਗਦਰ ਪਾਰਟੀ ਦਾ ਰੂਹ-ਏ-ਰਵਾਂ ਬਣ ਗਿਆ।

(ਨਾਨਕ ਸਿੰਘ ਦੇ ਨਾਵਲ 'ਇੱਕ ਮਿਆਨ ਦੋ ਤਲਵਾਰਾਂ' 'ਚੋਂ)

ਸ਼ਹੀਦ ਕਰਤਾਰ ਸਿੰਘ ਸਰਾਭਾ

ਜਨਮ ਦਿਨ 24 ਮਈ 1896

ਜਗਿਆਸਾ



? ਕੀ ਉਡਣ-ਤਸ਼ਤਰੀਆਂ ਬਾਰੇ ਪ੍ਰਚਲਿਤ ਗੱਲਾਂ ਠੀਕ ਹਨ? ਕੀ ਕਦੇ ਕੋਈ ਉਡਣ-ਤਸ਼ਤਰੀ ਕਿਸੇ ਨੇ ਦੇਖੀ ਹੈ ਜਾਂ ਨਿਰੋਲ ਕਹਾਣੀਆਂ ਹੀ ਹਨ। ਕੀ ਇਸ ਬਾਰੇ ਕੋਈ ਸਬੂਤ ਹਨ?

–ਪਿਛਲੇ ਕਾਫੀ ਸਾਲਾਂ ਤੋਂ ਬਹੁਤ ਸਾਰੇ ਲੋਕਾਂ ਵੱਲੋਂ ਸਮੇਂ–ਸਮੇਂ ਤੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਹਨਾਂ ਨੇ ਫਲਾਣੀ ਥਾਂ ਤੇ ਅਸਮਾਨ ਵਿੱਚ ਇੱਕ ਅਜੀਬ ਜਿਹੀ ਉਡ ਰਹੀ ਵਸਤੂ ਦੇਖੀ ਹੈ ਜਿਸ ਵਿੱਚੋਂ ਤਰ੍ਹਾਂ–ਤਰ੍ਹਾਂ ਦੀਆਂ ਰੋਸ਼ਨੀਆਂ ਨਿਕਲ ਰਹੀਆਂ ਸਨ, ਆਦਿ। ਕੁੱਝ ਵੱਲੋਂ ਇਸਦੀ ਸ਼ਕਲ ਗੋਲ ਤਸ਼ਤਰੀ ਵਾਂਗ ਦੱਸੀ ਗਈ। ਜਿਸ ਕਰਕੇ ਇਸਦਾ ਨਾਮ ਉਡਣ–ਤਸ਼ਤਰੀਆਂ (Flying Saucers) ਪੈ ਗਿਆ ਹੈ। ਉਂਝ ਵਿਗਿਆਨੀਆਂ ਵੱਲੋਂ ਅਜਿਹੀਆਂ ਵਸਤੂਆਂ ਦਿਸਣ ਦੀਆਂ ਰਿਪੋਰਟਾਂ ਦੀ ਖੋਜਬੀਨ ਸਮੇਂ U.F.O. ਸ਼ਬਦ ਵਰਤਿਆ ਜਾਂਦਾ ਹੈ ਜੋ ਅੰਗਰੇਜ਼ੀ ਸ਼ਬਦ Un-identified Flying Objects ਦਾ ਸੰਖੇਪ ਹੈ ਭਾਵ ਅਣਪਛਾਤੀਆਂ ਉਡਦੀਆਂ ਵਸਤੂਆਂ।

ਇਹਨਾਂ ਨੂੰ ਵੇਖਣ ਦਾ ਦਾਅਵਾ ਕਰਨ ਵਾਲੇ ਕੁੱਝ ਕੁ ਲੋਕਾਂ ਵੱਲੋਂ ਤਾਂ ਇੱਥੋਂ ਤੱਕ ਵੀ ਦਾਅਵੇ ਕੀਤੇ ਗਏ ਹਨ ਕਿ ਉਹਨਾਂ ਨੇ ਵੇਖਿਆ ਕਿ ਇੱਕ ਉਡਣ–ਤਸ਼ਤਰੀ ਧਰਤੀ ਤੇ ਉੱਤਰ ਗਈ। ਉਸ ਵਿੱਚੋਂ ਇਸ ਤਰ੍ਹਾਂ ਦੀ ਸ਼ਕਲ ਦੇ ਆਦਮੀ ਨਿਕਲੇ। ਪਰ ਉਹਨਾਂ ਨੂੰ ਵੇਖ ਲੈਣ ਤੇ ਉਹ ਦੌੜ ਕੇ ਉਸ ਉਡਣ–ਤਸ਼ਤਰੀ ਵਿੱਚ ਜਾ ਵੜੇ ਅਤੇ ਉਹ ਉਡਣ–ਤਸ਼ਤਰੀ ਵੇਖਦਿਆਂ ਵੇਖਦਿਆਂ ਹੀ ਅਸਮਾਨ ਵਿੱਚ ਅਲੋਪ ਹੋ ਗਈ।

ਮਾਮਲਾ ਬਹੁਤ ਦਿਲਚਸਪ ਲੱਗਦਾ ਹੈ ਪਰ ਆਓ ਵੇਖੀਏ ਕਿ ਸਚਾਈ ਕੀ ਹੈ?

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਐਡੇ ਵਿਸ਼ਾਲ ਬ੍ਰਹਿਮੰਡ ਵਿੱਚ ਹੋਰ ਗ੍ਰਹਿਆਂ ਉਪਰ ਵੀ ਜੀਵਨ ਵਿਕਸਿਤ ਹੋਇਆ ਹੋਵੇਗਾ। ਇਹਨਾਂ ਦੂਸਰੇ ਗ੍ਰਹਿਆਂ ਦੇ ਸੰਭਾਵਿਤ ਵਾਸੀਆਂ ਵਾਸਤੇ ਮਨੁੱਖ ਸ਼ਬਦ ਨਹੀਂ ਵਰਤਿਆ ਜਾ ਸਕਦਾ ਕਿਉਂਕਿ ਉਹਨਾਂ ਦੀ ਸ਼ਕਲ ਅਤੇ ਜੀਵਨ ਢਾਂਚਾ ਕਿਹੋ–ਜਿਹਾ ਹੋਵੇਗਾ, ਇਸਦੀ ਅਸੀਂ ਕਲਪਨਾ ਨਹੀਂ ਕਰ ਸਕਦੇ। ਉਹਨਾਂ ਦੀ ਸਾਡੀ ਧਰਤੀ ਦੇ ਮਨੁੱਖਾਂ ਨਾਲ ਮਿਲਦੇ ਹੋਣ ਦੀ ਤੁਲਨਾ ਕਰਨੀ ਤਾਂ ਉਕਾ ਹੀ ਬਚਗਾਨਾ ਗੱਲ ਹੈ।

ਚਾਹੇ ਸਿਧਾਂਤਕ ਤੌਰ ਤੇ ਇਹ ਸੰਭਵ ਹੈ ਪ੍ਰੰਤੂ ਅਜਿਹੇ ਕਿਸੇ ਜੀਵਾਂ ਦਾ ਸਾਡੀ ਧਰਤੀ ਉੱਪਰ ਉਡਣ–ਤਸ਼ਤਰੀਆਂ ਰਾਹੀਂ ਪੁੱਜਣ ਵਾਲੀਆਂ ਹੁਣ ਤੱਕ ਪ੍ਰਚਲਿਤ ਹੋਈਆਂ ਕਹਾਣੀਆਂ ਵਿੱਚ ਕੋਈ ਤੰਤ ਨਹੀਂ ਲਗਦਾ। ਪਹਿਲੀ ਗੱਲ ਤਾਂ ਜਦ ਅਜਿਹੀਆਂ ਰਿਪੋਰਟਾਂ ਦੀ ਪੜਤਾਲ ਕੀਤੀ ਜਾਂਦੀ ਹੈ ਤਾਂ ਉਹ ਅਕਸਰ ਮਸ਼ਹੂਰੀ ਖੱਟਣ ਲਈ ਘੜੀ ਗਈ ਕਹਾਣੀ ਜਾਂ ਕੁੱਝ ਨਜ਼ਰ ਦਾ ਭੁਲੇਖਾ ਹੀ ਨਿਕਲਦਾ ਹੈ।

ਦੂਸਰੀ ਗੱਲ ਜੋ ਵੱਧ ਮਹੱਤਵਪੂਰਨ ਹੈ ਉਹ ਇਹ ਹੈ ਕਿ ਜਿੰਨੇ ਅਸੀਂ ਕਿਸੇ ਹੋਰ ਗ੍ਰਹਿ ਦੇ ਜੀਵਾਂ ਨਾਲ ਸੰਪਰਕ ਕਰਨ ਲਈ ਉਤੇਜਿਤ ਹਾਂ, ਉਹ, ਜੋ ਐਨੀ ਦੂਰੋਂ ਚੱਲ ਕੇ ਆਉਂਦੇ ਹਨ ਉਹ ਵੀ ਸਾਡੇ ਨਾਲ ਸੰਪਰਕ ਕਰਨ ਦੇ ਇੰਨੇ ਹੀ ਇੱਛਕ ਹੋਣਗੇ। ਫਿਰ ਉਹ ਇੱਥੇ ਆ ਕੇ ਐਵੇਂ ਕਿਉਂ ਮੁੜ ਜਾਂਦੇ ਹਨ? ਉਹ ਐਨੇ ਸੰਗਾਊ ਤਾਂ ਹੋ ਨਹੀਂ ਸਕਦੇ ਕਿ ਧਰਤੀ ਉਪਰਲੇ ਬੁੱਧੀ ਵਾਲੇ ਜੀਵ ਮਨੁੱਖ ਨਾਲ ਕੋਈ ਤਾਲਮੇਲ ਕਰਨ ਦੀ ਕੋਸ਼ਿਸ਼ ਕੀਤੇ ਬਿਨਾਂ ਹੀ ਮੁੜ ਜਾਣ। ਨਾ ਹੀ ਮਨੁੱਖ ਨੂੰ ਵੇਖ ਕੇ ਡਰ ਨਾਲ ਉਹਨਾਂ ਦੇ ਆਪਣੀ ਉਡਣ–ਤਸ਼ਤਰੀ ਵਿੱਚ ਵੜ੍ਹਕੇ ਉਸਨੂੰ ਭਜਾ ਲੈਣ ਵਾਲੀ ਗੱਲ ਜਚਦੀ ਹੈ ਕਿਉਂਕਿ ਐਨੀ ਵਿਕਸਤ ਸਾਇੰਸ ਦੇ ਮਾਲਕ ਇੰਨੇ ਡਰੂ ਨਹੀਂ ਹੋ ਸਕਦੇ। ਇਸ ਲਈ ਜੇ ਉਹ ਸੱਚੀ–ਮੁੱਚੀਓਂ ਹੀ ਇੱਥੇ ਆਉਣ ਤਾਂ ਜਰੂਰ ਆਪਣਾ ਇਥੇ ਖੋਜ ਕੇਂਦਰ ਕਾਇਮ ਕਰਨਗੇ।

ਇਸਤੋਂ ਬਿਨਾਂ ਦੂਸਰੇ ਗ੍ਰਹਿਆਂ ਤੋਂ ਕਿਸੇ ਵੀ ਮੌਕੇ ਹੋਰ ਜੀਵਾਂ ਦੇ ਸਾਡੀ ਧਰਤੀ ਤੇ ਆਉਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਾਰੀ ਦੁਨੀਆਂ ਵਿੱਚ ਇਹੋ ਜਿਹੀਆਂ ਨੀਝਸ਼ਾਲਾਵਾਂ (Observatories) ਬਣਾਈਆਂ ਹੋਈਆਂ ਹਨ ਜਿੱਥੋਂ ਹਰ ਵਕਤ ਸ਼ਕਤੀਸ਼ਾਲੀ ਦੂਰਬੀਨਾਂ, ਆਟੋਮੈਟਿਕ ਕੈਮਰਿਆਂ ਅਤੇ ਹੋਰ ਯੰਤਰਾਂ ਨਾਲ ਬਾਹਰੀ ਪੁਲਾੜ ਤੇ ਹਰ ਵਕਤ ਨਿਗਾਹ ਰੱਖੀ ਜਾਂਦੀ ਹੈ। ਪ੍ਰੰਤੂ ਹਾਲੇ ਤੀਕ ਅਜਿਹੀ ਕਿਸੇ ਵੀ ਵਿਗਿਆਨਕ ਅਬਜਰਵੇਟਰੀ ਵਿੱਚ ਕੋਈ ਉਡਣ–ਤਸ਼ਤਰੀ ਦਿਖਾਈ ਨਹੀਂ ਦਿੱਤੀ।

ਅਸਲ ਵਿੱਚ ਜਿਸ ਤਰ੍ਹਾਂ ਕਿਸੇ ਵਿਗਿਆਨੀ ਨੇ ਕਿਹਾ ਹੈ ਕਿ ਉਡਣ–ਤਸ਼ਤਰੀਆਂ ਤਾਂ ਪੜ੍ਹੇ ਲਿਖੇ ਆਧੁਨਿਕ ਲੋਕਾਂ ਦੇ ਮਨੋ–ਭਰਮ ਹਨ। ਜਿਸ ਤਰ੍ਹਾਂ ਕੁੱਝ ਲੋਕਾਂ ਦੇ ਮਨ ਵਿੱਚ ਇਹ ਗੱਲ ਬੈਠੀ ਹੁੰਦੀ ਹੈ ਕਿ ਭੂਤ ਸੱਚੀਓਂ ਹੁੰਦੇ ਹਨ ਜਾਂ ਫਲਾਣੀ ਜਗ੍ਹਾਂ ਭੂਤ ਰਹਿੰਦੀ ਹੈ ਤੇ ਉਹਨਾਂ ਨੂੰ ਕਿਸੇ ਵਿਸ਼ੇਸ਼ ਮਾਨਸਿਕ ਸਥਿਤੀ ਵਿੱਚ ਜਾਂ ਉਸ ਵਿਸ਼ੇਸ਼ ਜਗ੍ਹਾ ਤੇ ਭੂਤ ਦਿਸਣ ਦਾ ਮਨੋ–ਭਰਮ ਹੋ ਜਾਂਦਾ ਹੈ, ਉਸੇ ਤਰ੍ਹਾਂ ਪੱਛਮ ਦੇ ਬਹੁਤ ਪੜ੍ਹੇ ਲਿਖੇ ਲੋਕਾਂ ਨੂੰ ਦੂਜੇ ਗ੍ਰਹਿਆਂ ਉੱਪਰ ਇੱਕ ਵਿਕਸਤ ਸਭਿਅਤਾ ਹੋਣ ਦਾ ਯਕੀਨ ਹੋਣ ਕਰਕੇ ਕਿਸੇ ਦੂਜੇ ਗ੍ਰਹਿ ਦੇ ਉਹਨਾਂ ਲੋਕਾਂ ਨਾਲ ਸੰਪਰਕ ਕਰਨ ਦੀ ਅੰਤਰਮੁਖੀ ਇੱਛਾ ਅਤੇ ਉਤੇਜਨਾ ਵਿੱਚੋਂ ਇਹ ਮਨੋ–ਭਰਮ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਅੱਗੇ ਪ੍ਰਚਾਰ ਵੀ ਦਿੰਦੇ ਹਨ।

ਮੈਂ ਤਰਕਸ਼ੀਲ ਕਿਵੇਂ ਬਣਿਆ....?



-ਅਵਤਾਰ ਅਰਸ਼

ਮੈਂ ਜਿਸ ਪਰਿਵਾਰ ਵਿੱਚ ਜਨਮ ਲਿਆ, ਉਹ ਪੂਰੀ ਤਰ੍ਹਾਂ ਧਾਰਮਿਕ ਵਿਚਾਰਾਂ ਦਾ ਧਾਰਨੀ ਸੀ। ਜਿਸ ਕਰਕੇ ਮੇਰਾ ਇਸ ਪਾਸੇ ਜਾਣਾ ਸੁਭਾਵਿਕ ਹੀ ਸੀ ਅਤੇ ਛੋਟਾ ਹੁੰਦਾ ਮੈਂ ਵੀ ਹਰ ਧਾਰਮਿਕ ਸਥਾਨ ਤੇ ਜਾ ਕੇ ਚੰਗੇ ਜੀਵਨ ਦੀ ਕਾਮਨਾ ਕਰਦਾ ਸੀ। ਧਾਰਮਿਕ ਵਿਚਾਰਾਂ ਦੀ ਰੰਗਤ ਮੇਰੇ ਉੱਪਰ ਇੰਨੀ ਭਾਰੂ ਸੀ ਕਿ ਮੈਂ ਹਰ ਕੰਮ ਅਖੌਤੀ ਰੱਬ ਦਾ ਨਾਂ ਲੈ ਕੇ ਕਰਦਾ ਸੀ। ਜਦੋਂ ਮੈਂ ਸਕੂਲ ਜਾਣਾ ਸ਼ੁਰੂ ਕੀਤਾ ਤਾਂ ਸਿਲੇਬਸ ਦੀਆਂ ਕਿਤਾਬਾਂ ਦੇ ਨਾਲ-ਨਾਲ ਹੋਰ ਸਾਹਿਤਕ ਕਿਤਾਬਾਂ ਪੜ੍ਹਨ ਦੀ ਰੁਚੀ ਪਈ। ਜਿਵੇਂ ਜਿਵੇਂ ਮੈਂ ਵੱਡਾ ਹੁੰਦਾ ਗਿਆ ਤਾਂ ਮੇਰਾ ਚੰਗੀਆਂ ਕਿਤਾਬਾਂ ਪੜ੍ਹਨ ਦਾ ਰੁਝਾਨ ਹੋਰ ਵਧਦਾ ਗਿਆ ਅਤੇ ਜਦੋਂ ਮੈਂ ਆਪਣੇ ਸਾਇੰਸ ਵਿਸ਼ੇ ਬਾਰੇ ਪੜ੍ਹਦਾ ਤਾਂ ਅਖੌਤੀ ਰੱਬ ਪ੍ਰਤੀ ਮੇਰੇ ਮਨ ਵਿੱਚ ਕਈ ਸਵਾਲ ਖੜੇ ਹੋਣ ਲੱਗੇ। ਜਿੰਨ੍ਹਾਂ ਦਾ ਉੱਤਰ ਲੱਭਣ ਲਈ ਮੈਂ ਹੋਰ ਕਿਤਾਬਾਂ ਪੜ੍ਹਦਾ। ਫਿਰ ਮੈਂ ਸਰਿਤਾ, ਸੁਮਨ ਸੌਰਭ ਆਦਿ ਮੈਗਜ਼ੀਨ ਪੜਦਾ ਸੀ ਜਿੰਨ੍ਹਾਂ ਤੋਂ ਮੈਨੂੰ ਅਖੌਤੀ ਰੱਬ ਦੀ ਅਣਹੋਂਦ ਬਾਰੇ ਪਤਾ ਲੱਗਣਾ ਸ਼ੁਰੂ ਹੋ ਗਿਆ। ਪ੍ਰੰਤੂ ਮੇਰੀ ਜ਼ਿੰਦਗੀ ਵਿੱਚ ਇੱਕ ਘਟਨਾ ਵਾਪਰੀ, ਉਹ ਘਟਨਾ ਇਹ ਸੀ ਕਿ ਮੇਰੇ ਪਿਤਾ ਜੀ ਦਾ ਸਾਧਾਂ ਸੰਤਾਂ ਕੋਲ ਜਿਆਦਾ ਆਉਣ ਜਾਣ ਸੀ। ਕੋਟਕਪੂਰੇ ਦੇ ਇੱਕ ਸਾਧ ਨੇ ਮੇਰੇ ਪਿਤਾ ਜੀ ਨੂੰ ਵਰਗਲਾ ਕੇ ਉਹਨਾਂ ਤੋਂ 10000 ਰੁ: ਠੱਗ ਲਏ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ ਤੇ ਇਹ ਮਿਹਨਤ ਦੀ ਕਮਾਈ ਵਾਪਸ ਕਰਵਾਉਣ ਲਈ ਸੋਚ ਰਿਹਾ ਸੀ ਤਾਂ ਮੈਨੂੰ ਮੇਰੇ ਇੱਕ ਮਿੱਤਰ ਨੇ ਤਰਕਸ਼ੀਲਾਂ ਬਾਰੇ ਦੱਸਿਆ ਤਾਂ ਮੈਂ ਬਰਗਾੜੀ ਜਾ ਕੇ ਕ੍ਰਿਸ਼ਨ ਬਰਗਾੜੀ, ਰੇਸ਼ਮ ਠੱਠੀ ਭਾਈ, ਚੰਨਣ ਵਾਂਦਰ ਅਤੇ ਸੁਖਰਾਜ ਗੋਂਦਾਰਾ ਨਾਲ ਸੰਪਰਕ ਕੀਤਾ ਤਾਂ ਉਹਨਾਂ ਨੇ ਮੇਰੇ ਪੈਸੇ ਵਾਪਸ ਕਰਵਾ ਦਿੱਤੇ। ਉਸਤੋਂ ਬਾਅਦ ਮੈਂ 'ਤਰਕਸ਼ੀਲ' ਮੈਗਜ਼ੀਨ ਪੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਹੁਣ ਮੈਂ ਤੇ ਮੇਰਾ ਪਰਿਵਾਰ ਪੂਰੀ ਤਰ੍ਹਾਂ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਬਣ ਗਏ ਹਾਂ। ਹੁਣ ਮੈਂ ਤਰਕਸ਼ੀਲ ਇਕਾਈ ਜੈਤੋਂ ਦਾ ਸਰਗਰਮ ਮੈਂਬਰ ਹਾਂ। ਮੈਂ ਸਾਰੇ ਸੂਝਵਾਨ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਸਾਰੂ ਸਾਹਿਤ ਪੜ੍ਹ ਕੇ ਕਿਸਮਤਵਾਦੀ ਫਲਸਫ਼ੇ ਨੂੰ ਛੱਡ ਕੇ ਵਿਗਿਆਨਕ ਸੋਚ ਅਪਣਾਓ ਤਾਂ ਹੀ ਸਾਡਾ ਜੀਵਨ ਸੁਖੀ ਅਤੇ ਖੁਸ਼ਹਾਲ ਹੋ ਸਕਦਾ ਹੈ।

ਵਾਂਦਰ (ਮੋਗਾ) 98149-49725



- ਸੰਜੀਵ ਭੀਖੀ

ਤਰਕਸ਼ੀਲ ਪਰਿਵਾਰ ਹੁੰਦਿਆਂ ਵੀ, ਮੈਂ ਤਰਕਸ਼ੀਲ ਨਹੀਂ ਸੀ, ਸਲਾਨਾ ਪੇਪਰਾਂ ਵੇਲੇ ਧਾਰਮਿਕ ਸਥਾਨਾਂ ਤੇ ਜਾਂਦਾ, ਪ੍ਰਸ਼ਾਦ ਵੰਡਦਾ। ਪਿੰਡ ਵਿੱਚ ਤਰਕਸ਼ੀਲ ਪ੍ਰੋਗਰਾਮ ਅਤੇ ਘਰ ਵਿੱਚ ਤਰਕਸ਼ੀਲ ਮੈਗਜ਼ੀਨ ਹੋਣ ਦੇ ਬਾਵਜੂਦ ਵੀ ਮੇਰਾ ਧਿਆਨ ਨਾਵਲਾਂ, ਕਹਾਣੀਆਂ ਅਤੇ ਅਖ਼ਬਾਰਾਂ ਪੜ੍ਹਨ ਵਿੱਚ ਜਿਆਦਾ ਸੀ। ਪਿਛਲੇ ਸਲਾਨਾ ਇਮਤਿਹਾਨਾਂ ਵੇਲੇ ਪੜ੍ਹਾਈ ਵਿੱਚ ਏਨਾ ਰੁਝਿਆ ਹੋਇਆ ਸੀ ਕਿ ਮੈਨੂੰ ਮੱਥਾ ਟੇਕਣ ਦਾ ਟਾਇਮ ਵੀ ਨਾ ਮਿਲਿਆ। ਪ੍ਰੀਖਿਆ ਵਿੱਚੋਂ ਅੰਕ ਫਿਰ ਵੀ ਵਧੀਆ ਆਏ। ਮੈਨੂੰ ਸਮਝ ਆਇਆ ਕਿ ਵਿਸ਼ਵਾਸ, ਲਗਨ ਆਪਣੇ ਆਪ ਵਿੱਚ ਹੋਣੀ ਚਾਹੀਦੀ ਹੈ, ਇਹਨਾਂ ਧਾਰਮਿਕ ਸਥਾਨਾਂ ਡੇਰਿਆਂ ਵਿੱਚ ਨਹੀਂ। ਦਿੱਲੀ ਭੂਆ ਕੋਲ ਮਿਲਣ ਜਾਂਦਿਆਂ ਕਾਹਲੀ ਕਾਹਲੀ ਮੈਂ ਅਚਾਨਕ ਤਿੰਨ-ਚਾਰ ਪੁਰਾਣੇ ਅੰਕ 'ਤਰਕਸ਼ੀਲ' ਮੈਗਜ਼ੀਨ ਦੇ ਵੀ ਲੈ ਗਿਆ। ਤਰਕਸ਼ੀਲ ਮੈਗਜ਼ੀਨ ਮੈਨੂੰ ਬੇਹੱਦ ਰੌਚਿਕ, ਅਗਾਂਹਵਧੂ, ਗੁਣਵਤਾ ਅਤੇ ਦਿਲ ਟੁੰਬਵਾਂ ਲੱਗਿਆ। ਸਾਰੇ ਅੰਕ ਧਿਆਨਪੂਰਵਕ ਪੜ੍ਹੇ, ਮੇਰੀ ਸੋਚ ਹੀ ਬਦਲ ਗਈ। ਵਾਪਸ ਆ ਕੇ ਮੈਂ ਤਰਕਸ਼ੀਲ ਪ੍ਰੋਗਰਾਮ ਵੇਖਿਆ, ਫਿਰ ਤਰਕਸ਼ੀਲ ਸੁਸਾਇਟੀ ਦਾ ਮੈਂਬਰ ਬਣਿਆ। ਮੈਨੂੰ ਕਾਫੀ ਕੁੱਝ ਪਤਾ ਲੱਗਾ, ਮੈਂ ਤਰਕਸ਼ੀਲ ਸੁਸਾਇਟੀ ਰਾਹੀਂ ਚੰਗਾ ਬੁਲਾਰਾ ਬਨਣਾ ਲੋਚਦਾ ਹਾਂ। ਸਪੱਸ਼ਟ ਹੈ ਕਿ ਪਹਿਲਾਂ ਤਾਂ ਮੈਂ ਅਗਿਆਨਤਾ ਦੇ ਚੌਰਾਹੇ ਤੇ ਖੜਾ ਸਾਂ।

ਭੀਖੀ (ਮਾਨਸਾ) 90411-21780

ਸਹਾਇਤਾ

ਤਰਕਸ਼ੀਲ ਸਾਹਿਤ ਵੈਨ

ਦਲਬੀਰ ਕਟਾਣੀ 5000/-
(ਆਪਣੇ ਬੇਟੇ ਆਸਬੀਰ ਸਿੰਘ ਦੇ ਵਿਆਹ ਦੀ ਖੁਸ਼ੀ 'ਚ)

ਅਮਰਜੀਤ ਸਿੰਘ ਸਰਪੰਚ, ਡਾ. ਲੱਖਾ ਸਿੰਘ,
ਰਾਜਾ ਸਿੰਘ ਪ੍ਰਧਾਨ, ਚਰਨਜੀਤ ਸਿੰਘ ਬੈਂਕ ਮੈਨੇਜਰ, 800/-
ਮਨਪ੍ਰੀਤ ਕੌਰ, ਜਸਕਰਨ ਸਿੰਘ, ਕੋਠੇ ਇੰਦਰ ਸਿੰਘ ਵਾਲਾ (ਬਠਿੰਡਾ)

ਜ਼ੋਨ ਲੁਧਿਆਣਾ
ਦਲਬੀਰ ਕਟਾਣੀ 5000/-
(ਆਪਣੇ ਬੇਟੇ ਆਸਬੀਰ ਸਿੰਘ ਦੇ ਵਿਆਹ ਦੀ ਖੁਸ਼ੀ 'ਚ)

ਇਕਾਈ ਸਾਹਨੇਵਾਲ
ਦਲਬੀਰ ਕਟਾਣੀ 5000/-
(ਆਪਣੇ ਬੇਟੇ ਆਸਬੀਰ ਸਿੰਘ ਦੇ ਵਿਆਹ ਦੀ ਖੁਸ਼ੀ 'ਚ)

ਆਓ ਜਾਦੂ ਸਿੱਖੀਏ

ਠੰਡੇ ਪਾਣੀ ਵਿੱਚ ਚੌਲ ਪਕਾਓ


ਲੋੜੀਂਦੀ ਸਮੱਗਰੀ : ਮੁੱਠੀ ਭਰ ਚੌਲ, ਪ੍ਰੈਸ਼ਰ ਕੁੱਕਰ, ਮੁੱਠੀ ਭਰ ਕੈਲਸ਼ੀਅਮ ਆਕਸਾਈਡ (ਨਿੰਬੂ ਸਤ), ਪਾਣੀ ਦਾ ਇੱਕ ਗਲਾਸ

ਤਿਆਰੀ : ਪੇਸ਼ਕਾਰੀ ਤੋਂ ਪਹਿਲਾਂ, ਚੌਲਾਂ ਨੂੰ 25-30 ਮਿੰਟ ਲਈ ਪਾਣੀ ਵਿੱਚ ਭਿਆਓ।

ਪੇਸ਼ਕਾਰੀ : 1. ਪ੍ਰੈਸ਼ਰ ਕੁੱਕਰ ਹੱਥਾਂ ਵਿੱਚ ਚੁੱਕੋ ਅਤੇ ਇਕੱਠ ਨੂੰ ਵਿਖਾਓ ਕਿ ਇਹ ਖਾਲੀ ਹੈ। 2. ਪ੍ਰੈਸ਼ਰ-ਕੁੱਕਰ ਵਿੱਚ ਚੌਲ ਪਾਓ। 3. ਪਾਣੀ ਦਾ ਇੱਕ ਗਿਲਾਸ ਪਾਓ। 4. ਕੈਲਸ਼ੀਅਮ ਆਕਸਾਈਡ (ਨਿੰਬੂ ਸਤ) ਮਿਲਾਓ, ਇਹ ਧਿਆਨ ਵਿੱਚ ਰੱਖਦੇ ਹੋਏ ਕਿ ਇਕੱਠ ਨੂੰ ਪਤਾ ਨਾ ਲੱਗੇ। 5. ਸਾਰੇ ਕੁੱਝ ਨੂੰ ਚੰਗੀ ਤਰ੍ਹਾਂ ਹਿਲਾਓ ਅਤੇ ਪ੍ਰੈਸ਼ਰ ਕੁੱਕਰ ਨੂੰ ਚੰਗੀ ਤਰ੍ਹਾਂ ਬੰਦ ਕਰ ਦਿਓ। 6. 5-6 ਮਿੰਟ ਉਸ ਨੂੰ ਪਿਆ ਰਹਿਣ ਦਿਓ। 7. ਢੱਕਣ ਖੋਲ੍ਹੋ ਅਤੇ ਵੇਖਾਂਗੇ ਕਿ ਚੌਲ, ਬਿਨਾਂ ਬਾਲਣ ਅਤੇ ਅੱਗ ਤੋਂ ਪੱਕ ਚੁੱਕੇ ਹਨ।

ਵਿਆਖਿਆ: ਇਹ ਟ੍ਰਿਕ ਸਾਧਾਰਨ ਰਸਾਇਣਕ ਪ੍ਰਤੀਕਿਰਿਆ ਤੇ ਅਧਾਰਿਤ ਹੈ। ਜਦੋਂ ਕੈਲਸ਼ੀਅਮ ਆਕਸਾਈਡ ਪਾਣੀ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਇਹ ਪ੍ਰਤੀਕਿਰਿਆ ਕਰਦਾ ਹੈ ਅਤੇ ਤਾਪ ਤੇ ਕਾਰਬਨਡਾਈਆਕਸਾਈਡ ਪੈਦਾ ਕਰਦਾ ਹੈ। ਇਸ ਪੈਦਾ ਹੋਏ ਤਾਪ ਨਾਲ ਚੌਲ ਪੱਕੇ ਹਨ।

ਸਾਵਧਾਨੀਆਂ : 1. ਇਸ ਢੰਗ ਨਾਲ ਪਕੇ ਚੌਲ ਖਾਣ ਯੋਗ ਨਹੀਂ ਹਨ। 2. ਕੈਲਸ਼ੀਅਮ ਆਕਸਾਈਡ ਅਤੇ ਹੋਰ ਸਮੱਗਰੀ ਢੁਕਵੀਂ ਮਾਤਰਾ ਵਿੱਚ ਹੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। (Module 'Seeing is not always believing' ਵਿੱਚੋਂ ਟ੍ਰਿਕ ਧੰਨਵਾਦ ਸਹਿਤ ਲੈ ਕੇ ਉਹਨਾਂ ਦਾ ਪੰਜਾਬੀ ਅਨੁਵਾਦ ਕੀਤਾ ਜਾਂਦਾ ਹੈ।)



ਕਿਹੜੇ ਦਿਨ ... ਕੀ?

3 ਮਈ : ਪ੍ਰੈਸ ਆਜ਼ਾਦੀ ਦਿਵਸ

5 ਮਈ : ਜਨਮ ਦਿਨ ਪ੍ਰਸਿੱਧ ਦਾਰਸ਼ਨਿਕ ਕਾਰਲ ਮਾਰਕਸ (1818)

6 ਮਈ : ਮਨੋਵਿਗਿਆਨ ਦੇ ਪਿਤਾਮਾ ਸਿਗਮੰਡ ਫਰਾਇਡ ਦਾ ਜਨਮ (1856)

10 ਮਈ : ਤਾਰਾ ਵਿਗਿਆਨ ਦਿਵਸ, ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ

24 ਮਈ : ਜਨਮ ਸ਼ਹੀਦ ਕਰਤਾਰ ਸਿੰਘ ਸਰਾਭਾ (1896)

28 ਮਈ : ਸ਼ਹੀਦ ਭਗਵਤੀ ਚਰਨ ਵੋਹਰਾ ਦੀ ਬੰਬ ਪਰਖ ਸਮੇਂ ਬੰਬ ਫਟਣ ਕਾਰਣ ਸ਼ਹਾਦਤ (1930)

5 ਜੂਨ : ਵਿਸ਼ਵ ਵਾਤਾਵਰਣ ਦਿਵਸ

7 ਜੂਨ : ਭਾਰਤ ਦਾ ਦੂਸਰਾ ਉਪਗ੍ਰਹਿ ਭਾਸਕਰ ਪੁਲਾੜ ਵਿੱਚ ਛੱਡਿਆ ਗਿਆ (1979)

14 ਜੂਨ : ਵਿਸ਼ਵ ਖ਼ੂਨਦਾਨ ਦਿਵਸ, ਜਨਮ ਦਿਵਸ ਦੱਖਣੀ ਅਮਰੀਕਾ ਦੇ ਇਨਕਲਾਬੀ ਅਰਨੈਸਟੋ ਚੀ ਗੁਵੈਰਾ (1928)

ਇੰਝ ਪੜ੍ਹੀਏ ਪੁਸਤਕਾਂ

ਨਾਮ ਬਨਾਮ ਨਾਮ



'ਨਾਮ ਬਨਾਮ ਨਾਮ' ਕਿਤਾਬ ਜਸਵੀਰ ਸਿੰਘ ਮੋਰੋ ਦੀ ਲਿਖੀ ਹੋਈ ਹੈ। ਇਸ ਕਿਤਾਬ ਦਾ ਮਕਸਦ ਲੋਕਾਈ ਨੂੰ ਰੱਬ ਦੇ ਨਾਮ ਨੂੰ ਪ੍ਰਾਪਤ ਕਰਨ, ਰਟਣ, ਜਪਣ ਦੇ ਜੰਜਾਲ ਤੋਂ ਮੁਕਤ ਕਰਵਾਉਣਾ ਹੈ। ਇਸ ਕਿਤਾਬ ਦੇ ਲੇਖਾਂ ਵਿੱਚ ਲਿਖੀਆਂ ਗੱਲਾਂ ਮੈਨੂੰ ਬਹੁਤ ਚੰਗੀਆਂ ਲੱਗੀਆਂ। ਧਾਰਮਿਕ ਆਗੂ ਲੋਕਾਂ ਨੂੰ ਹਨੇਰੇ ਵਿੱਚ ਰੱਖ ਕੇ ਆਪਣੀਆਂ ਜੇਬਾਂ ਤੇ ਬੈਂਕਾਂ ਦੇ ਖਾਤੇ ਗਰਮ ਕਰਦੇ ਹਨ ਤੇ ਭੋਲੀ ਭਾਲੀ ਜਨਤਾ ਨੂੰ ਲੁੱਟ ਰਹੇ ਹਨ। ਲੋਕ ਇਹ ਕਿਉਂ ਨਹੀਂ ਸੋਚਦੇ ਕਿ ਜੋ ਹੈ ਹੀ ਨਹੀਂ, ਉਸ ਪਿੱਛੇ ਅਸੀਂ ਕਿਉਂ ਭੱਜ ਰਹੇ ਹਾਂ? ਅਸੀਂ ਜੋ ਅੱਜ ਹੈ, ਨੂੰ ਸੰਵਾਰ ਕੇ ਆਪਣੀ ਧਰਤੀ ਨੂੰ ਸੋਹਣਾ ਕਿਉਂ ਨਹੀਂ ਬਣਾ ਲੈਂਦੇ? ਝੂਠੇ ਅੰਧ ਵਿਸ਼ਵਾਸਾਂ ਤੋਂ ਬਾਹਰ ਨਿਕਲ ਕੇ ਆਪਣੇ ਭਵਿੱਖ ਨੂੰ ਸੰਵਾਰਨਾ ਚਾਹੀਦਾ ਹੈ। ਮੈਂ ਧੰਨਵਾਦੀ ਹਾਂ, ਸਰ ਰਣਦੀਪ ਸਿੰਘ ਜੀ ਦੀ ਜਿੰਨ੍ਹਾਂ ਦੀ ਪ੍ਰੇਰਨਾ ਨਾਲ ਇਹ ਕਿਤਾਬ ਮੈਨੂੰ ਪੜ੍ਹਨ ਨੂੰ ਮਿਲੀ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਜੋ ਸਾਡੇ ਵਰਗੇ ਪਾਠਕਾਂ ਦੇ ਪੜ੍ਹਨ ਲਈ ਇਸ ਤਰ੍ਹਾਂ ਦੀਆਂ ਚੰਗੀਆਂ ਕਿਤਾਬਾਂ ਛਾਪ ਰਹੀ ਹੈ।

ਅਮਰਜੀਤ ਕੌਰ ਭੁੱਲਰ (+2)

ਆਸਤਿਕਾਂ ਦੇ ਦੂਹਰੇ ਮਿਆਰ



ਅੰਮ੍ਰਿਤ ਰਿਸ਼ੀ

ਆਸਿਤਕ ਹੋਣ ਦਾ ਸਿੱਧਾ-ਸਿੱਧਾ ਮਤਲਬ ਇਹ ਕੱਢਿਆ ਜਾਂਦਾ ਹੈ। ਰੱਬ ਦੀ ਰਜਾ 'ਚ ਰਹਿਣ ਵਾਲਾ ਕਰਮੀ-ਧਰਮੀ ਵਿਆਕਤੀ ਜਾਂ ਕਹਿ ਲਵੋ ਕਿਸੇ ਦੀ ਆਸ ਤੱਕਣ ਵਾਲਾ, ਕਿਸੇ ਹੋਰ ਦੇ ਸਹਾਰੇ ਜਿਉਂਣ ਵਾਲਾ ।ਆਸਿਤਕ ਲੋਕ ਅਖੌਤੀ ਰੱਬ ਦੀ ਰਜਾ 'ਚ ਕਿੰਨ੍ਹਾ ਕੁ ਰਹਿੰਦੇ ਹਨ, ਰੱਬ (ਜਿਸ ਦੇ ਹੋਣ ਦਾ ਉਹ ਭਰਮ ਪਾਲਦੇ ਹਨ ਅਤੇ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਦੇ ਹਨ) ਤੋਂ ਕਿੰਨ੍ਹਾਂ ਕੁ ਡਰਦੇ ਹਨ? ਆਓ ਵਿਸ਼ਲੇਸ਼ਣ ਕਰੀਏ।

ਸਾਡੇ ਦੇਸ਼ ਦੇ ਬਹੁਗਿਣਤੀ ਲੋਕ ਰੱਬ ਨੂੰ ਮੰਨਦੇ ਹਨ। ਕੋਈ ਵਿਆਕਤੀ ਕਿਸੇ ਧਰਮ ਨਾਲ ਜੁੜਿਆ ਤੇ ਕੋਈ ਕਿਸੇ ਨਾਲ, ਕੋਈ ਕਿਸੇ ਸੰਪਰਦਾਇ ਨਾਲ ਤੇ ਕੋਈ ਕਿਸੇ ਨਾਲ, ਮਤਲਬ ਸਾਰੇ ਆਪਣੇ ਆਪ ਨੂੰ ਕਰਮੀ—ਧਰਮੀ ਜਰੂਰ ਅਖਵਾਉਂਦੇ ਹਨ। ਭਾਵੇਂ ਇਹ ਆਪਣੇ ਆਪ ਨੂੰ ਹੀ ਤਸੱਲੀ ਦੇਣ ਵਾਲੀ ਗੱਲ ਹੈ ਜਾਂ ਫਿਰ ਇੱਕ ਅਜਿਹਾ ਨਕਾਬ ਜਿਸ ਨਾਲ ਦੂਸਰਿਆਂ ਦੀਆਂ ਅੱਖਾਂ ਵਿੱਚ ਘੱਟਾ ਪਾ ਸਕੀਏ ।

ਅਸੀਂ ਸਾਰੇ ਹੀ ਇਸ ਗੱਲ ਨਾਲ ਸਹਿਮਤ ਹੋਵਾਂਗੇ ਕਿ ਸਾਡੇ ਦੇਸ਼ ਵਿੱਚ ਭ੍ਰਿਸ਼ਟਾਚਾਰ ਹੱਦ ਨਾਲੋਂ ਵੱਧ ਗਿਆ ਹੈ। ਜਿੰਨ੍ਹੇ ਵੀ ਲੋਕ ਕਿਸੇ ਕਿਸ਼ਮ ਦਾ ਭ੍ਰਿਸ਼ਟਾਚਾਰ ਕਰਦੇ ਹਨ, ਬੇਸ਼ੱਕ ਉਹ ਛੋਟੇ ਪੱਧਰ ਤੇ ਹੋਵੇ ਜਾਂ ਵੱਡੇ ਪੱਧਰ ਤੇ, ਸਰਕਾਰੀ ਅਦਾਰੇ ਜਾਂ ਗੈਰ ਸਰਕਾਰੀ ,ਰਾਜਸੀ ਲੀਡਰ ਹੋਣ ਜਾਂ ਡਾਕਟਰ, ਵਪਾਰੀ ਜਾਂ ਕਰਮਚਾਰੀ, ਉਹਨਾਂ ਵਿੱਚੋਂ 99% ਕਿਸੇ ਨਾ ਕਿਸੇ ਧਰਮ ਜਾਂ ਸੰਪ੍ਰਦਾਇ ਨਾਲ ਜੁੜੇ ਹੋਏ ਹੁੰਦੇ ਹਨ, ਰੱਬ ਨੂੰ ਮੰਨਦੇ ਹਨ। ਜੇ ਰੱਬ ਨੂੰ ਮੰਨਣਾ (ਪੂਜਣਾ) ਜਾਂ ਧਾਰਮਿਕ ਹੋਣਾ ਇਮਾਨਦਾਰੀ ਦੀ ਗਾਰੰਟੀ ਹੈ ਤਾਂ ਸਾਡੇ ਦੇਸ਼ ਵਿੱਚ ਭ੍ਰਿਸ਼ਟਾਚਾਰ ਨਾ ਮਾਤਰ ਹੁੰਦਾ ਪ੍ਰੰਤੂ ਇੱਥੇ ਤਾਂ ਸਥਿਤੀ ਬਿਲਕੁਲ ਹੀ ਉਲਟ ਹਨ। ਡੇਰਿਆਂ, ਗੁਰਦੁਆਰਿਆਂ, ਮੰਦਿਰਾਂ ਵਿੱਚ ਹੁੰਦੇ ਬਲਾਤਕਾਰ, ਟੁੱਟਦੇ ਗੋਲਕ, ਧਾਰਮਿਕ ਸਥਾਨਾਂ ਤੇ ਹੁੰਦੇ ਕਬਜਿਆਂ ਲਈ ਲੜਾਈਆਂ। ਕਿੰਨ੍ਹੇ ਹੀ ਧਾਰਮਿਕ ਗੁਰੂਆਂ ਦਾ ਬਲਾਤਕਾਰ ਤੇ ਕਾਤਲ ਜਿਹੇ ਸੰਗੀਨ ਜੁਰਮਾਂ ਵਿੱਚ ਲਿਪਤ ਹੋਣਾ ਕੀ ਦਰਸਾਉਂਦਾ ਹੈ? ਅਧਿਆਤਮਵਾਦੀ ਲੋਕ ਕਹਿੰਦੇ ਹਨ ਕਿ ਉਸ ਦੀ ਰਜਾ ਤੋਂ ਬਿਨ੍ਹਾ ਪੱਤਾ ਨਹੀਂ ਹਿਲਦਾ। ਹਰ ਵਰਤਾਰਾ ਉਸੇ ਅਨੁਸਾਰ ਹੁੰਦਾ ਹੈ। ਇੱਕ ਉਦਾਹਰਨ, ਜਦੋਂ ਕੋਈ ਵਿਆਕਤੀ ਬਿਮਾਰ ਹੋ ਜਾਂਦਾ ਹੈ ਤਾਂ ਇਹ ਲੋਕ ਉਸ ਨੂੰ ਬਚਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਚੰਗੇ ਤੋਂ ਚੰਗੇ ਡਾਕਟਰ ਕੋਲ ਇਲਾਜ ਲਈ ਜਾਂਦੇ ਹਨ, ਫਿਰ ਉਹ ਰੱਬ ਦੀ ਰਜਾ ਨੂੰ ਮੰਨ ਕਿ ਘਰ ਕਿਉਂ ਨਹੀਂ ਬਹਿੰਦੇ? ਜਦੋਂ ਕਿਸੇ ਵਿਆਕਤੀ ਦਾ ਐਕਸ਼ੀਡੈਂਟ ਹੋ ਜਾਂਦਾ ਹੈ। ਉਸ ਨੂੰ ਬੁਰੀ ਤਰ੍ਹਾਂ ਨਾਲ ਜਖ਼ਮੀ ਹੋਏ ਨੂੰ ਹਸਪਤਾਲ ਲਿਜਾਇਆ ਜਾਂਦਾ ਹੈ। ਜੇਕਰ ਉਹ ਵਿਆਕਤੀ ਬਚ ਜਾਵੇ ਤਾਂ ਕਹਿਣਗੇ ਵਧੀ ਸੀ। ਉਸ ਦੀ ਮੌਤ ਅਜੇ ਨਹੀਂ ਲਿਖੀ ਸੀ। ਜਾਂ ਕਹਿਣਗੇ ਮਾਰਨ ਵਾਲੇ ਨਾਲੋਂ ਬਚਾਉਣ ਵਾਲਾ ਬਲੀ ਹੁੰਦਾ ਹੈ। ਫਿਰ ਇੱਥੇ ਸਵਾਲ ਉਠਦਾ ਹੈ ਕਿ ਉਹ ਮਾਰਨ ਵਾਲਾ ਕਿਹੜਾ ਸੀ ? ਜੇਕਰ ਕੋਈ ਮਰ ਗਿਆ ਤਾਂ ਕਹਿਣਗੇ ਘਟੀ ਸੀ। ਫਿਰ ਡਾਕਟਰ ਕਿਵੇ ਬਚਾ ਲੈਂਦੇ ਯਾਨੀ ਕਿ ਡਾਕਟਰ ਦਾ ਨਾ ਬਚਾਉਣ ਵਿੱਚ ਕੋਈ ਰੋਲ ਹੁੰਦਾ ਤੇ ਨਾ ਮਾਰਨ ਵਿੱਚ। ਫਿਰ ਇਹਨਾਂ ਨੂੰ ਪੁੱਛੋ ਕਿ ਡਾਕਟਰ ਕੋਲ ਗਏ ਕੀ ਕਰਨ ਸੀ? ਮਤਲਬ ਕਿ ਹਰ ਥਾਂ ਦੋਹਰੇ ਮਾਪਦੰਡ ਅਪਨਾਉਦੇ ਨੇ ਇਹ ਲੋਕ।

ਕਿਸੇ ਦੂਜੇ ਧਰਮ ਵਾਲੇ ਕੋਈ ਵੱਧ ਘੱਟ ਕਰ ਜਾਣ ਤਾਂ ਫਿਰ ਇਹ ਲੋਕ ਚੁੱਪ ਕਿਉਂ ਨਹੀਂ ਬੈਠਦੇ ਉਸ ਦੀ ਰਜਾ ਨੂੰ ਮੰਨਕੇ? ਰਜਾ ਸਿਰਫ ਉੱਥੇ ਤੱਕ ਹੀ ਮੰਨਦੇ ਹਨ ਜਿੱਥੇ ਤੱਕ ਉਹਨਾਂ ਦੇ ਨਿੱਜੀ ਹਿੱਤਾਂ ਵਿੱਚ ਅੜਿੱਕਾ ਨਹੀਂ ਆਉਂਦਾ। ਅਧਿਆਤਮਵਾਦੀ ਅਨੇਕਾਂ ਮਸਲਿਆਂ ਤੇ ਆਪਾ ਵਿਰੋਧੀ ਨਜ਼ਰ ਆਉਂਦੇ ਹਨ। ਇਕ ਪਾਸੇ ਤਾਂ ਕਹਿੰਦੇ ਹਨ ਜੋ ਕੁਝ ਲਿਖ ਦਿੱਤਾ ਉਹ ਹੋਵੇਗਾ। ਫਿਰ ਸੁੱਖਾਂ ਸੁਖਣੀਆਂ, ਚੜ੍ਹਾਵੇ ਚੜ੍ਹਾਉਣੇ, ਚੌਂਕੀਆਂ ਭਰਨੀਆਂ, ਬਾਬਿਆਂ ਦੇ ਕੋਲ ਜਾਣਾ ਇਹ ਸਭ ਕਿਉਂ? ਇਹ ਲੋਕ ਧਾਰਮਿਕ ਸਥਾਨਾਂ ਤੇ ਜਾਂਦੇ ਹਨ, ਸੁੱਖਣਾ ਸੁੱਖਦੇ ਹਨ ਕਿ ਸਾਡੇ ਘਰ ਪੁੱਤਰ ਹੋ ਜਾਵੇ। ਅਕਸਰ ਦਾਅਵੇ ਵੀ ਕਰਦੇ ਹਨ ਕਿ ਸਾਡੇ ਘਰ ਪੁੱਤਰ ਤਾਂ ਫਲਾਣੇ ਧਾਰਮਿਕ ਸਥਾਨ, ਡੇਰੇ ਦੀ ਮਿਹਰ ਨਾਲ ਹੋਇਆ ਹੈ, ਫਲਾਣੇ ਬਾਬੇ ਤੋਂ ਗੋਲੀ ਲਈ ਸੀ। ਧਾਗਾ, ਤਵੀਤ ਪੁਆਇਆ ਸੀ। ਇੱਥੇ ਦੋ ਸੁਆਲ ਖੜ੍ਹੇ ਹੁੰਦੇ ਹਨ ਰੱਬ ਨੂੰ ਮੁੰਡਾ ਦੇਣ ਲਈ ਕੁੜੀ ਲੇਖਾਂ ਵਿੱਚੋਂ ਕੱਟਣੀ ਪਈ

ਮਤਲਬ ਅਸਿੱਧੇ ਤੌਰ ਤੇ ਕੁੜੀ ਦਾ ਕਤਲ, ਦੂਜਾ ਬਾਬੇ, ਧਾਗੇ ਰੱਬ ਦੀ ਰਜਾ ਨੂੰ ਬਦਲ ਸਕਦੇ ਹਨ ਤਾਂ ਬਾਬੇ, ਧਾਗੇ ਤਾਂ ਰੱਬ ਤੋਂ ਵੀ ਸ਼ਕਤੀਸਾਲੀ ਹੋ ਗਏ ਤੇ ਰਜਾ ਕਿੱਧਰ ਗਈ? ਆਸਿਤਕ ਆਪਣੇ ਲਈ ਹੀ ਜਿਉਂਦੇ ਹਨ, ਨਿੱਜੀ ਹਿੱਤਾਂ ਨੂੰ ਪਹਿਲ ਦਿੰਦੇ ਹਨ। ਮੁਕਤੀ ਪ੍ਰਾਪਤ ਕਰਨ ਦੇ ਲਾਲਚ ਵਿੱਚ, ਸਵਰਗਾਂ ਦੀ ਪ੍ਰਾਪਤੀ ਦੇ ਚੱਕਰਾਂ ਵਿੱਚ ਲੱਗੇ ਰਹਿੰਦੇ ਹਨ। ਜੇਕਰ ਕੋਈ ਸਮਾਜਿਕ ਕੰਮ ਵੀ ਕਰਦੇ ਹਨ ਤਾਂ ਵੀ ਉਸ ਪਿੱਛੇ ਉਹਨਾਂ ਦਾ ਨਿੱਜੀ ਮੰਤਵ ਪੁੰਨ ਕਰਨਾ ,ਪੁੰਨ ਕਰਕੇ ਆਪਣਾ ਅੱਗਾ ਸੁਆਰਨਾ ਹੁੰਦਾ ਹੈ ।

ਤਰਕਸ਼ੀਲ ਹੋਣ ਦਾ ਮਤਲਬ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ, ਸਾਧਾਂ ਨੂੰ ਤਰਕ ਰਹਿਤ ਕਰਨਾ, ਅੰਧ-ਵਿਸ਼ਵਾਸ ਨੂੰ ਨਕਾਰਨਾ ਹੀ ਨਹੀਂ ਹੁੰਦਾ, ਬਲਕਿ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਰਤੀ ਤੇ ਵਾਪਰਣ ਵਾਲੇ ਹਰ ਵਰਤਾਰੇ ਨੂੰ ਤਰਕ ਦੇ ਨਾਲ ਵਿਚਾਰਨਾ, ਉਸ ਦੇ ਕਾਰਨਾਂ ਨੂੰ ਸਮਝ ਕੇ ਸਹੀ ਵਿਸ਼ਲੇਸਣ ਕਰਨਾ ਹੀ ਤਰਕਸ਼ੀਲਤਾ ਹੈ। ਲੋਕਾਂ ਦਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣਾ ਹੀ ਤਰਕਸ਼ੀਲਤਾ ਹੈ।

ਤਰਕਸ਼ੀਲ ਉਹ ਵਿਆਕਤੀ ਹੁੰਦਾ ਹੈ ਜਿਸ ਦੀ ਸੋਚ ਦਾ ਪੱਧਰ ਉੱਚਾ ਹੋਵੇ, ਜੋ ਅਗਾਂਹਵਧੂ, ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਹੋਵੇ, ਲੋਕਾਂ ਦੇ ਕੰਮ ਆਉਣ ਵਾਲਾ, ਗਰੀਬਾਂ ਤੇ ਮਜ਼ਲੂਮਾਂ ਦੀ ਸਹਾਇਤਾ ਲਈ ਤਤਪਰ ਰਹਿਣ ਵਾਲਾ, ਇਮਾਨਦਾਰ, ਸਮਾਜਿਕ ਬੁਰਾਈਆਂ, ਚੋਰੀ, ਰਿਸ਼ਵਤਖੋਰੀ ਅਤੇ ਨਸ਼ਿਆਂ ਤੋਂ ਦੂਰ ਰਹਿਣ ਵਾਲਾ ਵਿਅਕਤੀ ਜੋ ਹਮੇਸਾ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਲੋਚਦਾ ਜੋ ਕਿਸੇ ਅਖੌਤੀ ਦੈਵੀ ਸ਼ਕਤੀ ਦਾ ਸਹਾਰਾ ਨਹੀਂ ਤੱਕਦਾ ਕਿਉਂਕਿ ਉਸ ਨੂੰ ਪਤਾ ਹੈ ਕਿ ਸਮੁੱਚਾ ਬ੍ਰਹਿਮੰਡ ਕੋਈ ਅਦਿੱਖ ਸ਼ਕਤੀ ਨਹੀਂ, ਸਾਰੀ ਕਾਇਨਾਤ ਨਿਯਮਾਂ ਅਨੁਸਾਰ ਚੱਲ ਰਹੀ ਹੈ ।

ਧਰਮ ਦੇ ਮਾਮਲੇ ਵਿੱਚ ਜਾਂ ਰੱਬ ਨੂੰ ਮੰਨਣ ਵੇਲੇ ਕੋਈ ਮਾਪਦੰਡ ਨਹੀਂ। ਕੋਈ ਵੀ ਵਿਆਕਤੀ ਚਾਹੇ ਉਹ ਬੇਈਮਾਨ, ਠੱਗ, ਚੋਰ, ਬਲਾਤਕਾਰੀ ਹੋਵੇ, ਆਪਣੇ ਆਪ ਨੂੰ ਧਾਰਮਿਕ ਅਖਵਾ ਸਕਦਾ ਹੈ। ਕਿਸੇ ਸਮਾਗਮ ਵਿੱਚ ਚਾਰ ਪੈਸੇ ਦੇ ਕੇ ਕਰਮੀ-ਧਰਮੀ ਹੋਣ ਦਾ ਸਰਟੀਫਿਕੇਟ ਲੈ ਸਕਦਾ ਹੈ। ਬਲਕਿ ਅਜਿਹੇ ਬਹੁਤ ਲੋਕ ਹਨ ਜੋ ਸਿਰੇ ਦੇ ਠੱਗ, ਚੋਰ, ਬੇਈਮਾਨ, ਕਾਤਲ ਤੇ ਰਿਸਵਤਖ਼ੋਰ ਹਨ ਜੋ ਧਾਰਮਿਕ ਸਥਾਨਾਂ ਨੂੰ, ਬਾਬਿਆਂ ਨੂੰ ਆਪਣੀ ਕਾਲੀ ਕਮਾਈ ਵਿੱਚੋ ਰੁਪਏ ਦੇ ਕੇ ਇਲਾਕੇ ਦੇ ਪਤਵੰਤੇ ਅਖਵਾ ਸਕਦੇ ਹਨ।

ਪਰ ਇਹ ਸਭ ਕਿੰਨੀ ਦੇਰ ਚੱਲੇਗਾ? ਕਦੋ ਤੱਕ ਅਸੀਂ ਗਾਧੀ ਦੇ ਤਿੰਨ ਬਾਂਦਰ ਬਣ ਨਾ ਕੁਝ ਦੇਖੋ,ਨਾ ਕੁਝ ਸੁਣੋ, ਨਾ ਕੁਝ ਬੋਲੋ, ਵਾਲਾ ਸਿਧਾਂਤ ਅਪਨਾਉਂਦੇ ਰਹਾਂਗੇ। ਸਾਡੇ ਸਾਹਮਣੇ, ਸਮਾਜ ਦੇ ਸਾਹਮਣੇ ਵਿਰਾਟ ਸਥਿਤੀਆਂ ਮੂੰਹ ਅੱਡੀ ਖੜੀਆਂ ਹਨ। ਭੁੱਖਮਰੀ, ਗਰੀਬੀ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ। ਇਹ ਸ਼ਿਸਟਮ ਬਦਲਣਾ ਵੀ ਸਾਨੂੰ ਹੀ ਪਵੇਗਾ। ਮੁਨਾਫਾ ਖੋਰ ਲੋਕਾਂ, ਚਾਹੇ ਉਹ ਬਾਬੇ ਹੋਣ, ਧਾਰਮਿਕ ਗੁਰੂ ਜਾਂ ਸੱਤਾ ਤੇ ਕਾਬਜ ਹਾਕਮ ਜਮਾਤਾਂ ਜੋ ਆਪਣੇ ਨਿੱਜੀ ਹਿੱਤਾਂ ਨੂੰ ਪੂਰਾ ਕਰਨ ਲਈ ਲੋਕਾਂ ਨੂੰ ਗੁੰਮਰਾਹ ਕਰਦੇ ਆ ਰਹੇ ਹਨ, ਇਹਨਾਂ ਸਭ ਲੁੱਟਾਂ ਦੇ ਢੰਗਾਂ ਨੂੰ ਸਮਝਣਾ ਪਵੇਗਾ। ਸਮੱਸਿਆਵਾਂ ਦੇ ਹੱਲ ਲਈ ਰੱਬ ਦੇ ਸਹਾਰੇ ਦੀ ਨਹੀਂ ਬਲਕਿ ਸਾਨੂੰ ਸਾਰਿਆਂ ਨੂੰ ਇੱਕਠੇ ਹੋ ਕੇ ਲੜਨਾ ਪਵੇਗਾ ਤਾਂ ਹੀ ਅਸੀਂ ਇੱਕ ਨਰੋਏ ਸਮਾਜ ਦੀ ਸਿਰਜਣਾ ਕਰ ਸਕਾਂਗੇ। ਉਹ ਸਮਾਜ ਜੋ ਲੁੱਟ ਰਹਿਤ ਹੋਵੇ, ਜਿੱਥੇ ਔਰਤ ਮਰਦ ਦੇ ਹੱਕ ਬਰਾਬਰ ਦੇ ਹੋਣ, ਹਰ ਇੱਕ ਲਈ ਰੁਜ਼ਗਾਰ ਹੋਵੇ, ਹਰ ਇੱਕ ਦੀ ਸੁਰੱਖਿਆ ਦੀ ਗਾਰੰਟੀ ਹੋਵੇ। ਸਾਡਾ ਨਜ਼ਰੀਆ ਹਰ ਇੱਕ ਮਸਲੇ ਤੇ ਤਰਕ ਭਰਪੂਰ ਹੋਣਾ ਚਾਹੀਦਾ ਹੈ। ਅੰਧ-ਸ਼ਰਧਾ ਜਾਂ ਆਸਥਾ ਨਾਲ ਲਬਰੇਜ ਨਹੀਂ ਬਲਕਿ ਪਦਾਰਥਵਾਦੀ ਵਿਚਾਰਾਂ ਨਾਲ ਲਬਰੇਜ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਬਰਾਬਰੀ ਵਾਲੇ, ਬੁਰਾਈਆਂ ਤੋਂ ਰਹਿਤ ਇੱਕ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਕਰ ਸਕਾਂਗੇ।

94630-23216

ਧਰਮ ਦੀ ਥਾਂ-ਥਾਂ ਪਿਉਂਦ ਲਾ ਕੇ
ਤੇ ਖ਼ੰਜਰਾਂ ਦੀ ਫ਼ਸਲ ਉਗਾ ਕੇ
ਉਹ ਫ਼ੌਜ ਕੋਈ ਬਣਾ ਰਹੇ ਨੇ
ਤੇ ਕੋਈ ਸਾਜ਼ਿਸ਼ ਵੀ ਘੜ ਰਹੇ ਨੇ
-ਡਾ. ਤੇਜਿੰਦਰ ਮਾਰਕੰਡਾ
98721-80115

ਉਸ ਕਾਲੀ ਰਾਤ ਦੀ ਸਾਜਿਸ਼ ਤੇ ਪਰਦਾ ਹੈ ਅਜੇ
ਖੋਹ ਲਿਆ ਹੈ ਹੱਕ ਜਿਸਨੇ ਜੁਗਨੂੰਆਂ ਤੋਂ ਜਗਣ ਦਾ
ਸਮਸ਼ੇਰ ਮੋਹੀ
94171-42415

ਅੰਧਵਿਸ਼ਵਾਸੀ ਇਸ਼ਤਿਹਾਰਬਾਜ਼ੀ ਨੂੰ ਕਿਵੇਂ ਰੋਕੀਏ?



ਹਰਿੰਦਰ ਲਾਲੀ

ਹਰ ਰੋਜ਼ ਸਾਰਾ-ਸਾਰਾ ਦਿਨ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਜ਼ਰੀਏ ਤਰਾਂ-ਤਰਾਂ ਦੇ ਤਾਂਤਰਿਕਾਂ, ਜੋਤਿਸ਼ੀਆਂ, ਬਾਬਿਆਂ ਆਦਿ ਵੱਲੋਂ ਇਤਰਾਜਯੋਗ ਇਸ਼ਤਿਹਾਰਬਾਜ਼ੀ ਕਰਕੇ ਸਮਾਜ ਵਿਚਲੇ ਭੋਲੇ-ਭਾਲੇ ਅਤੇ ਵੱਖੋ-ਵੱਖਰੇ ਦੁੱਖਾਂ-ਤਕਲੀਫਾਂ ਵਿੱਚ ਫਸੇ ਲੋਕਾਂ ਨੂੰ ਆਪਣੇ ਜਾਲ਼ ਵਿੱਚ ਫਸਾ ਕੇ ਉਨ੍ਹਾਂ ਦਾ ਤਰਾਂ-ਤਰਾਂ ਨਾਲ ਸ਼ੋਸ਼ਣ ਕੀਤਾ ਜਾਂਦਾ ਹੈ। ਅਜਿਹੀ ਇਸ਼ਤਿਹਾਰਬਾਜ਼ੀ ਨੂੰ ਰੋਕਣ ਬਾਬਤ ਬਣਾਏ ਗਏ ਕਾਨੂੰਨਾਂ/ਨਿਯਮਾਂ ਬਾਰੇ ਪਿਛਲੇ ਕਈ ਅੰਕਾਂ ਵਿੱਚ ਲੋੜ ਗੋਚਰੀ ਚਰਚਾ ਕੀਤੀ ਜਾ ਚੁੱਕੀ ਹੈ। ਅੱਜ ਆਪਣੀ ਗੱਲ-ਬਾਤ ਦਾ ਵਿਸ਼ਾ ਹੈ ਕਿ ਹੁਣ ਤੱਕ ਅਜਿਹੀਆਂ ਇਸ਼ਤਿਹਾਰਬਾਜ਼ੀਆਂ ਨੂੰ ਰੋਕਣ ਵਾਸਤੇ ਕੀਤੀ ਜਾ ਚੁੱਕੀ ਕਾਨੂੰਨੀ ਚਾਰਜੋਈ ਦੀ ਰੌਸ਼ਨੀ ਵਿੱਚ ਭਵਿੱਖ ਲਈ ਯੋਜਨਾਬੰਦੀ ਕਿਵੇਂ ਕੀਤੀ ਜਾਵੇ ?

ਦਵਾਈਆਂ ਅਤੇ ਜਾਦੂਈ ਇਲਾਜ (ਇਤਰਾਜਯੋਗ ਇਸ਼ਤਿਹਾਰਬਾਜ਼ੀ) ਕਾਨੂੰਨ, 1954 (ਸੰਖੇਪਤਾ ਦੇ ਉਦੇਸ਼ ਹਿੱਤ ਇਸ ਕਾਨੂੰਨ ਨੂੰ ਅੱਗੇ ਜਾਦੂਈ ਇਲਾਜ ਵਾਲਾ ਕਾਨੂੰਨ ਹੀ ਲਿਖਿਆ ਜਾਵੇਗਾ) ਹੀ ਇੱਕ ਅਜਿਹਾ ਕਾਨੂੰਨ ਹੈ ਜੋ ਪ੍ਰਮੁੱਖ ਤੌਰ ਤੇ ਇਸ ਵਿਸ਼ੇ ਤੇ ਪ੍ਰਭਾਵਸ਼ਾਲੀ ਸਾਬਤ ਹੋ ਸਕਦਾ ਹੈ। ਹੁਣ ਤੱਕ ਕਈ ਵਾਰ ਇਸ ਕਾਨੂੰਨ ਤਹਿਤ ਭਾਰਤ ਦੀ ਸੁਪਰੀਮ ਕੋਰਟ ਅਤੇ ਦੇਸ਼ ਦੀਆਂ ਕਈ ਹਾਈਕੋਰਟਾਂ ਵਿੱਚ ਚੱਲੀ ਮੁਕੱਦਮੇਬਾਜ਼ੀ ਵਿੱਚ ਬੜੇ ਮਹੱਤਵਪੂਰਨ ਲੰਮਾ ਸਮਾ ਅਸਰ ਪਾਉਂਦੇ ਰਹਿਣ ਵਾਲੇ ਫੈਸਲੇ ਸੁਣਾਏ ਗਏ ਹਨ ਜਿਨ੍ਹਾਂ ਦੀ ਰੌਸ਼ਨੀ ਵਿੱਚ ਅਗਲੇਰੀ ਕਾਰਵਾਈ ਕਾਫੀ ਸਿੱਧੀ, ਸੌਖੀ ਅਤੇ ਪ੍ਰਭਾਵਸ਼ਾਲੀ ਸਾਬਤ ਹੋ ਸਕਦੀ ਹੈ। ਆਓ ਆਪਾਂ ਕੁੱਝ ਅਦਾਲਤਾਂ ਵਿੱਚ ਵਿਚਾਰੇ ਅਤੇ ਨਿਪਟਾਏ ਗਏ ਕੁੱਝ ਖਾਸ-ਖਾਸ ਕੇਸਾਂ ਦੇ ਵੇਰਵਿਆਂ ਨੂੰ ਵਿਚਾਰੀਏ ਤਾਂ ਭਵਿੱਖ ਬਾਰੇ ਕੋਈ ਯੋਜਨਾ ਉਲੀਕੀ ਜਾ ਸਕੇ !

ਮੇਰੀ ਜਾਣਕਾਰੀ ਅਨੁਸਾਰ ਸੰਨ 1954 ਵਿੱਚ ਬਣੇ ਇਸ ਕਾਨੂੰਨ ਨੂੰ ਭਾਰਤੀ ਸੰਵਿਧਾਨ ਦੇ ਉਲਟ ਗਰਦਾਨਦੇ ਹੋਏ ਇਸ ਕਾਨੂੰਨ ਨੂੰ ਖਤਮ ਕਰਵਾਉਣ ਵਾਸਤੇ ਮਿਤੀ: 18-12-1959 ਨੂੰ ਹਮਦਰਦ ਦਵਾਖਾਨਾ ਵਗੈਰਾ ਬਨਾਮ ਯੂਨੀਅਨ ਆਫ ਇੰਡੀਆ (ਯਾਨੀ ਭਾਰਤ ਸਰਕਾਰ) ਦੇ ਕੇਸ ਅਨੁਵਾਨ ਤਹਿਤ ਮੁੱਕਦਮਾ ਠੋਕ ਦਿੱਤਾ ਗਿਆ ਸੀ ਜਿਸ ਦਾ ਪੂਰਾ ਫੈਸਲਾ A.I.R. 1960 Supreme Court 554(1) (ਅਦਾਲਤੀ ਫੈਸਲਿਆਂ ਸਬੰਧੀ ਮਹੀਨਾਵਾਰ ਛਪਣ ਵਾਲੀ ਇੱਕ ਕਿਤਾਬ) ਵਿੱਚ ਪ੍ਰਕਾਸ਼ਿਤ ਹੋਇਆ। ਇਹ ਫੈਸਲਾ ਸਰਵ ਸ਼੍ਰੀ ਬੀ.ਪੀ. ਸਿਨਹਾ, ਮੁੱਖ ਜੱਜ ਸੁਪਰੀਮ ਕੋਰਟ, ਐਸ. ਜੇ. ਇਮਾਮ, ਜੇ.ਐਲ.ਕਪੂਰ, ਕੇ. ਐਨ. ਵਾਂਚੂ ਅਤੇ ਕੇ.ਸੀ. ਦਾਸ ਗੁਪਤਾ ਜੱਜਜ਼ ਦੇ ਬੈਂਚ ਵੱਲੋਂ ਕੀਤਾ ਗਿਆ ਸੀ। ਪਟੀਸ਼ਨਰਾਂ ਦੀ ਮੁੱਖ ਦਲੀਲ ਇਹ ਸੀ ਕਿ ਇਸ ਕਾਨੂੰਨ ਤਹਿਤ ਮਸ਼ਹੂਰੀਆਂ 'ਤੇ ਲਗਾਈ ਜਾਣ ਵਾਲੀ ਰੋਕ ਭਾਰਤੀ ਸੰਵਿਧਾਨ ਦੇ ਅਨੁਛੇਦ 19(1) ਤਹਿਤ ਦਿੱਤੇ ਗਏ ਬੋਲਣ ਦੀ ਅਜ਼ਾਦੀ ਦੇ ਅਧਿਕਾਰ ਦੀ ਉਲੰਘਣਾ ਕਰਦੀ ਹੈ। ਇਸ ਕਰਕੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੋਣ ਕਾਰਨ ਇਸ ਕਾਨੂੰਨ ਨੂੰ ਰੱਦ ਕੀਤਾ ਜਾਵੇ। ਕਾਫੀ ਲੰਬੀ ਸੁਣਵਾਈ ਕਰਨ ਉਪਰੰਤ ਸੁਪਰੀਮ ਕੋਰਟ ਵੱਲੋਂ ਇਹ ਫੈਸਲਾ ਕੀਤਾ ਗਿਆ ਕਿ ਇਸ ਕਾਨੂੰਨ ਦੁਆਰਾ ਕਿਸੇ ਵੀ ਮੌਲਿਕ ਅਧਿਕਾਰ ਦੀ ਉਲੰਘਣਾ ਨਹੀਂ ਕੀਤੀ ਜਾਂਦੀ, ਇਸ ਕਰਕੇ ਇਸ ਕਾਨੂੰਨ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਬਾਅਦ ਸਾਲ 1985 (1) RCR (Criminal) 418, 1985(2) RCR (Criminal) 319 (ਅਦਾਲਤੀ ਫੈਸਲਿਆਂ ਸਬੰਧੀ ਮਹੀਨਾਵਾਰ ਛਪਣ ਵਾਲੀ ਇੱਕ ਕਿਤਾਬ) ਵਿੱਚ ਮੈ/ਸਰਜ਼ ਸਬਲੋਕ ਕਲੀਨਿਕ ਬਨਾਮ ਦਿੱਲੀ ਰਾਜ ਵਿੱਚ ਦਿੱਲੀ ਹਾਈਕੋਰਟ ਦੇ ਜਸਟਿਸ ਡੀ.ਆਰ. ਖੰਨਾ ਵੱਲੋਂ ਫੈਸਲਾ ਸੁਣਾਇਆ ਗਿਆ ਕਿ ਇਸ ਕਾਨੂੰਨ ਤਹਿਤ ਜੋ ਵੀ ਸ਼ਿਕਾਇਤ ਕੀਤੀ ਜਾਣੀ ਹੈ, ਉਹ ਸਬੰਧਤ ਇਸ਼ਤਿਹਾਰਬਾਜ਼ੀ ਕੀਤੀ ਜਾਣ ਦੀ ਤਾਰੀਖ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਹੀ ਕੀਤੀ ਜਾ ਸਕਦੀ ਹੈ ਕਿਉਂਕਿ ਜਾਬਤਾ ਫੌਜ਼ਦਾਰੀ ਦੀ ਧਾਰਾ 468 ਵਿੱਚ ਦਰਜ਼ ਵਿਵਸਥਾ ਵਿੱਚ ਨਿਸ਼ਚਤ ਕੀਤੀ ਗਈ ਮਿਆਦ ਕਾਰਨ 6 ਮਹੀਨੇ ਦੀ ਸਮਾਂ-ਸੀਮਾ ਤੋਂ ਬਾਅਦ ਕੀਤੀ ਗਈ ਸ਼ਿਕਾਇਤ 'ਤੇ ਕੋਈ ਵੀ ਕਾਰਵਾਈ ਕਿਸੇ ਵੀ ਅਦਾਲਤ ਵੱਲੋਂ ਨਹੀਂ ਕੀਤੀ ਜਾ ਸਕਦੀ।

ਨੇੜਲੇ ਬੀਤੇ ਸਮੇਂ ਵਿੱਚ ਸਿਵਲ ਰਿੱਟ ਪਟੀਸ਼ਨ ਨੰਬਰ 5898 ਆਫ 2007 ਬਾ-ਅਨੁਵਾਨ ਸ਼੍ਰੀਮਤੀ ਆਰਤੀ ਬਨਾਮ ਪੰਜਾਬ ਸਰਕਾਰ ਵਗੈਰਾ ਵਿੱਚ ਪੰਜਾਬ ਅਤੇ ਹਾਈਕੋਰਟ ਦੇ ਮੁੱਖ ਜੱਜ ਸ਼੍ਰੀ ਤੀਰਥ ਸਿੰਘ ਠਾਕੁਰ ਅਤੇ ਜਸਟਿਸ ਜਸਬੀਰ ਸਿੰਘ ਦੇ ਡਬਲ ਬੈਂਚ ਵੱਲੋਂ ਮਿਤੀ:20-03-2009 ਨੂੰ ਬੜਾ ਮਾਅਰਕੇ

ਵਾਲਾ ਫੈਸਲਾ ਸੁਣਾਇਆ ਗਿਆ ਹੈ ਜਿਸ ਦਾ ਸਹਾਰਾ ਲੈ ਕੇ ਪੁਲੀਸ ਪ੍ਰਸ਼ਾਸਨ ਪਾਸੋਂ ਇਤਰਾਜਯੋਗ ਇਸ਼ਤਿਹਾਰਬਾਜ਼ੀ ਬਾਬਤ ਕਾਨੂੰਨੀ ਕਾਰਵਾਈ ਕਰਵਾਉਣੀ ਬਹੁਤ ਹੀ ਸੌਖੀ ਅਤੇ ਸਰਲ ਬਣ ਗਈ ਹੈ।ਇਸ ਕਾਫੀ ਲੰਬੇ ਫੈਸਲੇ ਵਿੱਚ ਹਾਈਕੋਰਟ ਵੱਲੋਂ ਜਾਦੂਈ ਇਲਾਜ ਵਾਲੇ ਕਾਨੂੰਨ ਦੀਆਂ ਵਿਵਸਥਾਵਾਂ ਅਤੇ ਮੀਡੀਆ ਵਿੱਚ ਦਿੱਤੀਆਂ ਜਾ ਰਹੀਆਂ ਮਸ਼ਹੂਰੀਆਂ ਨੂੰ ਸਭਨਾ ਪਾਸਿਆਂ ਤੋਂ ਪਰਖਿਆ ਅਤੇ ਪੜਚੋਲਿਆ ਗਿਆ ਹੈ ਤਾਂ ਜੋ ਇਸ ਮਾਮਲੇ ਸਬੰਧੀ ਢੁਕਵੀਂ ਕਾਰਵਾਈ ਕਰਨ ਸਬੰਧੀ ਕੋਈ ਦਿਸ਼ਾ-ਨਿਰਦੇਸ ਦਿੱਤੇ ਜਾ ਸਕਣ। ਇੱਥੇ ਆਪਾਂ ਜਿਆਦਾ ਵਿਸਥਾਰ ਵਿੱਚ ਜਾਣ ਦੀ ਬਜਾਏ ਇਸ ਫੈਸਲੇ ਦੇ ਸਿੱਟਿਆਂ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਆਪਣੇ ਪਾਠਕਾਂ ਅਤੇ ਤਰਕਸ਼ੀਲ ਸੋਚ ਵਾਲੇ ਵਿਅਕਤੀਆਂ ਨਾਲ ਕੁੱਝ ਸੁਝਾਅ ਸਾਂਝੇ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਜੋ ਸਬੰਧਤ ਲੋਕ ਆਪੋ-ਆਪਣੇ ਇਲਾਕਿਆਂ ਵਿੱਚ ਬੈਠੇ-ਬਿਠਾਏ ਢੁਕਵੀਂ ਚਾਰਜੋਈ ਕਰ ਸਕਣ।

ਆਪਣਾ ਉਕਤ ਫੈਸਲਾ ਸੁਣਾਉਂਦਿਆਂ ਹਾਈਕੋਰਟ ਨੇ ਸ਼ਪੱਸਟ ਕੀਤਾ ਹੈ ਕਿ ਮਨੁੱਖਾਂ ਜਾਂ ਜਾਨਵਰਾਂ ਵਿੱਚ ਪੈਦਾ ਹੋਈ ਕਿਸੇ ਵੀ ਬਿਮਾਰੀ ਨੂੰ ਜਾਦੂਈ ਰਾਹਤਾਂ ਨਾਲ ਠੀਕ ਕਰਨ ਦੀ ਇਸ਼ਤਿਹਾਰਬਾਜ਼ੀ ਕਰਨਾ ਕਾਬਲੇ ਦਸਤ ਅੰਦਾਜ਼ੀ ਅਪ੍ਰਾਧ ਹੈ।ਭਾਵ ਪੁਲੀਸ ਅਜਿਹੇ ਮਾਮਲੇ ਵਿੱਚ ਸਿੱਧੀ ਕਾਰਵਾਈ ਕਰਨ ਦੀ ਹੱਕਦਾਰ ਹੁੰਦੀ ਹੈ, ਜਿਵੇਂ ਅੱਖਾਂ ਦੀ ਰੌਸ਼ਨੀ, ਸੰਤਾਨ-ਹੀਣਤਾ ਆਦਿ ਸ਼ਰੀਰਕ ਬਿਮਾਰੀਆਂ।ਭਾਵੇਂ ਨੌਕਰੀ, ਕਾਰੋਬਾਰ, ਵਪਾਰ, ਵਿਦੇਸ਼ ਯਾਤਰਾ, ਗ੍ਰਹਿ-ਕਲੇਸ਼, ਸ਼ਾਦੀ, ਸਿੱਖਿਆ, ਸਿਆਸਤ ਵਿੱਚ ਕਾਮਯਾਬੀ ਜਾਂ ਨਾਕਾਮਯਾਬੀ ਆਦਿ ਸਮੱਸਿਆਵਾਂ ਨੂੰ ਜਾਦੂਈ ਢੰਗ/ਤਰੀਕਿਆਂ ਨਾਲ ਹੱਲ ਕਰਨ ਸਬੰਧੀ ਕੀਤੀ ਗਈ ਇਸ਼ਤਿਹਾਰਬਾਜ਼ੀ ਸਾਰੀ ਦੀ ਸਾਰੀ ਜਾਹਲਸਾਜ਼ੀ ਤਾਂ ਹੈ ਪਰ ਜਾਦੂਈ ਇਲਾਜ ਵਾਲੇ ਕਾਨੂੰਨ ਤਹਿਤ ਇਸ ਸਬੰਧੀ ਕੋਈ ਕਾਰਵਾਈ ਕਰਨ ਦੀ ਵਿਵਸਥਾ ਨਹੀਂ ਹੈ। ਇਸੇ ਤਰਾਂ ਇਸ ਫੈਸਲੇ ਰਾਹੀਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਤਰਾਜਯੋਗ ਇਸ਼ਤਿਹਾਰਬਾਜ਼ੀ 'ਤੇ ਰੋਕ ਲਗਾਉਣ ਨੂੰ ਭਾਰਤੀ ਸੰਵਿਧਾਨ ਦੇ ਅਨੁਛੇਦ 19(1)(ੳ) ਤਹਿਤ ਦਿੱਤੇ ਗਏ ਅਜ਼ਾਦੀ ਨਾਲ ਬੋਲਣ ਦੇ ਅਧਿਕਾਰ ਦੀ ਉਲੰਘਣਾ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਜੋ ਮਸ਼ਹੂਰੀਆਂ ਆਮ ਲੋਕਾਂ ਦੇ ਹਿੱਤਾਂ ਵਿੱਚ ਨਹੀਂ ਕੀਤੀਆਂ ਜਾਂਦੀਆਂ ਤਾਂ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਦੇ ਅਨੁਛੇਦ 19(1) ਤਹਿਤ ਸੁਰੱਖਿਅਤਾ ਹੀ ਨਹੀਂ ਮਿਲ ਸਕਦੀ ਬਲਕਿ ਹੋਰ ਵੀ ਸਪਸ਼ਟ ਕੀਤਾ ਗਿਆ ਹੈ ਕਿ ਜਾਦੂਈ ਇਲਾਜ ਵਾਲੇ ਕਾਨੂੰਨ ਦੀ ਉਲੰਘਣਾ ਵਿੱਚ ਕੀਤੀਆਂ ਜਾਣ ਵਾਲੀਆਂ ਮਸ਼ਹੂਰੀਆਂ ਕਰਨ ਵਾਲੇ ਦੋਸ਼ੀ ਵਿਅਕਤੀਆਂ ਦੇ ਖਿਲਾਫ ਕਾਰਵਾਈ ਕਰਨ ਵਿੱਚ ਪੁਲੀਸ ਵਿਭਾਗ ਪੂਰੀ ਤਰਾਂ ਸਮਰੱਥ ਹੈ ਭਾਵੇਂ ਇਸ ਸਬੰਧੀ ਕੋਈ ਸ਼ਿਕਾਇਤ ਕਿਸੇ ਵੱਲੋਂ ਪੁਲੀਸ ਪਾਸ ਕੀਤੀ ਗਈ ਹੋਵੇ ਜਾਂ ਅਜਿਹੀ ਸ਼ਿਕਾਇਤ ਨਾ ਕੀਤੀ ਗਈ ਹੋਵੇ ਤਾਂ ਵੀ ਪੁਲੀਸ ਆਪਣੇ ਤੌਰ 'ਤੇ ਕਾਰਵਾਈ ਕਰ ਸਕਦੀ ਹੈ।

ਇਸ ਰਿੱਟ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਜਿੱਥੇ ਹਾਈਕੋਰਟ ਵੱਲੋਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਪੁਲੀਸ ਅਥਾਰਿਟੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਜਿੱਥੇ ਕਿਤੇ ਵੀ ਜਾਦੂਈ ਇਲਾਜ ਵਾਲੇ ਕਾਨੂੰਨ ਦੀ ਹੋ ਰਹੀ ਉਲੰਘਣਾ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਸ ਮਸ਼ਹੂਰੀ ਸਬੰਧੀ ਮੁਨਾਸਿਬ ਕਾਰਵਾਈ ਲਾਜ਼ਮੀ ਤੌਰ 'ਤੇ ਕਰਨਗੀਆਂ, ਉੱਥੇ ਇਹ ਹਿਦਾਇਤ ਵੀ ਜਾਰੀ ਕੀਤੀ ਗਈ ਹੈ ਕਿ ਇਸ ਜੱਜਮੈਂਟ ਦੀ ਇੱਕ ਕਾਪੀ ਲਾਅ ਕਮੀਸ਼ਨ ਆਫ ਇੰਡੀਆ ਦੇ ਚੇਅਰਮੈਨ ਨੂੰ ਭੇਜ ਕੇ ਲਿਖਿਆ ਹੈ ਕਿ ਉਹ ਇਸ ਜੱਜਮੈਂਟ ਦਾ ਚੰਗੀ ਤਰਾਂ ਅਧਿਐਨ ਕਰਕੇ ਨੌਕਰੀ, ਕਾਰੋਬਾਰ, ਵਪਾਰ, ਵਿਦੇਸ਼ ਯਾਤਰਾ, ਗ੍ਰਹਿ-ਕਲੇਸ਼, ਸ਼ਾਦੀ, ਸਿੱਖਿਆ, ਸਿਆਸਤ ਵਿੱਚ ਕਾਮਯਾਬੀ ਜਾਂ ਨਾਕਾਮਯਾਬੀ ਆਦਿ ਸਮੱਸਿਆਵਾਂ ਵਾਲੀਆਂ ਮਸ਼ਹੂਰੀਆਂ ਨੂੰ ਇਸ ਕਾਨੂੰਨ ਦੇ ਦਾਇਰੇ ਵਿੱਚ ਲਿਆ ਕੇ ਦੰਡਯੋਗ ਅਪ੍ਰਾਧ ਬਣਾ ਦੇਵੇ ਤਾਂ ਜੋ ਅਜਿਹੀਆਂ ਮਸ਼ਹੂਰੀਆਂ ਤੇ ਵੀ ਕਾਨੂੰਨੀ ਪਾਬੰਦੀ ਲੱਗ ਸਕੇ ਤਾਂ ਜੋ ਚਲਾਕ ਅਤੇ ਮੱਕਾਰ ਲੋਕ ਜਾਦੂਈ ਤਰੀਕਿਆਂ ਨਾਲ ਸਮਾਜ ਵਿਚਲੇ ਭੋਲੇ-ਭਾਲੇ ਅਤੇ ਵੱਖੋ-ਵੱਖਰੇ ਦੁੱਖਾਂ-ਤਕਲੀਫਾਂ ਵਿੱਚ ਫਸੇ ਲੋਕਾਂ ਨੂੰ ਆਪਣੇ ਜਾਲ਼ ਵਿੱਚ ਫਸਾ ਕੇ ਉਨ੍ਹਾਂ ਦਾ ਕਿਸੇ ਵੀ ਤਰਾਂ ਨਾਲ ਸ਼ੋਸ਼ਣ ਨਾ ਕਰ ਸਕਣ।

ਸੋ ਸਾਰੇ ਹੀ ਤਰਕਸ਼ੀਲ ਵਿਚਾਰਾਂ ਵਾਲੇ ਪਾਠਕ ਵਰਗ ਲਈ ਇਹ ਇੱਕ ਢੁਕਵਾਂ ਅਤੇ ਸੁਨਹਿਰੀ ਮੌਕਾ ਹੈ ਜਿਸ ਵਿੱਚ ਉਕਤ ਫੈਸਲੇ ਦੇ ਅਧਾਰ 'ਤੇ ਉਕਤ ਕਾਨੂੰਨ ਦੀ ਵਿਰੋਧਤਾ ਕਰ ਰਹੀਆਂ ਮਸਹੂਰੀਆਂ ਨੂੰ ਬੰਦ ਕਰਵਉਣ ਦੇ ਨਾਲ-ਨਾਲ ਦੋਸ਼ੀ ਵਿਅਕਤੀਆਂ ਉੱਤੇ ਸਿਕੰਜਾ ਵੀ ਕਸਿਆ ਜਾ ਸਕੇ।ਆਉਣ ਵਾਲੇ ਦਿਨਾਂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਆਪਣੇ ਸਮੁੱਚੇ ਕਾਡਰ ਨੂੰ ਇਸ ਦਿਸ਼ਾ ਵਿੱਚ ਭਰਵੀਂ, ਪ੍ਰਭਾਵਸ਼ਾਲੀ ਅਤੇ ਢੁਕਵੀਂ ਅਗਵਾਈ ਦੇਣ ਜਾ ਰਹੀ ਹੈ। ਇਸ ਵਿੱਚ ਸਮੁੱਚੇ ਪਾਠਕ ਵਰਗ ਦੇ ਬਹੁਮੁੱਲੇ ਸਹਿਯੋਗ ਦੀ ਆਸ਼ ਕੀਤੀ ਜਾਂਦੀ ਹੈ।

97792-11000; 88720-10000

ਸਿਆਸੀ ਲੋਕਾਂ ਦੇ ਮੰਦਰ ਉਸਾਰਨ ਦੀ ਕੋਝੀ ਨਵੀਂ ਪਿਰਤ

ਬੀ.ਐਸ.ਭੁੱਲਰ

ਭਾਰਤੀ ਲੋਕਾਂ ਦੀ ਅੰਧਵਿਸ਼ਵਾਸੀ ਮਨੋਬਿਰਤੀ ਦਾ ਲਾਹਾ ਲੈਣ ਲਈ ਹਜ਼ਾਰਾਂ ਨਵੇਂ ਧਾਰਮਿਕ ਸਥਾਨ ਹਰ ਸਾਲ ਸਥਾਪਤ ਹੋ ਰਹੇ ਹਨ। ਜਿਹਨਾਂ ਨੂੰ ਚਲਾਕ ਕਿਸਮ ਦੇ ਲੋਕ ਆਪਣੇ ਨਿੱਜ ਲਈ ਵਰਤਦੇ ਹਨ। ਇਹਨਾਂ ਦੇ ਆਪਸੀ ਟਕਰਾਵਾਂ ਕਾਰਣ ਕਿੰਨੇ ਹੀ ਜਾਨੀ ਮਾਲੀ ਨੁਕਸਾਨ ਹੋਏ ਹਨ। ਪਰ ਇਹ ਵਾਧਾ ਫਿਰ ਵੀ ਲਗਾਤਾਰ ਜਾਰੀ ਹੈ, ਕਿਉਂਕਿ ਅਕਸਰ ਸਰਕਾਰਾਂ ਵੀ ਇਸ ਵਾਧੇ ਨੂੰ ਰੋਕਣ ਦੀ ਬਜਾਏ ਸਗੋਂ ਹਵਾ ਹੀ ਦਿੰਦੀਆਂ ਹਨ, ਸਿਆਸੀ ਲੋਕਾਂ ਨੇ ਇਹਨਾਂ ਦੇ ਸਹਾਰੇ ਚੋਣਾਂ ਸਮੇਂ ਵੋਟਾਂ ਹਾਸਲ ਕਰਨੀਆਂ ਹੁੰਦੀਆਂ ਹਨ।

ਸਿਆਸੀ ਆਗੂਆਂ ਦੇ ਨਾਵਾਂ ਤੇ ਧਾਰਮਿਕ ਸਥਾਨ ਉਸਾਰੇ ਜਾਣ ਦੀ ਨਵੀਂ ਪਿਰਤ ਸ਼ੁਰੂ ਹੋ ਰਹੀ ਹੈ। ਜਿਉਂਦੇ ਜੀਅ ਉਹਨਾਂ ਦੇ ਨਾਵਾਂ ਤੇ ਅਜਿਹਾ ਹੋ ਰਿਹਾ। ਇਹ ਵਰਤਾਰਾ ਅਤਿ ਨਿੰਦਣਯੋਗ ਹੈ। ਆਂਧਰਾ ਪ੍ਰਦੇਸ ਦੇ ਪਿੰਡ ਮਹਿਬੂਬ ਨਗਰ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀਮਤੀ ਸੋਨੀਆਂ ਗਾਂਧੀ ਦਾ ਮੰਦਰ ਉਸਾਰਿਆ ਜਾ ਰਿਹਾ ਹੈ, ਜਿਸ ਵਿੱਚ ਸੋਨੀਆ ਗਾਂਧੀ ਦੀ 9 ਫੁੱਟ ਉੱਚੀ ਇੱਕ ਮੂਰਤੀ ਸਥਾਪਤ ਕੀਤੀ ਜਾ ਰਹੀ ਹੈ, ਜਿਸਨੂੰ ਦੇਵੀ ਦਾ ਰੂਪ ਦਿੱਤਾ ਗਿਆ ਹੈ। ਇਸ ਮੰਦਰ ਦੀ ਉਸਾਰੀ ਆਂਧਰਾ ਪ੍ਰਦੇਸ਼ ਦਾ ਇੱਕ ਕਾਂਗਰਸੀ ਆਗੂ ਜੋ ਸਾਬਕਾ ਮੰਤਰੀ ਹੈ, ਸ੍ਰੀ ਪੀ.ਸ਼ੰਕਰ ਰਾਵ ਕਰਵਾ ਰਿਹਾ ਹੈ। ਸ੍ਰੀ ਰਾਵ ਦਾ ਕਹਿਣਾ ਹੈ ਕਿ ਆਂਧਰਾ ਪ੍ਰਦੇਸ਼ ਦੀ ਵੰਡ ਕਰਕੇ ਵੱਖਰਾ ਤਿਲੰਗਾਨਾ ਰਾਜ ਬਣਾਉਣ ਦੇ ਵੱਡੇ ਫੈਸਲੇ ਦਾ ਧੰਨਵਾਦ ਅਦਾ ਕਰਨ ਲਈ ਇਸ ਤਾਕਤਵਰ ਰਾਜਨੀਤਕ ਸਖਸ਼ੀਅਤ ਦਾ ਇਹ ਮੰਦਰ ਉਸਾਰਿਆ ਜਾ ਰਿਹਾ ਹੈ। ਮੰਦਰ ਦੀ ਉਸਾਰੀ ਮੁਕੰਮਲ ਹੋਣ ਤੇ ਸਿਆਸੀ ਲੋਕ ਉੱਥੇ ਸਿਜਦਾ ਕਰਨ ਪਹੁੰਚਣਗੇ, ਆਰਤੀ ਹੋਵੇਗੀ, ਟਿਕਟ ਹਾਸਲ ਕਰਨ ਜਾਂ ਜਿੱਤ ਪ੍ਰਾਪਤ ਕਰਨ ਲਈ ਸੁਖਾਂ ਸੁਖਣਗੇ। ਜਿਉਂ ਜਿਉਂ ਇਹ ਮੰਦਰ ਪੁਰਾਣਾ ਹੋਵੇਗਾ ਇਸਦੀ ਮਾਨਤਾ ਵਧਦੀ ਜਾਵੇਗੀ ਅਤੇ ਆਖਰ ਇਹ ਪ੍ਰਾਚੀਨ ਮੰਦਰ ਬਣ ਜਾਵੇਗਾ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹ ਅਤੀ ਚਿੰਤਾਜਨਕ ਗੱਲ ਹੈ, ਕਿਉਂਕਿ ਇਹ ਪਈ ਨਵੀਂ ਪਿਰਤ ਆਉਣ ਵਾਲੇ ਸਾਲਾਂ ਵਿੱਚ ਵਧਦੀ ਹੀ ਜਾਵੇਗੀ।



ਸਿਆਸਤਦਾਨ ਅਜਿਹੇ ਮੰਦਰ ਸਥਾਪਤ ਕਰਨੇ ਸ਼ੁਰੂ ਕਰ ਦੇਣਗੇ, ਫਿਰ ਉਹਨਾਂ ਦੇ ਨਾਂ ਤੇ ਟਰਸਟ ਬਣਨਗੇ। ਜਾਇਦਾਦਾਂ ਇਕੱਤਰ ਹੋਣਗੀਆਂ ਅਤੇ ਫਿਰ ਹੋਣਗੇ ਦੰਗੇ ਫਸਾਦ, ਜੋ ਅਕਸਰ ਹੀ ਧਾਰਮਿਕ ਸਥਾਨਾਂ ਸੰਬੰਧੀ ਹੁੰਦੇ ਰਹਿੰਦੇ ਹਨ।

ਸੋ ਲੋੜ ਹੈ, ਸਰਕਾਰਾਂ ਅਤੇ ਅਦਾਲਤਾਂ ਇਸ ਮਾਮਲੇ ਵੱਲ ਉਚੇਚਾ ਧਿਆਨ ਦੇਣ। ਅਜਿਹੇ ਗੈਰ ਵਿਗਿਆਨਕ ਤੇ ਬੇਲੋੜੇ ਧਾਰਮਿਕ ਸਥਾਨ ਉਸਾਰਨ ਤੇ ਪੂਰਨ ਰੂਪ ਵਿੱਚ ਪਾਬੰਦੀ ਲਗਾਈ ਜਾਵੇ।

98882-75913

ਕਾਵਿ-ਵਿਅੰਗ

ਸ਼ਰਧਾਂਜਲੀ


ਹੱਡ ਰਗੜਕੇ ਬੁੜ੍ਹਾ ਸੀ ਫੌਤ ਹੋਇਆ
ਧੁੰਮ ਉਹ ਦੀ ਇਲਾਕੇ ਵਿੱਚ ਪਾ ਦਿੱਤੀ।
ਅੰਗ-ਸਾਕ ਸੰਬੰਧੀ ਲੈ ਮੁਕਾਣਾ ਢੁੱਕੇ,
ਦੇਣ ਝੱਟ ਮਹਾਨ ਬਣਾ ਦਿੱਤੀ।
ਖਊਂ! ਖਊਂ! ਕਰਦਾ, ਨਾ ਏਹ ਪਰੇ ਮਰਦਾ,
ਦਵਾ ਬਾਬੇ ਨੂੰ ਧੁਰ ਦੀ ਪਿਲਾ ਦਿੱਤੀ।
ਫ਼ਰੇਮ ਕੀਤੀ ਰੰਗੀਨ ਫੋਟੋ ਰੱਖ ਤਾਬੇ
ਕਈਆਂ ਤੋਂ ਸ਼ਰਧਾਂਜਲੀ ਭੇਟ ਕਰਾ ਦਿੱਤੀ।

ਰਣਜੀਤ ਆਜ਼ਾਦ ਕਾਂਝਲਾ
99880-55606

ਲੜੀਵਾਰ ਪੁਸਤਕ
(ਜਨਵਰੀ-ਫਰਵਰੀ 2014 ਅੰਕ ਤੋਂ ਅੱਗੇ)

ਭੱਜੋ ਨਾ ਦੁਨੀਆਂ ਨੂੰ ਬਦਲੋ

ਰਾਹੂਲ ਸ਼ੰਕ੍ਰਤਾਇਨ



ਭਰਾ: ਮੂੰਹ ਵਿੱਚ ਰਾਮ, ਬਗਲ ਵਿੱਚ ਛੁਰੀ, ਹੋਰ ਕੀ? ਲੱਖਾਂ ਔਰਤਾਂ ਨੇ ਆਪਣੀ ਇੱਜਤ ਵੇਚੀ, ਵੇਸ਼ਵਾਵਾਂ ਬਣੀਆਂ, ਲੱਖਾਂ ਬੱਚਿਆਂ ਨੇ ਤੜਫ-ਤੜਫ ਕੇ ਜਾਨ ਦਿੱਤੀ, ਸੱਠ ਲੱਖ ਆਦਮੀ ਮਰ ਗਏ, ਪਰ ਇਹਨਾਂ ਮੋਟੇ ਢਿੱਡਾਂ ਵਾਲਿਆਂ ਦੇ ਕੰਨ ਤੇ ਜੂੰ ਨਹੀਂ ਸਰਕੀ।

ਸੰਤੋਖੀ: ਇਹਨਾਂ ਦੇ ਕੰਨ ਤੇ ਨਾ ਜੂੰ ਸਰਕੇਗੀ, ਤੇ 'ਭਗਵਾਨ' ਦੇ ਕੰਨ ਤੇ ਜੂੰ ਤਾਂ ਸਰਕਨੀ ਚਾਹੀਦੀ ਸੀ? ਰਾਖਸ਼, ਅਤਿਆਚਾਰੀ। ਸੱਠ-ਸੱਠ ਲੱਖ ਆਦਮੀਆਂ ਨੂੰ ਤੜਫਾ-ਤੜਫਾ ਕੇ ਮਾਰ ਦਿੱਤਾ। ਭਗਵਾਨ ਹੁਣ ਵੀ ਅਵਤਾਰ ਨਾ ਲਵੇ ਤਾਂ ਹੋਰ ਕਦੋਂ ਲਵੇਂਗਾ?

ਦੁਖਰਾਮ: ਭਰਾ! ਜਰਾ ਅੱਖਾਂ ਖੋਲੋ। ਓਧਰ ਸੇਠ ਲੋਕਾਂ ਦੀ ਧਰਮਸ਼ਾਲਾ ਤੇ ਸਦਾਬਹਾਰ ਲੰਗਰ, ਇਧਰ ਸਖੀ ਸਮਾਜ, ਫੇਰ ਭਗਵਾਨ ਜੋ ਰਾਜੇ-ਰਾਣੀ ਲਈ ਨੰਗੇ ਪੈਰ ਦੌੜੇ-ਦੌੜੇ ਆਉਂਦੇ ਐ, ਪੰਜਾਹ-ਪੰਜਾਹ ਲੱਖ ਗਰੀਬ ਕੁੱਤੇ ਦੀ ਮੌਤ ਮਾਰ ਦਿੱਤੇ ਜਾਣ, ਤੇ ਉਹ ਹਿੱਲੇ ਵੀ ਨੀਂ।

ਭਰਾ: ਪਰ ਦੁਖ ਭਰਾ! ਇੱਥੇ ਆਪਣੇ ਸਾਹਮਣੇ ਭਗਵਾਨ ਨਹੀਂ ਕਿ ਉਸ ਨੂੰ ਕੋਸੀਏ।

ਦੁਖਰਾਮ: ਤਾਂ ਉਹ ਹੈ ਕਿਸ ਵਾਸਤੇ?

ਭਰਾ: ਅਜੇ ਤਾਂ ਆਪਾਂ ਇਹ ਜਾਣਨਾ ਐ ਕਿ ਦੁਨੀਆਂ, ਬਦਤਰ ਕਿਸ ਨੇ ਬਣਾਈ?

ਸੰਤੋਖੀ: ਹਾਂ, ਠੀਕ ਤਾਂ ਐ ਦੁਖ ਭਰਾ! ਆਪਾਂ ਨੂੰ ਤਾਂ ਇਹ ਜਾਣਨਾ ਚਾਹੀਦੈ ਕਿ ਦੁਨੀਆਂ ਨੂੰ ਬਦਤਰ ਬਣਾਇਆ ਕਿਸ ਨੇ? ਭਗਵਾਨ ਨੂੰ ਲੈ ਕੇ ਆਪਾਂ ਕੀ ਕਰਾਂਗੇ।

ਦੁਖਰਾਮ: ਸੱਚ ਈ ਕਹਿ ਰਿਹੈ ਸੰਤੋਖੀ ਭਰਾ। ਮੈਨੂੰ ਤਾਂ ਲੱਗਦੈ ਕਿ ਭਗਵਾਨ-ਵਗਵਾਨ ਕੋਈ ਨੀਂ, ਉਹ ਤਾਂ ਧੋਖਾ ਈ ਐ।

ਭਰਾ: ਭਗਵਾਨ ਬਾਰੇ ਫੇਰ ਕਿਸੇ ਦਿਨ ਪੁੱਛਣਾ, ਦੁਖ ਭਰਾ! ਅੱਜ ਦੁਨੀਆਂ ਨੂੰ ਬਦਤਰ ਬਣਾਉਣ ਵਾਲੇ ਦੀ ਗੱਲ ਸੁਣੋ। ਸੱਠ ਲੱਖ ਆਦਮੀਆਂ ਨੂੰ ਕਿਸ ਨੇ ਮਾਰਿਆ? ਕਾਮਿਆਂ, ਕਿਸਾਨਾਂ-ਮਜ਼ਦੂਰਾਂ ਨੇ, ਜਾਂ ਕੰਮਚੋਰਾਂ ਨੇ?

ਸੰਤੋਖੀ: ਕੰਮਚੋਰਾਂ ਨੇ ਮਾਰਿਆ। ਕਿਸਾਨ-ਮਜ਼ਦੂਰਾਂ ਨੇ ਤਾਂ ਅੰਨ-ਕੱਪੜਾ ਤਿਆਰ ਕਰਕੇ ਰੱਖ ਦਿੱਤਾ ਸੀ, ਪਰ ਇਹਨਾਂ ਸੇਠਾਂ ਨੇ, ਇਹਨਾਂ ਰਿਸ਼ਵਤਖੋਰਾਂ ਨੇ ਤੇ ਅੰਨ੍ਹੀ ਲਾਲਚੀ ਸਰਕਾਰ ਨੇ ਇਹ ਸਾਰਾ ਕਹਿਰ ਢਾਇਆ। ਪਰ ਇਹਨਾਂ ਕੰਮਚੋਰਾਂ ਨੇ ਸੱਠ ਲੱਖਾਂ ਦਾ ਈ ਖ਼ੂਨ ਨੀ, ਚਾਰ ਹਜ਼ਾਰ ਸਾਲਾਂ ਤੋਂ ਇਹਨਾਂ ਦੇ ਦੰਦਾਂ ਨੂੰ ਬੇਕਸੂਰਾਂ ਦਾ ਖ਼ੂਨ ਲਗਾ ਹੋਇਆ ਐ।

ਦੁਖਰਾਮ: ਚਾਰ ਹਜ਼ਾਰ ਸਾਲਾਂ ਤੋਂ? ਨਾ ਜਾਣੇ ਕਿੰਨੇ ਕਰੋੜ, ਕਿੰਨੇ ਅਰਬ ਬੇਕਸੂਰਾਂ ਦਾ ਖ਼ੂਨ ਕੀਤੈ?

ਭਰਾ: ਇਹਨਾਂ ਦੇ ਜ਼ੁਲਮਾਂ ਨਾਲ ਈ ਤਾਂ ਦੁਨੀਆਂ ਬਦਤਰ ਬਣ ਗਈ। ਮੈਂ ਪਹਿਲਾਂ ਈ ਨਹੀਂ ਪੁੱਛਿਆ ਸੀ ਕਿ ਸਾਡੇ ਪਿੰਡ ਦੇ ਕੋਲ ਛੱਪੜੀ ਕਿਵੇਂ ਬਣੀ? ਜੋ ਵੱਡੇ-ਵੱਡੇ ਕੋਠੇ-ਚੌਬਾਰੇ, ਮੋਟਰ-ਹਾਥੀ, ਲਾਮ-ਲਸ਼ਕਰ, ਨੌਕਰ-ਚਾਕਰ ਤੇ ਛਪੱਜਾਂ-ਛੁਰੀ ਦਾ ਨਾਚ ਤੁਸੀਂ ਦੇਖਿਆ ਹੋਵੇਗਾ, ਇਹ ਧਨ ਕਿੱਥੋਂ ਆਉਂਦਾ? ਲੱਖ ਰੁਪਇਆ ਮਹੀਨਾ ਲਾਟ ਸਾਹਿਬ ਤੇ ਦੋ ਲੱਖ ਰੁਪਇਆ ਮਹੀਨਾ ਦਿੱਲੀ ਦੇ ਵੱਡੇ ਲਾਟ ਤੇ ਜੋ ਖਰਚ ਹੁੰਦਾ, ਇਹ ਕਿੱਥੋਂ ਆਉਂਦਾ। ਪੰਜ-ਪੰਜ ਸਾਲ ਵਿੱਚ ਇੱਕ ਖੰਡ ਮਿਲ ਖੋਲ ਕੇ ਦਸ-ਦਸ ਲੱਖ ਰੁਪਏ ਕਮਾ ਲੈਣਾ, ਇਹ ਕਿੱਥੋਂ ਆਉਂਦੇ ਐ? ਇਹ ਚਿਕਨੀਆਂ-ਚਿਕਨੀਆਂ ਗੱਲਾਂ ਤੇ ਲਾਲ-ਲਾਲ ਬੁੱਲ੍ਹ ਕਿਸੇ ਦੇ ਖ਼ੂਨ ਨਾਲ ਰੰਗੇ ਜਾਂਦੇ ਐ?

ਸੰਤੋਖੀ: ਕਹਿੰਦੇ ਐ, ਧਨ-ਦੌਲਤ ਭਗਵਾਨ ਦਿੰਦਾ।

ਦੁਖਰਾਮ: ਸੰਤੋਖੀ ਭਰਾ। ਦੇਖ ਤੇਰੀ-ਮੇਰੀ ਵਿਗੜ ਜਾਊ। ਚਾਹੇ ਤਾਂ ਪਹਿਲਾਂ ਈ ਭਗਵਾਨ ਬਾਰੇ ਫੈਸਲਾ ਕਰ ਲੈ, ਨਹੀਂ ਤਾਂ ਭਗਵਾਨ ਦਾ ਨਾਂ ਕਦੇ ਨਾ ਲਈਂ।

ਭਰਾ: ਝਗੜਾ ਨਾ ਕਰੋ ਦੋਨੋਂ ਜਾਣੇ। ਸੰਤੋਖੀ ਭਰਾ ਜੋ ਕਹਿਣਾ ਤੂੰ, ਦੂਜਿਆਂ ਦੀ ਸੁਣੀ-ਸੁਣਾਈ ਗੱਲ ਐ। ਅੱਛਾ ਤਾਂ ਦੁਖ ਭਰਾ। ਜੋ ਸਾਡੇ ਪਿੰਡ ਵਿੱਚ ਇਹ ਘਰ ਪਏ ਐ, ਇਹਨਾਂ ਬਾਰੇ ਕੋਈ ਆ ਕੇ ਕਹੇ, ਕਿ ਇਹ ਸਾਰੀ ਮਿੱਟੀ ਭਗਵਾਨ ਨੇ ਦਿੱਤੀ ਐ: ਤਾਂ ਕੀ ਜਵਾਬ ਦੇਊਗੇ?

ਦੁਖਰਾਮ : ਪਹਿਲਾਂ ਜਵਾਬ ਨੀ ਦੇਊਂਗਾ ਭਰਾ, ਪਹਿਲਾਂ ਦੇਖੂੰਗਾ ਕਿ ਉਸਦੇ ਅੱਖਾਂ ਹੈ ਕਿ ਨੀਂ। ਤੇ ਜੇ ਅੱਖਾਂ ਹੋਈਆਂ, ਤਾਂ ਕੰਨ ਫੜ ਕੇ ਲੈ ਜਾਊਂਗਾ ਛੱਪੜੀ ਕੋਲ ਤੇ ਕਹੂੰਗਾ-ਦੇਖ ਅੱਖਾਂ ਦੇ ਅੰਨ੍ਹੇ ਇਹ ਜੋ ਜਮੀਨ ਵਿੱਚ ਛਪੜੀ ਬਣ ਗਈ, ਉਹ ਇਹਨਾਂ ਘਰਾਂ ਦੇ ਕਾਰਨ ਐ, ਇੱਥੋਂ ਦੀ ਮਿੱਟੀ ਉਥੇ ਗਈ।

ਭਰਾ : ਸੰਤੋਖੀ ਭਰਾ। ਕਿਸੇ ਦੇ ਵਿਹੜੇ ਵਿੱਚ ਸੋਨੇ ਦਾ ਦਰਖਤ ਨਹੀਂ, ਕਿ ਹਿਲਾ ਦਿੱਤਾ ਤੇ ਵਿਹੜਾ ਭਰ ਗਿਆ। ਕਿਸੇ ਦੇ ਘਰ ਵਿੱਚ ਅਸੀਂ ਸੋਨੇ ਦਾ ਮੀਂਹ ਪੈਂਦਾ ਨਹੀਂ ਦੇਖਿਆ, ਫੇਰ ਅਸੀਂ ਕਿਵੇਂ ਮੰਨ ਲਈਏ ਕਿ ਜੋ ਇਹ ਭੋਗ-ਵਿਲਾਸ ਕਰੋੜ-ਕਰੋੜ ਰੁਪਏ ਤੇ ਪਾਣੀ ਫਿਰ ਰਿਹੈ, ਉਹ ਕਿਸਮਤ ਤੇ ਭਗਵਾਨ ਵੱਲੋਂ ਉਹਨਾਂ ਕੋਲ ਆਉਂਦੇ ਐ? ਕਿਸਾਨ ਗੰਨਾ ਪੈਦਾ ਕਰਦਾ, ਮਿਲ ਵਾਲੇ ਗੰਨੇ ਦਾ ਮੁੱਲ ਕਿੰਨਾ ਮਣ ਦਿੰਦੇ ਸੀ, ਦੁਖ ਭਰਾ?

ਦੁਖਰਾਮ : ਇੱਕ ਬਾਰ ਤਾਂ ਚਾਰ ਆਨੇ ਮਣ ਵੀ ਨੀਂ ਦਿੱਤਾ ਸੀ, ਫੇਰ ਸਾਰੇ ਕਿਸਾਨਾਂ ਨੇ ਏਕਾ ਕੀਤਾ, ਫੇਰ ਕੁੱਝ ਹੱਲਾ ਗੁੱਲਾ ਹੋਇਆ, ਰਜਬਲੀ ਭਰਾ। ਤੂੰ ਹੀ ਤਾਂ ਮਦਦ ਕੀਤੀ ਸੀ? ਫੇਰ ਕਿਤੇ ਜਾ ਕੇ ਅੱਠ ਆਨੇ ਮਣ ਹੋਇਆ ਸੀ।

ਭਰਾ : ਮਣ ਗੰਨੇ ਵਿੱਚ ਜਾਣਦੇ ਹੋ ਕਿੰਨੀ ਖੰਡ ਹੁੰਦੀ ਐ, ਚਾਰ ਸੇਰ।

ਦੁਖਰਾਮ : ਤੇ ਸਾਨੂੰ ਅੱਠ ਆਨੇ ਫੜਾ ਕੇ ਚਾਰ ਸੇਰ ਖੰਡ ਲੈ ਲਈ? ਡਾਕੂ ਕਿਸੇ ਥਾਂ ਦੇ।

ਭਰਾ : ਤੁਹਾਨੂੰ ਵੀ ਲੁੱਟਿਆ ਤੇ ਜੋ ਇਹ ਚਾਰ-ਚਾਰ ਆਨੇ ਤੇ ਮਜ਼ਦੂਰ ਦਸ-ਦਸ ਘੰਟੇ ਕੰਮ ਕਰਦੇ ਐਂ, ਇਹਨਾਂ ਮਜ਼ਦੂਰਾਂ ਨੂੰ ਵੀ ਲੁੱਟਿਆ। ਉਸਦੇ ਦਸ-ਬਾਰਾਂ ਆਨੇ ਖਰਚ ਨਹੀਂ ਹੋਏ।

ਸੰਤੋਖੀ : ਤੇ ਵੇਚਿਆ ਡੇਢ ਰੁਪਏ? ਮਤਲਬ ਦੁਗਣਾ ਨਫਾ।

ਦੁਖਰਾਮ : ਜੋ ਜੇਠ-ਵਿਸਾਖ ਦੀਆਂ ਧੁੱਪਾਂ ਵਿੱਚ ਖੂਨ-ਪਸੀਨਾ ਇਕ ਕਰੇ, ਜੋ ਮਸ਼ੀਨ ਵਿੱਚ ਹੱਥ ਪੈਰ ਕਟਾਏ, ਤੇ ਦਿਨ ਭਰ ਕੋਇਲਾ-ਕਾਲਖ ਲਵਾਏ, ਉਸਨੂੰ ਤਾਂ ਚਾਰ ਆਨੇ ਤੇ ਅੱਠ ਆਨੇ ਮਿਲੇ ਤੇ ਇਹ ਠੰਡੇ-ਠੰਡੇ ਘਰ ਵਿੱਚ ਬੈਠੇ, ਬਿਨਾਂ ਹੱਥ ਪੈਰ ਹਿਲਾਏ ਅੱਧਾ ਸਾਡਾ ਲੁੱਟ ਕੇ ਲੈ ਗਏ।

ਭਰਾ : ਹੋਰ ਜਾਣਦੇ ਹੋ, ਉਹ ਲੁੱਟ ਰਹੇ ਐ ਦਸ-ਦਸ, ਵੀਹ-ਵੀਹ ਹਜ਼ਾਰ ਕਿਸਾਨਾਂ ਨੂੰ, ਸੈਂਕੜੇ ਮਜ਼ਦੂਰਾਂ ਨੂੰ। ਫੇਰ ਇੱਕ-ਇੱਕ ਸਾਲ ਵਿੱਚ ਦੋ-ਦੋ ਤਿੰਨ ਲੱਖਾਂ ਦਾ ਨਫਾ ਰੱਖ ਲੈਂਦੇ ਐਂ? ਜੇ ਇਹ ਕਹੀਏ ਕਿ ਇਹ ਤਿੰਨ ਲੱਖ ਰੁਪਏ ਭਗਵਾਨ ਨੇ ਛੀਰ ਸਾਗਰ ਤੋਂ ਭੇਜੇ ਐ, ਤਾਂ ਕੀ ਇਹ ਮੰਨਣ ਦੀ ਗੱਲ ਐ?

ਦੁਖਰਾਮ : ਨਾ ਭਰਾ। ਇਹ ਆਪਣਾ ਖੂਨ ਪੀ ਕੇ ਈ ਮੋਟੇ ਹੁੰਦੇ ਐ।

ਭਰਾ : ਇਹ ਜੋਕਾਂ ਨੇ ਜੋਕਾਂ, ਦੁੱਖ ਭਰਾ।

ਦੁਖਰਾਮ : ਜੋਕ! ਠੀਕ ਕਿਹਾ ਭਰਾ। ਇਹ ਜੋਕਾਂ ਈ ਨੇ ਤੇ ਕਿੰਨੀਆਂ ਹੁਸ਼ਿਆਰ ਜੋਕਾਂ ਕਿ ਲੱਖਾਂ ਆਦਮੀਆਂ ਦਾ ਖੂਨ ਪੀ ਰਹੀਐਂ ਤੇ ਕਿਸੇ ਨੂੰ ਪਤਾ ਵੀ ਨੀਂ ਲਗਦਾ। ਇਕ ਗੱਲ ਕਹਾਂ ਰਜਬਲੀ ਭਰਾ। ਮੈਂ ਤਾਂ ਸਮਝਦੈ ਕਿ ਜੋਕਾਂ ਨੂੰ ਛਿਪਾਉਣ ਲਈ ਈ 'ਕਿਸਮਤ-ਭਗਵਾਨ' ਨੂੰ ਕਿਸੇ ਨੇ ਘੜਿਆ ਐ।

ਸੰਤੋਖੀ : ਮੈਂ ਜਦੋਂ ਭਗਵਾਨ ਦਾ ਨਾਂ ਲਿਆ ਤਾਂ ਦੁੱਖ ਭਰਾ, ਤੂੰ ਨਰਾਜ ਹੋ ਗਿਆ?

ਦੁਖਰਾਮ : ਅੱਛਾ ਸੰਤੋਖੀ ਭਰਾ। ਜੀਭ ਟਪਲਾ ਖਾ ਗਈ, ਮਾਫ ਕਰਨਾ। ਆਪਾਂ ਪਿੱਛੋਂ ਇਹ ਗੱਲ ਪੁੱਛਾਂਗੇ।

ਭਰਾ : ਜਦੋਂ ਤੋਂ ਆਦਮੀਆਂ ਵਿਚ ਜੋਕਾਂ ਪੈਦਾ ਹੋਈਆਂ, ਉਦੋਂ ਤੋਂ ਇਹ ਦੁਨੀਆਂ ਬਦਤਰ ਬਣੀ।

ਦੁਖਰਾਮ : ਜੋਕ ਮਤਲਬ ਕੰਮਚੋਰ, ਦੇਹ-ਚੋਰ, ਸੇਠ, ਰਾਜੇ, ਨਵਾਬ ਇਹੀ ਨਾ?

ਭਰਾ : ਹਾਂ, ਇਹਨਾਂ ਨੇ ਖੂਨ ਚੂਸ-ਚੂਸ ਕੇ ਕਿਸਾਨਾਂ ਨੂੰ, ਮਜ਼ਦੂਰਾਂ ਨੂੰ ਗਰੀਬ ਬਣਾ ਦਿੱਤਾ, ਉਹਨਾਂ ਨੂੰ ਕਿਸੇ ਕੰਮ ਦਾ ਨਹੀਂ ਛੱਡਿਆ। ਸਰਕਾਰ ਵਿੱਚ ਸਾਰੀਆਂ ਥਾਵਾਂ ਤੇ ਇਹ ਕੰਮਚੋਰ ਬੈਠੇ ਆਂ, ਪਲਟਨ, ਪੁਲਿਸ ਸਾਰੀ ਜੋਕਾਂ ਦੀ ਰੱਖਿਆ ਲਈ ਬਣੀ ਐ।

ਦੁਖਰਾਮ : ਜਿਹਨਾਂ 'ਚੋਂ ਆਪਣੀ ਦੇਹ ਤੇ ਲੱਗੀ ਇੱਕ ਜੋਕ ਨੂੰ ਵੀ ਅਸੀਂ ਪੱਟ ਕੇ ਸੁੱਟ ਨਾ ਸਕੇ।

ਭਰਾ : ਜੋਕਾਂ ਨੂੰ ਪੱਟ ਕੇ ਸੁੱਟਣ ਨਾਲ ਤਾਂ ਉਹ ਜਿਉਂਣਗੀਆਂ ਕਿਵੇਂ? ਉਹਨਾਂ ਦੇ ਹੱਥ ਪੈਰ ਵੀ ਨਹੀਂ, ਉਹ ਘਾਹ-ਫੂਸ ਵੀ ਨਹੀਂ ਖਾਂਦੀਆਂ। ਉਹਨਾਂ ਨੂੰ ਚਾਹੀਦਾ ਤੁਹਾਡਾ ਗਰਮ-ਗਰਮ ਖੂਨ। ਇਸ ਲਈ ਤਾਂ ਇਹ ਸਾਰੇ ਸਰਕਾਰ-ਦਰਬਾਰ ਬਣਾਏ ਗਏ ਐ, ਇਹ ਲਾਮ-ਲਸ਼ਕਰ ਰੱਖੀ ਹੋਈ ਐ, ਕਿ ਜਿਹਨਾਂ 'ਚੋਂ

ਤੁਸੀਂ ਜੋਕਾਂ ਨੂੰ ਕੱਢ ਕੇ ਸੁੱਟ ਨਾ ਸਕੋ। ਜਿਸ ਦਿਨ ਤੁਸੀਂ ਜੋਕਾਂ ਨੂੰ ਪੁੱਟ ਸੁੱਟਿਆ, ਉਸੇ ਦਿਨ ਇਹ ਦੁਨੀਆਂ ਬਦਤਰ ਤੋਂ ਵਧੀਆ ਬਣ ਜਾਵੇਗੀ।

ਦੁਖਰਾਮ : ਭਰਾ ਰਜਬਲੀ। ਹੁਣ ਅੱਖਾਂ ਕੁੱਝ-ਕੁੱਝ ਖੁਲ੍ਹਦੀਆਂ ਨੇ, ਕਿੰਨੀ ਵੱਡੀ ਪੱਟੀ ਬੰਨ੍ਹੀ ਸੀ।

ਭਰਾ : ਇੱਕ ਪੀੜੀ ਦੇ ਨਹੀਂ ਡੇਢ ਪੀੜ੍ਹੀ ਦੇ ਪੱਟੀ, ਤੇ ਹਰ ਪੀੜ੍ਹੀ ਵਿੱਚ ਜੋਕਾਂ ਨੇ ਨਵੀਆਂ-ਨਵੀਆਂ ਪੱਟੀਆਂ ਤੁਹਾਡੀਆਂ ਅੱਖਾਂ ਤੇ ਚੜ੍ਹਾਈਆਂ।

ਦੁਖਰਾਮ : ਹਾਂ ਭਰਾ। ਇਹ ਪੱਟੀਆਂ ਲਾਹ ਸੁੱਟੇ ਬਿਨਾਂ ਕੰਮ ਨੀ ਚੱਲਣਾ।

ਸੰਤੋਖੀ : ਇੰਨੀਆਂ ਜੋਕਾਂ ਜਿਸਦੇ ਸਰੀਰ ਤੇ ਚਿਮੜੀਆਂ ਹੋਣ, ਉਸਦੇ ਕੋਲ ਖੂਨ ਕਿੱਥੋਂ ਰਹੂ?

ਭਰਾ : ਤੇ ਜੋਕਾਂ ਦਿਨ-ਬ-ਦਿਨ ਵੱਧਦੀਆਂ ਗਈਆਂ, ਸੰਤੋਖੀ ਭਰਾ। ਪਹਿਲਾਂ। ਇੱਕ ਉਂਗਲੀ ਦੀ ਸੀ, ਫੇਰ ਦੋ ਉਂਗਲੀਆਂ ਦੀ ਤੇ ਹੁਣ ਤਾਂ ਹੱਥ-ਹੱਥ ਜਿਡੀਆਂ ਹੋ ਗਈਆਂ।

ਦੁਖਰਾਮ : ਪੂਰੀ ਮੱਝ ਵਾਲੀ ਜੋਕ, ਦੇਖ ਕੇ ਡਰ ਲੱਗਦੈ, ਜਦੋਂ ਮੱਝ ਦੇ ਲੱਗਦੀ ਐ, ਤਾਂ ਇਹ ਨੀਂ ਕਿ ਢਿੱਡ ਭਰ ਕੇ ਛੱਡ ਦੇਵੇ।

ਭਰਾ : ਢਿੱਡ ਵੀ ਤਾਂ ਉਹਨਾਂ ਦੇ ਸ਼ਰੀਰ ਦੇ ਛੋਟੇ ਜਿਹੇ ਕੋਨੇ ਵਿੱਚ ਨਹੀਂ ਹੁੰਦਾ।

ਦੁਖਰਾਮ : ਹਾਂ, ਭਰਾ, ਜੋਕ ਦਾ ਤਾਂ ਸਾਰਾ ਸ਼ਰੀਰ ਈ ਢਿੱਡ ਹੁੰਦੈ। ਜਿੰਨਾ ਪੀਂਦੀ ਐ, ਉਸਤੋਂ ਵੱਧ ਤਾਂ ਖੂਨ ਬਾਹਰ ਸੁੱਟ ਦਿੰਦੀ ਐ, ਪਰ ਭਰਾ ਇੱਕ ਉਂਗਲ ਦੀ ਜੋਕ ਇਕ ਹੱਥ ਦੀ ਕਿਵੇਂ ਬਣ ਗਈ?

ਭਰਾ : ਦੱਸਦੈ, ਪਰ ਇਹ ਵੀ ਮਨ ਵਿੱਚ ਰੱਖਣਾ ਕਿ ਜਿਵੇਂ ਜਿਵੇਂ ਜੋਕਾਂ ਵਧੀਆਂ, ਉਵੇਂ-ਉਵੇਂ ਦੁਨੀਆਂ ਹੋਰ ਬਦਤਰ ਬਣਦੀ ਗਈ। ਪਰ ਇਕ ਸਮਾਂ ਸੀ ਦੁਖ ਭਰਾ ਜਦੋਂ ਆਦਮੀਆਂ ਵਿੱਚ ਜੋਕਾਂ ਨਹੀਂ ਸਨ। ਤੇ ਹੁਣ ਵੀ ਦੁਨੀਆਂ ਦਾ ਚੌਥੇ ਹਿੱਸੇ ਐ, ਜਿੱਥੇ ਜੋਕਾਂ ਨਹੀਂ।

ਸੰਤੋਖੀ : ਤਾਂ ਸੱਤ-ਅੱਠ ਹਜ਼ਾਰ ਸਾਲ ਪਹਿਲਾਂ ਦੁਨੀਆਂ ਵਿੱਚ ਜੋਕਾਂ ਦਾ ਕਿਤੇ ਨਾਂ ਨੀ ਸੀ?

ਭਰਾ : ਬਿਲਕੁਲ ਨਾਂ ਨਹੀਂ ਸੀ। ਜਦੋਂ ਆਦਮੀ ਇੰਨਾ ਕੁ ਕਮਾਉਂਦਾ ਸੀ ਕਿ ਦਿਨ ਭਰ ਖਾਣ ਲਈ ਮੁਕਦਾ ਨਹੀਂ ਸੀ, ਤਾਂ ਜੋਕ ਕਿਵੇਂ ਪੈਦਾ ਹੋਵੇਗੀ? ਕਲਮੂੰਹੇ ਤੇ ਲਾਲ ਮੂੰਹੇ ਬਾਂਦਰਾਂ ਨੂੰ ਤੁਸੀਂ ਦੇਖਿਆ ਹੈ ਨਾ ਦੁਖ ਭਰਾ?

ਦੁਖਰਾਮ: ਕਲਮੂੰਹੇ ਬਾਂਦਰ ਤਾਂ ਆਪਣੇ ਪਿੰਡ ਵਿੱਚ ਬਹੁਤ ਐ।

ਭਰਾ : ਤਾਂ ਦੇਖਦੇ ਈ ਹੋ ਕਿ ਬਾਂਦਰ ਦਰਖਤ ਤੋਂ ਤੋੜ ਕੇ ਜਾਂ ਜਮੀਨ ਤੋਂ ਚੁੱਕ ਕੇ ਆਪਣਾ ਢਿੱਡ ਭਰਦਾ, ਉਹ ਜਮਾਂ ਨਹੀਂ ਕਰਦਾ। ਇਸ ਲਈ ਦੂਜੇ ਦੀ ਪੈਦਾ ਕੀਤੀ ਚੀਜ ਨੂੰ ਹੜੱਪਨ ਵਾਲੀਆਂ ਜੋਕਾਂ ਉਥੇ ਨਹੀਂ। ਪਰ ਜਦੋਂ ਆਦਮੀ ਵਿੱਚ ਜੋਕ ਨਹੀਂ ਸੀ, ਉਸ ਵੇਲੇ ਵੀ ਉਹਨਾਂ ਵਿੱਚ ਤੇ ਬਾਂਦਰਾਂ ਵਿੱਚ ਫਰਕ ਸੀ। ਆਦਮੀ ਆਪਣੇ ਲਈ ਪੱਥਰ, ਸਿੰਗ ਜਾਂ ਲਕੜੀ ਦਾ ਹਥਿਆਰ ਬਣਾਉਂਦਾ ਸੀ। ਇਹਨਾਂ ਹਥਿਆਰਾਂ ਨਾਲ ਉਹ ਆਪਣੇ ਦੁਸ਼ਮਣਾਂ ਨਾਲ ਲੜਦਾ ਤੇ ਆਪਣੇ ਲਈ ਸ਼ਿਕਾਰ ਜਾਂ ਫਲ ਤੋੜ ਕੇ ਭੋਜਨ ਜਮਾਂ ਕਰਦਾ।

ਦੁਖਰਾਮ : ਤਾਂ ਭਰਾ। ਉਸ ਵੇਲੇ ਲੋਹੇ ਦਾ ਹਥਿਆਰ ਨੀਂ ਸੀ? ਤੀਰ-ਤੀਰ ਕਮਾਨ ਵੀ ਨੀਂ ਸੀ।

ਭਰਾ : ਲੋਹੇ ਨੂੰ ਤਾਂ ਦੁਨੀਆਂ ਵਿੱਚ ਪੈਦਾ ਹੋਏ ਚੌਂਤੀ ਸੌ ਸਾਲ ਤੋਂ ਜਿਆਦਾ ਨਹੀਂ ਹੋਏ।

ਦੁਖਰਾਮ : ਤੇ ਭਰਾ, ਉਸਤੋਂ ਪਹਿਲਾਂ ਸਿੰਗ, ਲੱਕੜ, ਪੱਥਰ ਦਾ ਈ ਹਥਿਆਰ ਚੱਲਦਾ ਸੀ?

ਭਰਾ : ਨਹੀਂ ਲੋਹੇ ਤੋਂ ਪਹਿਲਾਂ ਆਦਮੀ ਨੂੰ ਤਾਂਬੇ ਦਾ ਪਤਾ ਲਗ ਗਿਆ ਸੀ? ਪਰ ਉਸਨੂੰ ਵੀ ਪੰਜ ਹਜ਼ਾਰ ਸਾਲ ਤੋਂ ਜਿਆਦਾ ਨਹੀਂ ਹੋਏ। ਤੇ ਇਹ ਵੀ ਸਾਰੀ ਦੁਨੀਆਂ ਵਿੱਚ ਇਕ ਈ ਵਾਰ ਸਾਰੀਆਂ ਥਾਵਾਂ ਤੇ ਨਹੀਂ ਹੋਇਆ, ਅਕਬਰ ਦੇ ਦਾਦਾ ਬਾਬਰ ਦੇ ਹਿੰਦੁਸਤਾਨ ਵਿੱਚ ਆਉਣ ਤੋਂ ਪਹਿਲਾਂ ਸਾਡੇ ਇੱਥੇ ਬਾਰੂਦ ਦਾ ਕੋਈ ਹਥਿਆਰ ਨਹੀਂ ਸੀ, ਦੂਰ ਤਕ ਮਾਰ ਕਰਨ ਲਈ ਸਿਰਫ ਤੀਰ-ਕਮਾਨ ਸੀ। ਤੀਰ ਦੇ ਮੂੰਹ ਤੇ ਤਿਕੋਣਾ ਲੋਹਾ ਲਗਿਆ ਰਹਿੰਦਾ, ਜਿਸਨੂੰ ਲੋਕ ਜ਼ਹਿਰ ਦੀ ਪਾਨ ਦੇ ਕੇ ਰੱਖਦੇ ਸੀ। ਪਰ ਜਦੋਂ ਤੋਪ ਬੰਦੂਕ ਆਈ ਤਾਂ ਤੀਰ ਕਮਾਨ ਦਾ ਰਿਵਾਜ ਜਾਂਦਾ ਰਿਹਾ। ਪਰ ਭੀਲ ਜਾਤੀ ਦੇ ਲੋਕਾਂ ਵਿੱਚ ਅਜੇ ਵੀ ਤੀਰ ਕਮਾਨ ਦੀ ਵਰਤੋਂ ਹੁੰਦੀ ਐ।

ਸੰਤੋਖੀ : ਹਾਂ ਭਰਾ, ਇਹ ਤਾਂ ਆਪਾਂ ਨੇ ਵੀ ਜੰਗਲੀ ਪਿੰਡਾਂ ਵਿੱਚ ਦੇਖਿਆ ਐ।

ਦੁਖਰਾਮ : ਤਾਂ ਪਹਿਲਾਂ ਲੋਕ ਸ਼ਿਕਾਰ ਤੇ ਫਲ ਨਾਲ ਈ ਗੁਜਾਰਾ

ਕਰਦੇ ਸੀ ਕੀ?

ਭਰਾ : ਹਾਂ, ਦੁੱਖ ਭਰਾ। ਪਹਿਲਾਂ ਸ਼ਿਕਾਰ, ਫਲ ਫੇਰ ਲੋਕ ਪਸ਼ੂ ਪਾਲਣ ਲੱਗੇ।

ਦੁਖ : ਗਾਂ, ਘੋੜਾ, ਭੇਡ਼, ਬੱਕਰੀ?

ਭਰਾ : ਹਾਂ, ਪਸ਼ੂ ਪਾਲਣ ਲੱਗੇ। ਇਹ ਤਾਂ ਜਾਣਦੇ ਆ ਨਾ ਕਿ ਸ਼ਿਕਾਰ ਇੱਕ ਦਿਨ ਤੋਂ ਵੱਧ ਰੱਖਿਆ ਨਹੀਂ ਜਾ ਸਕਦਾ। ਫਲ ਵੀ ਮਹੀਨਿਆਂ ਤੱਕ ਨਹੀਂ ਰਹਿ ਸਕਦੇ। ਪਸ਼ੂ ਨੂੰ ਸਾਲਾਂ ਤੱਕ ਰੱਖਿਆ ਜਾ ਸਕਦਾ ਤੇ ਜਿੰਨੇ ਦਿਨ ਰੱਖਾਂਗੇ, ਉਹ ਉਨੇ ਹੀ ਵਧਦੇ ਜਾਂਦੇ ਐ।

ਦੁਖਰਾਮ : ਸੂਰ ਤਾਂ ਸਾਲ ਵਿੱਚ ਇਕ ਤੋਂ ਵੀਹ ਹੋ ਜਾਂਦੇ ਐ...

ਸੰਤੋਖੀ : ਤੇ ਦੂਜੇ ਸਾਲ ਵੀਹ ਤੋਂ ਚਾਰ ਸੌ?

ਭਰਾ : ਜੋ ਖਾਣ-ਪਕਾਉਣ ਤੋਂ ਬਚ ਜਾਣ ਜਾਂ ਮਰਨ ਨਾ। ਹਾਂ, ਤਾਂ ਜਦੋਂ ਆਦਮੀ ਕੋਲ ਪਸ਼ੂ-ਧਨ ਹੋਇਆ, ਜੋ ਸਾਲਾਂ ਤੱਕ ਉਸਦੇ ਕੋਲ ਰਹਿ ਸਕਦਾ, ਤਾਂ ਫਿਰ ਪਹਿਲੇ-ਪਹਿਲ ਜੋਕ ਪੈਦਾ ਹੋਈ। ਪਰ ਉਹ ਪੂਰੇ ਰੂਪ ਵਿੱਚ ਜੋਕ ਨਹੀਂ ਸੀ, ਉਸਦਾ ਬਹੁਤਾ ਕੁੱਝ ਆਦਮੀਆਂ ਜਿਹਾ ਹੀ ਸੀ।

ਸੰਤੋਖੀ : ਇਹ ਕਿਹੜੀ ਜੋਕ ਸੀ ਰਾਜੇ, ਸੇਠ ਜਾਂ ਹੋਰ ਕੋਈ?

ਭਰਾ : ਉਦੋਂ ਨਾ ਰਾਜੇ ਸੀ, ਨਾ ਸੇਠ ਸੀ। ਉਹ ਪਹਿਲੀ ਜੋਕ ਸੀ-ਪੁਰਖੇ ਜਾਂ ਪਿੱਤਰ। ਜਦੋਂ ਆਸੇ-ਪਾਸੇ ਲੜਾਈ-ਝਗੜਾ ਹੁੰਦਾ, ਤਾਂ ਇੱਕ ਪੰਚਾਇਤ ਦੀ ਲੋੜ ਪੈਂਦੀ ਸੀ। ਜਦੋਂ ਬਾਹਰ ਝਗੜਾ ਹੁੰਦਾ ਤਾਂ ਪਲਟਨ ਚਲਾਉਣ ਲਈ ਇੱਕ ਆਗੂ ਦੀ ਲੋੜ ਹੁੰਦੀ। ਇਹ ਦੋਹੇਂ ਕੰਮ ਜੋ ਆਦਮੀ ਕਰਦਾ, ਉਸਨੂੰ ਪਿਤਰ ਜਾਂ ਮਹਾਂ ਪਿਤਰ ਕਹਿੰਦੇ ਸੀ। ਅਜੇ ਉਸਦੇ ਸਿਰ ਤੇ ਮੁਕਟ ਨਹੀਂ ਸੀ, ਅਜੇ ਵੀ ਉਹ ਚਟਾਈ ਤੇ ਬੈਠਣ ਵਾਲਾ ਬਰਾਦਰੀ ਦਾ ਚੌਧਰੀ ਸੀ। ਪਰ ਉਸਦੇ ਕੋਲ ਹੌਲੀ-ਹੌਲੀ ਪਸ਼ੂ ਵੱਧਦੇ, ਧਨ ਵੱਧਦਾ ਰਿਹਾ।

ਸੰਤੋਖੀ : ਤਾਂ ਭਰਾ ਪਸ਼ੂ ਪਾਲਣ ਤੋਂ ਪਹਿਲਾਂ ਜਿਆਦਾ ਦਿਨ ਰਹਿਣ ਵਾਲਾ ਧਨ ਤਾਂ ਕਿਸੇ ਕੋਲ ਨੀਂ ਸੀ, ਫੇਰ ਧਨੀ-ਗਰੀਬ ਦਾ ਫਰਕ ਵੀ ਨਹੀਂ ਰਿਹਾ ਹੋਣਾ?

ਭਰਾ : ਪਸ਼ੂ ਪਾਲਣ ਦੇ ਯੁੱਗ ਤੋਂ ਪਹਿਲਾਂ ਮੇਰੇ-ਤੇਰੇ ਦਾ ਸਵਾਲ ਈ ਨਹੀਂ ਸੀ। ਇੱਕ ਥਾਂ ਰਹਿਣ ਵਾਲੇ ਲੋਕ ਇੱਕਠੇ ਮਿਲ ਕੇ ਸ਼ਿਕਾਰ ਮਾਰਦੇ, ਇੱਕਠੇ ਮਿਲ ਕੇ ਫਲ ਜਮਾਂ ਕਰਦੇ ਤੇ ਇੱਕਠੇ ਈ ਖਾਂਦੇ।

ਦੁਖਰਾਮ : ਮਾਂ-ਬਾਪ, ਭੈਣ-ਭਰਾ, ਚਾਚਾ-ਚਾਚੀ, ਸਾਰੇ ਇੱਕਠੇ ਈ ਰਹਿੰਦੇ ਹੋਣਗੇ? ਕਿੰਨਾ ਵੱਡਾ ਘਰ-ਪਰਿਵਾਰ ਹੋਵੇਗਾ।

ਭਰਾ : ਅਜੇ ਪਿਓ ਨਹੀਂ ਬਣਿਆ ਸੀ ਦੁਖ ਭਰਾ।

ਦੁਖਰਾਮ : ਪਿਓ ਨੀਂ ਸੀ, ਇਸਦਾ ਕੀ ਮਤਲਬ ਭਰਾ?

ਭਰਾ : ਵਿਆਹ ਦਾ ਰਿਵਾਜ ਨਹੀਂ ਸੀ। ਮਾਂ ਨੂੰ ਸਾਰੇ ਜਾਣਦੇ ਸੀ।

ਦੁਖਰਾਮ : ਮਾਂ ਨੂੰ ਕਿਵੇਂ ਨੀ ਜਾਨਣਗੇ? ਮਾਂ ਦੇ ਢਿੱਡੋਂ ਤਾਂ ਸਾਰੇ ਬੱਚੇ ਪੈਦਾ ਹੁੰਦੇ ਦੇਖੇ ਜਾਂਦੇ ਐ।

ਭਰਾ : ਤਾਂ ਜੰਗਲ ਵਿੱਚ ਗਾਂ, ਘੋੜੇ, ਭੇਡ, ਬੱਕਰੀ ਰਹਿੰਦੇ ਸਨ, ਉਹਨਾਂ 'ਚੋਂ ਕੁੱਝ ਕੁ ਨੂੰ ਲੋਕਾਂ ਨੇ ਪਾਲਤੂ ਬਣਾਇਆ। ਰੋਜ-ਰੋਜ ਦਾ ਸ਼ਿਕਾਰ ਤਾਂ ਆਸਾਨ ਨਹੀਂ ਸੀ। ਪਸ਼ੂ ਪਾਲਣ ਦਾ ਕੰਮ ਮਰਦ ਨੇ ਸ਼ੁਰੂ ਕੀਤਾ, ਉਸਤੋਂ ਪਹਿਲਾਂ ਪਰਿਵਾਰ ਦੀ ਮੁਖੀ ਮਾਂ ਹੁੰਦੀ ਸੀ। ਹੁਣ ਜਿਆਦਾ ਧਨ ਵਾਲੇ ਪੁਰਖੇ ਮੁਖੀ ਬਣ ਗਏ।

ਦੁਖਰਾਮ : ਔਰਤ ਦੇ ਰਾਜ ਦੀ ਥਾਂ ਮਰਦ ਦਾ ਰਾਜ, ਮਾਤਾ ਦੇ ਰਾਜ ਦੀ ਥਾਂ ਪਿਤਾ ਦਾ ਰਾਜ ਸ਼ੁਰੂ ਹੋਇਆ।

ਭਰਾ : ਅਜੇ ਇੰਨ੍ਹਾ ਈ ਸਮਝੋ, ਕਿ ਔਰਤ ਨੂੰ ਹਟਾ ਕੇ ਮਰਦ ਮੁਖੀ ਬਣ ਗਿਆ। ਪਰ ਅਜੇ ਜੋਕ ਤਿਆਰ ਨਹੀਂ ਸੀ ਹੋਈ। ਜਦੋਂ ਪਸ਼ੂ ਧਨ ਹੋਰ ਵਧਿਆ, ਅੰਦਰੂਨੀ ਤੇ ਬਾਹਰੀ ਝਗੜੇ ਹੋਰ ਵਧਣ ਲੱਗੇ, ਫੇਰ ਮੁਖੀ ਦਾ ਜ਼ੋਰ ਵਧਿਆ, ਤੇ ਕਦੇ ਕਦੇ ਘਰ ਬੈਠੇ ਨੂੰ ਈ ਦੂਜੇ ਲੋਕ ਉਸਨੂੰ ਖਾਣ-ਪੀਣ ਲਈ ਭੇਜਣ ਲੱਗੇ। ਬਸ ਛੋਟੇ ਰੂਪ ਵਿੱਚ ਜੋਕ ਸ਼ੁਰੂ ਹੋ ਗਈ। ਮੈਂ ਦੱਸਿਆ ਸੀ ਨਾ, ਕਿ ਜੋਕਾਂ ਨੇ ਦੁਨੀਆਂ ਨੂੰ ਬਦਤਰ ਬਣਾਇਆ।

ਦੁਖਰਾਮ : ਹਾਂ ਭਰਾ।

ਭਰਾ : ਜੋਕਾਂ ਦਾ ਉਦੈ ਕਿਵੇਂ ਹੋਇਆ ਇਹ ਮੈਂ ਤੁਹਾਨੂੰ ਦੱਸਿਆ। ਪੂਰਾ ਜੋਕ ਪੁਰਾਨ ਅਜੇ ਨਹੀਂ ਦੱਸ ਸਕਦਾ।

ਸੰਤੋਖੀ : ਹਾਂ ਭਰਾ, ਅੱਜ ਰਾਤ ਬਹੁਤ ਹੋ ਗਈ ਐ।

ਭਰਾ : ਕੱਲ ਰਾਤ ਨੂੰ ਇਸ ਵੇਲੇ ਜੋਕ ਪੁਰਾਨ ਦੀ ਕਥਾ ਹੋਵੇਗੀ।

ਪੰਜਾਬੀ ਅਨੁਵਾਦ : ਰਵਿੰਦਰ ਰਾਹੀ ਜੈਤੋ

ਚੱਲ ਪਈ ਐਸੀ ਹਵਾ ਕਿ ਸਾਹ ਵੀ ਮੁਸ਼ਕਲ ਹੋ ਗਿਆ,
ਕੁੱਝ ਕਰੋ ਜਾਂ ਫਿਰ ਮਰੋ, ਇਹ ਅੱਜ ਦਾ ਪੈ਼ਗਾਮ ਹੈ।
ਪ੍ਰੀਤਮ ਪੰਧੇਰ

? ? ? ? ? ਦਸ ਸਵਾਲ ? ? ? ? ?

ਮਾਰਚ – ਅਪ੍ਰੈਲ 2014 ਅੰਕ ਵਿਚਲੇ ਸਾਰੇ ਸੁਆਲਾਂ ਦੇ ਠੀਕ ਜੁਆਬ ਨੌਂ ਬੱਚਿਆਂ ਨੇ ਦਿੱਤੇ ਹਨ।ਨੌਂ ਜਾਂ ਨੌਂ ਤੋਂ ਵੱਧ ਅੰਕ ਲੈਣ ਵਾਲੇ ਬੱਚਿਆਂ ਦੇ ਨਾਂ ਹੇਠਾ ਛਾਪ ਰਹੇ ਹਾਂ।ਇਨ੍ਹਾਂ 'ਚੋਂ ਪਹਿਲੇ ਪੰਜ ਬੱਚਿਆਂ ਨੂੰ ਢੁਕਵੇਂ ਇਨਾਮ ਭੇਜ ਦਿੱਤੇ ਜਾਣਗੇ।

1. ਸਾਕਸ਼ੀ ਗੋਇਲ, ਸੱਤਵੀਂ, ਡੀ.ਏ.ਵੀ. ਪਬਲਿਕ ਸਕੂਲ, ਸੂਰਜਪੁਰ, ਪੰਚਕੂਲਾ

2. ਮਨਵੀਤ ਕੌਰ, ਛੇਵੀਂ, ਹਾਰਵੈਸਟ ਇੰ. ਸਕੂਲ, ਜੱਸੋਵਾਲ-ਕੁਲਾਰ, ਲੁਧਿਆਣਾ

3. ਮੰਗਲਦੀਪ ਕੌਰ, ਸ. ਕੰ. ਸ. ਸ. ਸਕੂਲ, ਭਾਗਸਰ, ਮੁਕਤਸਰ

4. ਖੁਸ਼ਵਿੰਦਰ ਕੌਰ, ਸ. ਕੰ. ਸ. ਸ. ਸਕੂਲ, ਭਾਗਸਰ, ਮੁਕਤਸਰ

5. ਅਰਸ਼ਦੀਪ ਵਰਮਾ, ਦਸਵੀਂ, ਸੇਕਰਡ ਹਾਰਟ ਕਾ. ਸਕੂਲ, ਮਾਛੀਵਾੜਾ

6. ਸਜ਼ੋਨਰ, ਬਾਰਵੀਂ, ਸੀ. ਜੇ. ਐਮ. ਸਕੂਲ ਅੰਬਾਲਾ ਕੈਂਟ

7. ਦੀਪਕ, ਦਸਵੀਂ, ਸ. ਹਾ. ਸਕੂਲ, ਉਗਾੜਾ ਬਾੜਾ, ਅੰਬਾਲਾ

8. ਗੁਰਿੰਦਰ ਗਰੋਆ, ਨੌਵੀਂ, ਸ. ਸ. ਸ. ਸਕੂਲ਼, ਪਜੋਦਿਉਤਾ ਸੂਸ

9. ਗੁਰਲੀਨ ਗਰੋਆ, ਦਸਵੀਂ, ਸ. ਕੰ. ਹਾ. ਸਕੂਲ ਪਜੋਦਿਉਤਾ ਸੂਸ

10. ਕਿਰਨਦੀਪ ਕੌਰ, ਬੀ. ਕਾਮ–2, ਗੁ. ਨਾ. ਗ. ਕਾਲਜ ਲੁਧਿਆਣਾ

11. ਮੰਨਤ ਗਰਗ, ਛੇਵੀਂ, ਸ. ਹਾ. ਸਕੂਲ ਗੁਰਥੜੀ ਬਠਿੰਡਾ

12. ਆਸਥਾ, ਅਠਵੀਂ, ਭਾ. ਮਾ. ਸ. ਸ. ਸਕੂਲ ਰਾਮਪੁਰਾ ਫੂਲ

13. ਜਸਪ੍ਰੀਤ ਕੌਰ, ਸ. ਮਾਡਲ ਸ.ਸ. ਸਕੂਲ, ਖਰੜ

ਇਸ ਤੋਂ ਬਿਨ੍ਹਾਂ ਗੌ. ਗ. ਸ. ਸ. ਸਕੂਲ ਮੁਕਤਸਰ, ਨਿਊ ਪੈਰਾਡਾਈਜ਼ ਪਬਲਿਕ ਸਕੂਲ ਜ਼ੀਰਾ ਅਤੇ ਸ.ਸ.ਸ. ਸਕੂਲ ਮੋਹਾਲੀ ਨੇ ਵੀ ਇਸ ਕਾਲਮ ਵਿੱਚ ਭਾਗ ਲਿਆ।

ਮਾਰਚ-ਅਪ੍ਰੈਲ 2014 ਅੰਕ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ-

1. 'ਰਸੀਦੀ ਟਿਕਟ' ਅਮ੍ਰਿਤਾ ਪ੍ਰੀਤਮ ਦੀ ਸਵੈ–ਜੀਵਨੀ ਹੈ।
2. ਰਜ਼ੀਆ ਸੁਲਤਾਨ
3. ਬਿਛੇਂਦਰੀ ਪਾਲ
4. AFSPA (Armed forces special powers act)
5. ਵਿਦਿਆਵਤੀ
6. ਪੀ. ਵੀ. ਸਿੰਧੂ
7. ਕਰਨਾਲ (ਹਰਿਆਣਾ)
8. ਸੁਰਿੰਦਰ ਕੌਰ
9. ਮੀਰਾ ਕੁਮਾਰ
10. ਮੇਰੀ ਕਿਊਰੀ

ਨੋਟ: ਸੁਆਲਾਂ ਦੇ ਉਤਰ ਦੇਣ ਲਈ ਬੱਚੇ ਆਪਣੇ ਅਧਿਆਪਕਾਂ, ਮਾਪਿਆਂ, ਕਿਤਾਬਾਂ ਅਤੇ ਇੰਟਰਨੈਟ ਦੀ ਸਹਾਇਤਾ ਲੈ ਸਕਦੇ ਹਨ।

ਅਗਲੇ ਦਸ ਸੁਆਲ

1. ਜੇਕਰ ਦੋ ਸਮਤਲ ਦਰਪਣ (Plan Mirror) ਆਪਸ ਵਿਚ 90 ਡਿਗਰੀ ਦੇ ਕੋਣ ਤੇ ਜੁੜੇ ਹੋਏ ਹੋਣ ਤਾਂ ਉਨ੍ਹਾਂ ਸਾਹਮਣੇ ਪਈ ਵਸਤੂ ਦੇ ਕਿੰਨੇ ਪ੍ਰਤੀਬਿੰਬ (Image) ਬਨਣਗੇ?
2. ਵੋਟਾਂ ਨਾਲ ਸਬੰਧਤ ਸ਼ਬਦ NOTA ਤੋਂ ਪੂਰਾ ਨਾਮ ਕੀ ਬਣਦਾ ਹੈ?
3. ਕੀ ਅਜੋਕੇ ਵਿਗਿਆਨ ਅਨੁਸਾਰ ਇਹ ਪੰਜ–ਅੱਗ, ਹਵਾ, ਪਾਣੀ, ਧਰਤੀ ਤੇ ਆਕਾਸ਼ ਤੱਤ (Elements) ਹਨ? ਹਾਂ ਜਾਂ ਨਹੀਂ ਲਿਖੋ।
4. ਪੰਜਾਬ ਦਾ ਖੇਤਰਫਲ ਕਿੰਨਾ ਹੈ?
5. ਕੌਮੀ ਵਿਗਿਆਨ ਦਿਵਸ ਕਿਸ ਦਿਨ ਹੁੰਦਾ ਹੈ?
6. ਕਿਸੇ ਸੰਖਿਆ ਦੇ ਸਾਰੇ ਅੰਕਾਂ ਦਾ ਜੋੜ 14 ਹੈ। ਕੀ ਉਹ ਸੰਖਿਆ ਤਿੰਨ ਨਾਲ ਵੰਡਣਯੋਗ ਹੋਵੇਗੀ?
7. ਭੋਜਨ ਵਿਚ ਲੋਹੇ ਦੀ ਘਾਟ ਨਾਲ ਕਿਹੜਾ ਰੋਗ ਹੋ ਸਕਦਾ ਹੈ?
8. ਨਾਵਲ "ਤੂਤਾਂ ਵਾਲਾ ਖੂਹ" ਕਿਸਦਾ ਲਿਖਿਆ ਹੋਇਆ ਹੈ?
9. 2012 ਦੀਆਂ ਉਲੰਪਿਕ ਖੇਡਾਂ ਵਿਚ ਚੀਨ ਨੇ ਕੁਲ ਕਿੰਨੇ ਤਮਗੇ ਜਿੱਤੇ ਸਨ ਅਤੇ ਭਾਰਤ ਨੇ ਕਿੰਨੇ?

10. ਇਹ ਚਿੰਨ੍ਹ ਕਿਸ ਸੰਸਥਾ ਨਾਲ ਸਬੰਧਤ ਹੈ?



ਇੰਨ੍ਹਾਂ ਸੁਆਲਾਂ ਦੇ ਉਤਰ ਸਾਦੇ ਕਾਗਜ਼ ਜਾਂ ਪੋਸਟ ਕਾਰਡ ਉੱਪਰ ਆਪਣਾ ਨਾਂ, ਜਮਾਤ, ਸਕੂਲ ਦਾ ਨਾਂ ਅਤੇ ਫੋਨ ਨੰਬਰ ਲ਼ਿਖਕੇ ਡਾਕ ਰਾਹੀਂ ਹੇਠ ਲਿਖੇ ਪਤੇ ਤੇ ਭੇਜੇ ਜਾਣ।ਕ੍ਰਿਪਾ ਕਰਕੇ ਜੁਆਬ ਰਜਿਸਟਰਡ ਡਾਕ ਜਾਂ ਕੋਰੀਅਰ ਰਾਹੀਂ ਬਿਲਕੁਲ ਨਾ ਭੇਜੇ ਜਾਣ।ਜੁਆਬ 5 ਜੂਨ ਤੱਕ ਪਹੁੰਚ ਜਾਣੇ ਚਾਹੀਦੇ ਹਨ।

ਜਸਵੰਤ ਸਿੰਘ
ਮਕਾਨ ਨੰਬਰ-ਐੱਚ. ਐੱਲ. 107,
ਫੇਜ਼-1, ਮੋਹਾਲੀ

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ । ਇਹ ਹਾਲ 300 ਕੁਰਸੀਆਂ ਦਾ ਹੋਵੇਗਾ । ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ । ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ । ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ । ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ।ਸੁਸਾਇਟੀ ਦੇ ਖਾਤਾ ਨੰਬਰ 004400100282234, ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ । ਵੱਲੋਂ : ਸੂਬਾ ਕਮੇਟੀ

ਹਾਲ ਫੰਡ:

ਰਾਹੀਂ ਸੱਚਦੇਵ ਵਿਰਦੀ, ਇੰਗਲੈਂਡ
ਏਸ਼ੀਅਨ ਰੈਸ਼ਨਾਲਿਸਟ ਸੁਸਾਇਟੀ, ਬ੍ਰਿਟੇਨ (ਬਰਾਂਚ ਬਰਮਿੰਘਮ) 2,00,000
ਰਾਹੀਂ ਰਾਜ ਕੁਮਾਰ, ਇਕਾਈ ਮੁਖੀ, ਸਮਾਣਾ
ਕ੍ਰਿਸ਼ਨਾ ਰਾਣੀ, ਸਮਾਣਾ 50,000
ਰੁਲਦੂ ਰਾਮ, ਸਮਾਣਾ 10,000
ਜੌਹਰੀ ਲਾਲ-ਰਾਮ ਲਾਲ, ਸਮਾਣਾ 10,000
ਰਾਮ ਕ੍ਰਿਸ਼ਨ-ਹਰੀ ਕ੍ਰਿਸ਼ਨ, ਸਮਾਣਾ 500
ਸੂਬਾ ਸਿੰਘ, ਸਮਾਣਾ 1100
ਰਾਹੀਂ ਹਰਿੰਦਰ ਲਾਲੀ
ਸਾਥੀ ਲਵਕੇਸ਼ ਪ੍ਰਾਸ਼ਰ, ਸਾਬਕਾ ਪ੍ਰਧਾਨ, ਏਸ਼ੀਅਨ ਰੈਸ਼ਨਾਲਿਸਟ ਸੁਸਾਇਟੀ, ਬ੍ਰਿਟੇਨ ਵੱਲੋਂ ਆਪਣੀ ਲੜਕੀ ਰੇਨੂੰ ਦੀ ਸ਼ਾਦੀ 'ਤੇ 10,200
ਜਗਦੇਵ, ਰਾਮਪੁਰਾ ਫੂਲ ਰਾਹੀਂ
ਪ੍ਰਿੰਸੀਪਲ ਤਰਲੋਕ ਸੰਧੂ ਅਤੇ ਪਲਸ ਮੰਚ ਆਗੂ ਲੋਕ ਬੰਧੂ ਰਾਮਪੁਰਾ ਵੱਲੋਂ ਆਪਣੀ ਮਾਤਾ ਅਮਰ ਰਾਣੀ ਸਮਾਜ ਸੇਵਿਕਾ ਦੀ ਯਾਦ 'ਚ 5000
ਜੰਟਾ ਸਿੰਘ, ਜ਼ੋਨ ਵਿੱਤ ਮੁਖੀ ਬਠਿੰਡਾ (ਸੇਵਾ ਮੁਕਤੀ ਤੇ) 5000 ਰੁਪਏ
ਰਾਹੀਂ ਗੁਰਪ੍ਰੀਤ ਸ਼ਹਿਣਾ
ਛੱਜੂ ਰਾਮ ਇੰਜਨੀਅਰ, ਬਿਜਲੀ ਬੋਰਡ, ਸ਼ਹਿਣਾ 1100
ਹਰਪ੍ਰੀਤ ਸਿੰਘ, ਫਿਰੋਜ਼ਪੁਰ (ਰਾਹੀਂ ਜਸਵੰਤ ਮੋਹਾਲੀ) 2000
ਆਪਣੇ ਤੌਰ 'ਤੇ
ਤਰਸੇਮ ਲਾਲ-ਰਾਜ ਕੁਮਾਰ, ਮੁਕਤਸਰ ਆਪਣੀ ਮਾਤਾ ਗੰਗਾ ਦੇਵੀ ਦੀ ਯਾਦ 'ਚ 1000
ਸੁਖਮੰਦਰ ਸਿੰਘ ਲੋਦੜਾ (ਬੇਟੀ ਨਵਦੀਪ ਕੌਰ ਦੇ ਵਿਆਹ 'ਤੇ) 1000
ਅਮਰੀਕ ਸਿੰਘ ਅੱਕਾਂਵਾਲੀ, ਮਾਨਸਾ (ਮੈਨੇਜਰ ਐਸ.ਬੀ.ਓ.ਪੀ. ਸਰਦੂਲਗੜ੍ਹ) (ਪਦ ਉਨਤੀ ਤੇ) (ਰਾਹੀਂ ਬਲਬੀਰ ਲੌਂਗੋਵਾਲ) 1000 ਰੁਪਏ
ਨਛੱਤਰ ਸਿੰਘ, ਚੰਨੋ (ਸੰਗਰੂਰ) (ਰਾਹੀਂ ਜਸਵੰਤ ਜੀਰਖ) 1000 ਰੁਪਏ
ਬਲਜੀਤ ਸਿੰਘ, ਜੈਮਲ ਸਿੰਘ ਵਾਲਾ (ਬਰਨਾਲਾ) ਆਪਣੀ ਪੋਤਰੀ ਤਰਕਪ੍ਰੀਤ ਦੇ ਜਨਮ 'ਤੇ 500

ਇਸ ਅੰਕ ਦਾ ਜੋੜ : 2,99,400
ਪਿਛਲਾ ਜੋੜ : 3,20,200
ਕੁੱਲ ਜੋੜ : 6,19,600

ਸੂਬਾਈ ਛਿਮਾਹੀ ਇਕੱਤਰਤਾ

ਵਿਗਿਆਨਕ ਚੇਤਨਾ ਦੇ ਪਸਾਰ ਲਈ ਜੁਟੀ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਸੂਬਾ ਕਮੇਟੀ ਦੀ ਅਗਵਾਈ 'ਚ ਲਏ ਫੈਸਲਿਆਂ ਨੂੰ ਲਾਗੂ ਕਰਨ ਹਿਤ ਸੂਬਾਈ ਛਿਮਾਹੀ ਇਕੱਤਰਤਾ ਸ਼ਕਤੀ ਕਲਾ ਕੇਂਦਰ ਬਰਨਾਲਾ ਵਿਖੇ 5 ਅਪ੍ਰੈਲ ਨੂੰ ਹੋਈ। ਜਿਸ ਵਿੱਚ ਰਾਜ ਭਰ ਦੀਆਂ ਤਰਕਸ਼ੀਲ ਇਕਾਈਆਂ ਦੇ ਚੁਣੇ ਗਏ ਡੈਲੀਗੇਟਾਂ/ਦਰਸ਼ਕਾਂ ਨੇ ਸ਼ਿਰਕਤ ਕੀਤੀ।

ਇਕੱਤਰਤਾ ਦੀ ਸ਼ੁਰੂਆਤ ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਵੱਲੋਂ ਕੀਤੀ ਭਾਵਪੂਰਤ ਤਕਰੀਰ ਨਾਲ ਹੋਈ। ਇਕੱਤਰਤਾ ਦੇ ਪਹਿਲੇ ਸੈਸ਼ਨ ਵਿੱਚ ਜਥੇਬੰਦਕ, ਵਿੱਤ, ਸਭਿਆਚਾਰਕ ਵਿਭਾਗ ਦੇ ਮੁਖੀਆਂ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ ਤੇ ਸੁਖਦੇਵ ਫ਼ਗਵਾੜਾ ਨੇ ਆਪੋ ਆਪਣੇ ਵਿਭਾਗਾਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਜਿਨ੍ਹਾਂ ਉੱਪਰ ਭਰਵੀਂ ਬਹਿਸ ਹੋਈ। ਜਥੇਬੰਦਕ ਵਿਭਾਗ 'ਚ ਜਥੇਬੰਦੀ ਦੀ ਪਹਿਲ ਕਦਮੀਂ ਤੇ ਤਰਕਸ਼ੀਲ ਸਾਹਿਤ ਵੈਨ ਨੂੰ ਮਿਲਿਆ ਭਰਪੂਰ ਹੁੰਗਾਰਾ ਚਰਚਾ ਦਾ ਵਿਸ਼ਾ ਰਿਹਾ। ਸਭਿਆਚਾਰਕ ਵਿਭਾਗ 'ਚ ਤਰਕਸ਼ੀਲ ਰਵਾਇਤਾਂ ਦੀ ਸਥਾਪਨਾ ਦਾ ਮੁੱਦਾ ਵੀ ਬਹਿਸ ਦਾ ਹਿੱਸਾ ਬਣਿਆ। ਡੈਲੀਗੇਟਾਂ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਵਿਭਾਗ ਮੁਖੀਆਂ ਨੇ ਦਿੱਤੇ।

ਇਕੱਤਰਤਾ ਦੇ ਦੂਸਰੇ ਸੈਸ਼ਨ 'ਚ ਮੀਡੀਆ, ਮੈਗਜ਼ੀਨ, ਸਾਹਿਤ ਤੇ ਪ੍ਰਕਾਸ਼ਨ ਵਿਭਾਗਾਂ ਦੇ ਮੁਖੀਆਂ ਰਾਮ ਸਵਰਨ ਲੱਖੇਵਾਲੀ, ਬਲਵੀਰ ਚੰਦ ਲੌਂਗੋਵਾਲ, ਭੂਰਾ ਸਿੰਘ ਮਹਿਮਾ ਸਰਜਾ ਤੇ ਸੁਖਵਿੰਦਰ ਬਾਗਪੁਰ ਨੇ ਆਪੋ ਆਪਣੇ ਵਿਭਾਗ ਦੀਆਂ ਪ੍ਰਾਪਤੀਆਂ ਤੇ ਪਹਿਲ ਕਦਮੀਆਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ। ਹਾਜ਼ਰ ਡੈਲੀਗੇਟਾਂ ਨੇ ਸਾਰੇ ਵਿਭਾਗਾਂ ਸਬੰਧੀ ਸਵਾਲ ਤੇ ਸੁਝਾਅ ਨੋਟ ਕਰਵਾਏ। ਮੀਡੀਆ, ਸਾਹਿਤ, ਮੈਗਜ਼ੀਨ ਤੇ ਪ੍ਰਕਾਸ਼ਨ ਵਿਭਾਗ ਦੀ ਕਾਰਗੁਜ਼ਾਰੀ ਨੇ ਡੈਲੀਗੇਟਾਂ ਨੇ ਤਸੱਲੀ ਦਾ ਇਜ਼ਹਾਰ ਕਰਦਿਆਂ ਉੱਤਮ ਪੇਸ਼ਕਾਰੀ ਲਈ ਸੁਝਾਅ ਦਿੱਤੇ। ਵਿਭਾਗ ਮੁਖੀਆਂ ਨੇ ਆਏ ਸੁਝਾਵਾਂ ਦਾ ਸਵਾਗਤ ਕਰਦਿਆਂ ਭਵਿੱਖ 'ਚ ਉਨ੍ਹਾਂ ਨੂੰ ਲਾਗੂ ਕਰਨ ਦਾ ਵਿਸ਼ਵਾਸ ਦਿਵਾਇਆ। ਇਕੱਤਰਤਾ ਦੇ ਇਸ ਸੈਸ਼ਨ 'ਚ ਸਾਹਿਤ ਵਿਭਾਗ ਵੱਲੋਂ ਨਵੇਂ ਟਾਈਟਲਾਂ ਅਧੀਨ ਪ੍ਰਕਾਸ਼ਿਤ ਕੀਤੀਆਂ ਤੇ ਨਵ ਪ੍ਰਕਾਸ਼ਿਤ ਪੁਸਤਕਾਂ ਚਰਚਾ ਦਾ ਵਿਸ਼ਾ ਬਣੀਆਂ ਜਦਕਿ ਮੈਗਜ਼ੀਨ ਵਿਭਾਗ 'ਚ ਨਵੇਂ ਸ਼ੁਰੂ ਕੀਤੇ ਕਾਲਮ, ਮੀਡੀਆ 'ਚ ਪੰਜਾਬ ਪੰਨਿਆਂ ਤੇ ਹੋਈ ਕਵਰੇਜ਼ ਤੇ ਪ੍ਰਿੰਟਿੰਗ ਵਿਭਾਗ 'ਚ ਮੁੱਖ ਪੰਨਿਆਂ ਤੇ ਪ੍ਰਿੰਟਿੰਗ 'ਚ ਆਏ ਨਿਖ਼ਾਰ ਨੂੰ ਡੈਲੀਗੇਟਾਂ ਨੇ ਸਰਾਹਿਆ।

ਇਕੱਤਰਤਾ ਦੇ ਆਖਰੀ ਸੈਸ਼ਨ 'ਚ ਕੌਮੀ ਕੌਮਾਂਤਰੀ ਮਾਮਲੇ, ਮਾਨਸਿਕ ਸਿਹਤ ਮਸ਼ਵਰਾ ਕੇਂਦਰ ਤੇ ਕਾਨੂੰਨ ਵਿਭਾਗ ਦੇ ਮੁਖੀਆਂ ਹਰਚੰਦ ਭਿੰਡਰ, ਚੰਨਣ ਵਾਂਦਰ ਤੇ ਐਡਵੋਕੇਟ ਹਰਿੰਦਰ ਲਾਲੀ ਨੇ ਆਪਣੀਆਂ ਰਿਪੋਰਟਾਂ ਡੈਲੀਗੇਟਾਂ ਸਾਹਵੇਂ ਪੇਸ਼ ਕੀਤੀਆਂ। ਡੈਲੀਗੇਟਾਂ ਨੇ ਚਰਚਾ 'ਚ ਹਿੱਸਾ ਲੈਂਦਿਆਂ ਕਾਨੂੰਨ ਵਿਭਾਗ ਵੱਲੋਂ ਅੰਧਵਿਸ਼ਵਾਸਾਂ ਵਿਰੋਧੀ ਕਾਨੂੰਨ 2014 ਤੇ ਤਿਆਰ ਕੀਤੇ ਪ੍ਰਸਤਾਵਿਤ ਖਰੜੇ ਦੀ ਸਰਾਹਨਾ ਕੀਤੀ। ਕੌਮਾਂਤਰੀ ਵਿਭਾਗ 'ਚ ਤਰਕਸ਼ੀਲ ਸਰਗਰਮੀਆਂ ਵੀ ਚਰਚਾ ਦਾ ਵਿਸ਼ਾ ਰਹੀਆਂ ਜਦਕਿ ਮਾਨਸਿਕ ਮਸ਼ਵਰਾ ਕੇਂਦਰ ਵਿਭਾਗ ਵੱਲੋਂ ਬਰਗਾੜੀ ਕੇਂਦਰ ਨੂੰ ਲਗਾਤਾਰ ਸਫ਼ਲਤਾ ਪੂਰਵਕ ਚਲਾਏ ਜਾਣ ਤੇ ਪੰਜਾਬ ਤੋਂ ਇਲਾਵਾ ਹੋਰਨਾਂ ਰਾਜਾਂ 'ਚ ਮਾਨਸਿਕ ਰੋਗੀਆਂ ਦੀ ਸਹਾਇਤਾ ਲਈ ਕੀਤੇ ਜਾਂਦੇ ਉਪਰਾਲਿਆਂ ਦੀ ਸਰਾਹਨਾ ਦੇ ਨਾਲ-ਨਾਲ ਇਸ ਵਿਭਾਗ ਵੱਲੋਂ ਜ਼ੋਨ ਪੱਧਰ ਤੇ ਅਜਿਹੇ ਯਤਨ ਜੁਟਾਉਣ ਦਾ ਸੁਝਾਅ ਵੀ ਨੋਟ ਕੀਤਾ ਗਿਆ। ਡੈਲੀਗੇਟਾਂ ਨੇ ਫ਼ੁਟਕਲ ਮਸਲਿਆਂ 'ਚ ਮੁਹਾਲੀ ਇਕਾਈ ਦੀ ਪਹਿਲ ਕਦਮੀਂ ਤੇ ਜ਼ੋਨ ਚੰਡੀਗੜ੍ਹ ਵੱਲੋਂ ਸਿੱਖਿਆ ਬੋਰਡ ਦੀਆਂ ਪੁਸਤਕਾਂ 'ਚੋਂ ਅੰਧਵਿਸ਼ਵਾਸੀ ਮੈਟਰ ਹਟਾਉਣ ਲਈ ਜੁਟਾਏ ਸਫ਼ਲ ਯਤਨ ਦੀ ਭਰਪੂਰ ਸ਼ਲਾਘਾ ਕੀਤੀ। ਇਕੱਤਰਤਾ ਦੌਰਾਨ ਮਾਸਟਰ ਪਰਮਵੇਦ, ਜਿੰਦਰ ਬਾਗ਼ਪੁਰ, ਅਜੀਤ ਪ੍ਰਦੇਸੀ, ਗੁਰਮੀਤ ਖਰੜ, ਸੁਰਜੀਤ ਮੁਹਾਲੀ, ਰਣਜੀਤ ਬਠਿੰਡਾ, ਜਸਵਿੰਦਰ ਪਟਵਾਰੀ, ਰਾਮ ਸਿੰਘ ਨਿਰਮਾਣ, ਇੰਜੀਨੀਅਰ ਜੁਝਾਰ ਲੌਂਗੋਵਾਲ, ਰਾਮ ਕੁਮਾਰ ਪਟਿਆਲਾ, ਜਸਵੰਤ ਜੀਰਖ਼, ਦਲਬੀਰ ਕਟਾਣੀ, ਗੁਰਪ੍ਰੀਤ ਸ਼ਹਿਣਾ, ਭੁਪਿੰਦਰ ਫ਼ੌਜੀ, ਅੰਮ੍ਰਿਤ ਰਿਸ਼ੀ, ਜਸਵੰਤ ਜੱਸ, ਮੁਖਤਿਆਰ ਗੋਪਾਲਪੁਰਾ, ਸੰਦੀਪ ਸਿੰਘ, ਰਾਜਵੰਤ ਬਾਗੜੀਆਂ ਤੇ ਰਣਜੀਤ ਕੌਰ ਗੱਗੋਮਾਹਲ ਆਦਿ ਤਰਕਸ਼ੀਲ ਡੈਲੀਗੇਟਾਂ ਨੇ ਬਹਿਸ 'ਚ ਹਿੱਸਾ ਲਿਆ ਤੇ ਉਸਾਰੂ ਸੁਝਾਅ ਦਿੱਤੇ।

ਇਕੱਤਰਤਾ ਦੌਰਾਨ ਸੁਸਾਇਟੀ ਵੱਲੋਂ ਨਵ ਪ੍ਰਕਾਸ਼ਿਤ ਪੁਸਤਕਾਂ ਨੂੰ ਸੂਬਾਈ ਆਗੂਆਂ ਵੱਲੋਂ ਰਿਲੀਜ਼ ਕੀਤਾ ਗਿਆ। ਸਮਾਪਤੀ ਤੇ ਹਾਜ਼ਰ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ ਸੂਬਾ ਜਥੇਬੰਦਕ ਮੁਖੀ ਨੇ ਵਿਗਿਆਨਕ ਚੇਤਨਾ ਦੇ ਪਸਾਰ ਲਈ ਸਿਦਕ ਦਿਲੀ ਨਾਲ ਅੱਗੇ ਆਉਣ ਦਾ ਸੱਦਾ ਦਿੱਤਾ।

ਰਿਪੋਤਾਜ਼: ਰਾਮ ਸਵਰਨ ਲੱਖੇਵਾਲੀ, ਸੂਬਾ ਮੀਡੀਆ ਮੁਖੀ।

ਪਰਦਾਫ਼ਾਸ

ਨਿੰਮ ਵਿੱਚੋਂ ਦੁੱਧ ਨਿਕਲਣ ਦੀ ਘਟਨਾ

(ਇਕਾਈ ਚੋਹਲਾ ਸਾਹਿਬ) : ਕਸਬਾ ਚੋਹਲਾ ਸਾਹਿਬ ਵਿਖੇ ਇੱਕ ਘਰ ਵਿੱਚ ਇੱਕ ਨਿੰਮ ਦੇ ਦਰਖਤ ਵਿੱਚੋਂ ਦੁੱਧ ਨਿਕਲਣ ਦੀ ਘਟਨਾ ਕਸਬੇ ਵਿੱਚ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈ। ਘਰ ਦੇ ਮੈਂਬਰਾਂ ਨੇ ਉਸ ਦਰਖਤ ਦੇ ਆਲੇ ਦੁਆਲੇ ਲਾਲ ਰੰਗ ਦਾ ਕੱਪੜਾ ਬੰਨ੍ਹ ਕੇ ਉਸਨੂੰ ਮੰਦਰ ਦਾ ਰੂਪ ਦੇਣਾ ਸ਼ੁਰੂ ਕਰ ਦਿੱਤਾ ਅਤੇ ਆਮ ਜਨਤਾ ਨੇ ਉਸ ਦਰਖਤ ਨੂੰ ਕਰਾਮਾਤੀ ਸਮਝਦੇ ਹੋਏ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਜਦੋਂ ਇਸਦੀ ਭਿਣਕ ਸਥਾਨਕ ਸੁਸਾਇਟੀ ਮੈਂਬਰਾਂ ਨੂੰ ਲੱਗੀ ਤਾਂ ਮੁਖਵਿੰਦਰ ਸਿੰਘ ਚੋਹਲਾ, ਮਾ: ਬਲਬੀਰ ਪਰਵਾਨਾ, ਮਹਿਲ ਸਿੰਘ, ਕਾਮਰੇਡ ਗੁਰਦਰਸ਼ਨ ਸਿੰਘ ਘਟਨਾ ਵਾਲੀ ਥਾਂ ਤੇ ਪਹੁੰਚੇ ਤੇ ਵੇਖਿਆ ਕਿ ਨਿੰਮ ਦੇ ਇੱਕ ਭਾਗ ਵਿੱਚੋਂ ਪਾਣੀ ਵਰਗਾ ਤਰਲ ਪਦਾਰਥ ਨਿੱਕਲ ਰਿਹਾ ਸੀ ਅਤੇ ਧਰਤੀ ਤੇ ਡਿੱਗਣ ਤੋਂ ਬਾਅਦ ਦੁੱਧ ਵਰਗਾ ਪ੍ਰਤੀਤ ਹੁੰਦਾ ਸੀ। ਘਟਨਾ ਦੀ ਬਰੀਕੀ ਨਾਲ ਛਾਣਬੀਣ ਕੀਤੀ। ਇਸ ਘਟਨਾ ਦਾ ਪਰਦਾਫਾਸ਼ ਕਰਨ ਲਈ ਸੁਸਾਇਟੀ ਮੈਂਬਰਾਂ ਨੇ ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਤੋਂ ਇਲਾਵਾ ਕਈ ਜਾਣਕਾਰਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇੰਨ੍ਹਾਂ ਦਿਨਾਂ ਵਿੱਚ ਪੁੰਗਾਰੇ ਦੇ ਬਹਾਰ ਹੋਣ ਕਰਕੇ ਦਰਖਤਾਂ ਵਿੱਚ ਕਿਸੇ ਕੱਟੇ ਹੋਏ ਥਾਂ ਵਿੱਚੋਂ ਤਰਲ ਪਦਾਰਥ ਦਾ ਨਿਕਲਣਾ ਸੁਭਾਵਕ ਹੈ। ਪੜਤਾਲ ਉਪਰੰਤ ਤਰਕਸ਼ੀਲਾਂ ਨੇ ਘਟਨਾ ਵਾਲੀ ਥਾਂ ਤੇ ਪਹੁੰਚ ਕੇ ਆਮ ਜਨਤਾ ਦੇ ਇੱਕਠ ਨੂੰ ਸੰਬੋਧਨ ਕਰਦੇ ਹੋਏ ਸਪੱਸ਼ਟ ਕੀਤਾ ਕਿ ਇਹ ਨਿੰਮ ਕਰਾਮਾਤੀ ਨਹੀਂ ਹੈ, ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕਰਾਮਾਤ ਵਾਲੀ ਕੋਈ ਗੱਲ ਨਹੀਂ, ਇਹ ਸੁਭਾਵਿਕ ਪ੍ਰਕਿਰਿਆ ਹੈ। ਤਰਕਸ਼ੀਲਾਂ ਦੀ ਪਹਿਲ ਕਦਮੀ ਸਦਕਾ ਆਮ ਜਨਤਾ ਦੀ ਲੁੱਟ ਖਸੁੱਟ ਕਰਨ ਵਾਲੀ ਨਵੀਂ ਬਣੀ ਦੁਕਾਨ ਜਲਦੀ ਹੀ ਬੰਦ ਹੋ ਗਈ।

ਅੱਗ ਲੱਗਣੀ ਹੋਈ ਬੰਦ

ਇਕਾਈ ਚੋਹਲਾ ਸਾਹਿਬ ਕੋਲ ਨੇੜਲੇ ਪਿੰਡ ਕਰਮੂਵਾਲਾ ਵਿਖੇ ਇੱਕ ਘਰ ਵਿੱਚ ਰਹੱਸਮਈ ਢੰਗ ਨਾਲ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਨ ਦਾ ਕੇਸ ਆਇਆ ਤਾਂ ਇਕਾਈ ਚੋਹਲਾ 'ਤੇ ਇਕਾਈ ਤਰਨਤਾਰਨ ਵੱਲੋਂ ਸਾਂਝੇ ਤੌਰ ਤੇ ਰਜਵੰਤ ਸਿੰਘ ਬਾਗੜੀਆ, ਗੁਰਸੇਵਕ ਨੌਸਹਿਰਾ ਪੰਨੂਆਂ, ਸੁਖਵਿੰਦਰ ਸਿੰਘ ਖਾਰਾ, ਮਾ: ਕਸ਼ਮੀਰ ਸਿੰਘ, ਮਾ: ਅਵਤਾਰ ਸਿੰਘ, ਕਾਮਰੇਡ ਗੁਰਦਰਸ਼ਨ ਸਿੰਘ ਤੇ ਅਧਾਰਿਤ ਪੜਤਾਲੀਆ ਟੀਮ ਪੀੜਤ ਪਰਿਵਾਰ ਦੇ ਘਰ ਪਹੁੰਚੀ ਤੇ ਵੇਖਿਆ ਕਿ ਬੰਦ ਪੇਟੀ, ਅਲਮਾਰੀਆਂ ਤੇ ਹੋਰਨਾਂ ਥਾਵਾਂ ਤੇ ਅਲੱਗ-ਅਲੱਗ ਸਮੇਂ ਤੇ ਅੱਗ ਲੱਗਣ ਦੀਆਂ ਘਟਨਾਵਾਂ ਕਾਰਣ ਕੱਪੜੇ ਤੇ ਹੋਰ ਸਮਾਨ ਸੜ ਚੁੱਕਾ ਸੀ, ਜਿਸ ਕਰਕੇ ਪਰਿਵਾਰ ਦਾ ਕਾਫੀ ਆਰਥਿਕ ਨੁਕਸਾਨ ਹੋ ਗਿਆ ਸੀ। ਪਰਿਵਾਰ ਭਾਵੇਂ ਕਿ ਇੰਨ੍ਹਾਂ ਘਟਨਾਵਾਂ ਪਿੱਛੇ ਭੂਤਾਂ ਪ੍ਰੇਤਾਂ ਦੀ ਹੋਂਦ ਨੂੰ ਮੰਨ ਰਿਹਾ ਸੀ। ਪਰ ਇੰਨ੍ਹਾਂ ਘਟਨਾਵਾਂ ਕਰਕੇ ਪਾਖੰਡੀ ਸਾਧਾਂ ਤੋਂ ਲੁੱਟ ਕਰਵਾਉਣ ਤੋਂ ਬਚਿਆ ਹੋਇਆ ਸੀ ਕਿਉਂਕਿ ਉਸੇ ਪਿੰਡ ਵਿੱਚ ਕੁੱਝ ਸਮਾਂ ਪਹਿਲਾਂ ਤਰਕਸ਼ੀਲਾਂ ਵੱਲੋਂ ਅੱਗ ਲੱਗਣ ਦੀਆਂ ਘਟਨਾਵਾਂ ਦਾ ਸਫਲਤਾ ਪੂਰਵਕ ਹੱਲ ਕਰ ਦਿੱਤਾ ਗਿਆ ਸੀ ਤਾਂ ਪਿੰਡ ਦੇ ਮੋਹਤਬਰਾਂ ਨੇ ਇਸ ਮਸਲੇ ਦੇ ਹੱਲ ਲਈ ਤਰਕਸ਼ੀਲਾਂ ਨਾਲ ਰਾਬਤਾ ਕਾਇਮ ਕਰਨ ਲਈ ਪ੍ਰੇਰਿਤ ਕੀਤਾ। ਪੜਤਾਲੀਆ ਟੀਮ ਨੇ ਸਾਰੀਆਂ ਘਟਨਾਵਾਂ ਦੀ ਬਰੀਕੀ ਨਾਲ ਛਾਣਬੀਣ ਕੀਤੀ, ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਨ ਦੇ ਥੋੜੇ ਸਮੇਂ ਬਾਅਦ ਹੀ ਤਰਕਸ਼ੀਲਾਂ ਸਪੱਸ਼ਟ ਕੀਤਾ ਕਿ ਅੱਜ ਤੋਂ ਬਾਅਦ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਘਟਨਾ ਨਹੀਂ ਵਾਪਰੇਗੀ। ਪਰਿਵਾਰਕ ਮੈਂਬਰਾਂ ਤੇ ਆਲੇ ਦੁਆਲੇ ਦੇ ਇੱਕਠ ਨੂੰ ਰਜਵੰਤ ਸਿੰਘ ਬਾਗੜੀਆ ਨੇ ਸੰਬੋਧਨ ਕੀਤਾ। ਕੁੱਝ ਮਹੀਨੇ ਬੀਤ ਜਾਣ ਦੇ ਬਾਅਦ ਅੱਜ ਤੱਕ ਉਸ ਘਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਘਟਨਾ ਨਹੀਂ ਵਾਪਰੀ।

ਰਜਵੰਤ ਸਿੰਘ ਬਾਗੜੀਆ, 98154-68377



ਪ੍ਰਤੀਕਰਮ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਜਨਵਰੀ-ਫਰਵਰੀ 2014 ਦੇ ਅੰਕ ਵਿੱਚ ਜਸਵੰਤ ਮੁਹਾਲੀ, ਪਰਵੀਨ ਸ਼ਰਮਾ ਵੱਲੋਂ ਰਚਿਤ 'ਅਨੇਕਾਂ ਜ਼ਿੰਦਗੀਆਂ ਬਚਾਉਣ ਦਾ ਮੌਕਾ ਹੈ-ਦਿਮਾਗੀ ਮੌਤ' ਕਾਬਿਲੇ ਤਾਰੀਫ ਸੀ। ਡਾ. ਅੰਮ੍ਰਿਤ ਦਾ ਲੇਖ 'ਵਿਟਾਮਿਨਾਂ-ਟਾਨਿਕਾਂ ਦਾ ਗੋਰਖ ਧੰਦਾ' ਬਹੁਤ ਜਾਣਕਾਰੀ ਭਰਪੂਰ ਸੀ। ਢੀਂਡਸਾ ਸਰ ਦਾ 'ਬ੍ਰਹਿਮੰਡ-ਯਾਤਰਾ' ਵਾਲਾ ਕਾਲਮ ਅਸੀਂ ਸਕੂਲ ਦੇ ਬੱਚਿਆਂ ਨੂੰ ਵੀ ਪੜ੍ਹ ਕੇ ਸੁਣਾਇਆ। ਅੰਧ-ਵਿਸ਼ਵਾਸ਼ੀ ਪਾਠਕ੍ਰਮ ਹਟਾਉਣ ਦੀ ਪਹਿਲ ਲੇਖ ਵਿੱਚ ਲਿਖੇ ਅਨੁਸਾਰ ਜੇਕਰ ਕਾਰਵਾਈ ਹੋ ਜਾਵੇ ਤਾਂ ਬਹੁਤ ਵਧੀਆ ਰਹੇਗਾ। ਅਦਾਰਾ 'ਤਰਕਸ਼ੀਲ' ਨੂੰ ਵਡਮੁੱਲੇ ਯੋਗਦਾਨ ਲਈ ਸਲਾਮ!

ਬੂਟਾ ਰਤਨਗੜ੍ਹ, ਪਟਿਆਵਾਲੀ (ਸੰਗਰੂਰ)

ਮਾਰਚ-ਅਪ੍ਰੈਲ ਅੰਕ ਦਾ ਮੁੱਖ ਪੰਨਾ ਬਹੁਤ ਹੀ ਵਧੀਆ ਦਿੱਖ ਪੇਸ਼ ਕਰਦਾ ਸੀ। ਗਣਿਤ ਦਾ ਇੱਕ ਪ੍ਰਸ਼ਨ, ਹੇਮ ਰਾਜ ਸਟੈਨੋ ਦਾ ਲੇਖ 'ਔਰਤ ਦੀ ਮੁਕਤੀ' ਵਧੀਆ ਸੀ। ਭਖਦੇ ਮਸਲੇ ਅਧੀਨ ਅਰਵਿੰਦਰ ਕੁਮਾਰ ਜੀ ਦਾ ਲੇਖ 'ਨੈੱਟਵਰਕ ਮਾਰਕੀਟਿੰਗ' ਅਸਲੀਅਤ ਸਮਝਾਉਂਦਾ ਹੈ ਕਿ ਕਿਵੇਂ ਇਹ ਕੰਪਨੀਆਂ ਮਨੁੱਖ ਦੀ ਕਿਰਤ ਅਤੇ ਸਮੇਂ ਦੀ ਲੁੱਟ ਕਰਦੀਆਂ ਹਨ। ਕੰਪਨੀ ਦਾ ਮੈਂਬਰ ਬਣਾਉਣ ਦੀ ਰਜਿਸਟ੍ਰੇਸ਼ਨ ਦੇ ਨਾਮ ਤੇ ਕਰੋੜਾਂ ਰੁਪਏ ਇਕੱਠੇ ਕਰਦੀਆਂ ਹਨ। ਡਾ. ਅਵਤਾਰ ਸਿੰਘ ਢੀਂਡਸਾ ਦਾ ਲੇਖ 'ਬ੍ਰਹਿਮੰਡ ਯਾਤਰਾ' ਬੱਚਿਆਂ ਦੀ ਜਗਿਆਸਾ ਪੂਰੀ ਕਰਦਾ ਹੈ ਅਤੇ ਬੱਚੇ ਮੈਗਜ਼ੀਨ ਦੀ ਉਡੀਕ ਕਰਦੇ ਹਨ। ਡਾ. ਬਲਵੰਤ ਸਿੱਧੂ ਵੱਲੋਂ ਕਿਤਾਬ 'ਸੱਚ ਦੀ ਭਾਲ' ਵਿੱਚੋਂ ਪੁੱਛੇ ਪ੍ਰਸ਼ਨ ਦਾ ਬਹੁਤ ਹੀ ਵਧੀਆ ਤਰੀਕੇ ਨਾਲ ਜਵਾਬ ਦਿੱਤਾ ਗਿਆ ਹੈ। ਗੁਰਮੇਲ ਭੁਟਾਲ ਦੀ 'ਦੱਸ ਦਿੱਲੀਏ', ਜਗਸੀਰ ਜੀਦਾ ਦੀਆਂ 'ਨਸਤਰਾਂ' ਕਾਬਲੇ ਤਾਰੀਫ ਹਨ। ਸੁਖਵਿੰਦਰ ਬਾਗੀ ਵੱਲੋਂ 'ਮੈਂ ਤਰਕਸ਼ੀਲ ਕਿਵੇਂ ਬਣਿਆ', ਨਵਨੀਤ ਸਫੀਪੁਰ ਵੱਲੋਂ 'ਮੇਰੀ ਗਾਥਾ' ਬਹੁਤ ਵਧੀਆ ਲਿਖੀ ਗਈ ਹੈ। ਧਾਰਮਿਕ ਸ਼ਰਧਾ ਦੇ ਨਾਮ ਹੇਠ ਰੁੱਖਾਂ ਤੇ ਹੁੰਦੇ ਜ਼ੁਲਮਾਂ ਬਾਰੇ ਸੁਖਰਾਜ ਬਰਗਾੜੀ ਨੇ ਵਧੀਆ ਲਿਖਿਆ ਹੈ। ਵਿਗਿਆਨੀ ਅਲਬਰਟ ਆਈਨਸਟਾਇਨ ਬਾਰੇ ਹਰਸ਼ਦੀਪ ਕੌਰ ਨੇ ਬਹੁਤ ਵਧੀਆ ਲਿਖਿਆ। ਅੱਗੇ ਤੋਂ ਵੀ ਇੱਕ ਵਿਗਿਆਨੀ ਬਾਰੇ ਹਰ ਅੰਕ ਵਿੱਚ ਲਿਖਿਆ ਜਾਣਾ ਚਾਹੀਦਾ ਹੈ। ਇਕਾਈ ਖਰੜ, ਮੁਹਾਲੀ, ਜੋਨ ਚੰਡੀਗੜ੍ਹ ਵੱਲੋਂ ਪਾਠ ਪੁਸਤਕਾਂ ਦੀ ਸੋਧ ਬਾਰੇ ਜੋ ਉਪਰਾਲਾ ਕੀਤਾ ਗਿਆ, ਉਸ ਬਾਰੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਾਪਤ ਚਿੱਠੀ ਦਾ ਛਾਪਿਆ ਜਾਣਾ ਵਧੀਆ ਲੱਗਿਆ, ਬਾਕੀ ਇਕਾਈਆਂ ਨੂੰ ਵੀ ਇਸ ਤਰ੍ਹਾਂ ਦੇ ਯਤਨ ਕਰਨੇ ਚਾਹੀਦੇ ਹਨ। ਸੁਸਾਇਟੀ ਵੱਲੋਂ ਸ਼ੁਰੂ ਕੀਤੀ ਸਾਹਿਤ ਵੈਨ ਅਤੇ ਉਸਦੀਆਂ ਛਪੀਆਂ ਸਰਗਰਮੀਆਂ ਵਧੀਆ ਲੱਗੀਆਂ। ਸਾਹਿਤ ਵੈਨ ਤੇ ਚਲ ਰਹੀ ਟੀਮ ਰਜਿੰਦਰ ਭਦੌੜ, ਜਸਵੰਤ ਬੋਪਾਰਾਏ, ਸੋਨੀ ਬੁਢਲਾਡਾ ਵਧਾਈ ਦੇ ਹੱਕਦਾਰ ਹਨ। ਸਾਹਿਤ ਵੈਨ ਸਰਗਰਮੀਆਂ ਦੇ ਪੇਜ਼ ਵਧਾਏ ਜਾਣੇ ਬਣਦੇ ਹਨ।

ਗੁਰਪ੍ਰੀਤ ਸਹਿਣਾ

ਅਜੋਕੇ ਵਿਦਿਅਕ ਢਾਂਚੇ ਬਾਰੇ ਤਰਕਸ਼ੀਲ (ਮਾਰਚ-ਅਪ੍ਰੈਲ) ਦੀ ਸੰਪਾਦਕੀ ਬਹੁਤ ਪ੍ਰਸ਼ੰਸਾਯੋਗ ਸੀ। ਹੇਮ ਰਾਜ ਸਟੈਨੋ ਦਾ ਲੇਖ ਔਰਤ ਦੀ ਮੁਕਤੀ, ਨੈੱਟਵਰਕ ਮਾਰਕੀਟਿੰਗ ਦੀ ਅਸਲੀਅਤ (ਅਰਵਿੰਦ ਕੁਮਾਰ), ਬ੍ਰਹਿਮੰਡ ਯਾਤਰਾ (ਡਾ. ਅਵਤਾਰ ਸਿੰਘ ਢੀਂਡਸਾ), ਮਨੋਰੋਗ ਮਾਹਿਰ ਦੀ ਕਲਮ ਤੋਂ (ਡਾ. ਬਲਵੰਤ ਸਿੱਧੂ), ਮੇਰੀ ਗਾਥਾ (ਨਵਨੀਤ ਸਫੀਪੁਰ), ਅਲਬਰਟ ਆਈਨਸਟਾਈਨ (ਹਰਸ਼ਦੀਪ ਕੌਰ) ਆਦਿ ਲੇਖ ਵਧੀਆ ਲੱਗੇ। ਵੰਨਗੀ, ਹਵਾ ਵਿੱਚ ਲਿਖੇ ਹਰਫ਼ ਅਤੇ ਦਸ ਸਵਾਲ ਬਹੁਤ ਪ੍ਰਸ਼ੰਸਾਯੋਗ ਸਨ। ਇਸ ਵਾਰ 'ਭੱਜੋ ਨਾ, ਦੁਨੀਆਂ ਨੂੰ ਬਦਲੋ' (ਰਾਹੁਲ ਸੰਕ੍ਰਤਾਇਨ) ਨਹੀਂ ਛਾਪਿਆ, ਇਸ ਦੀ ਘਾਟ ਮਹਿਸੂਸ ਹੋਈ। ਜੁਝਾਰ ਲੌਂਗੋਵਾਲ ਦੀ ਮਿੰਨੀ ਕਹਾਣੀ 'ਚੋਣਾਂ ਬਨਾਮ ਸੱਚ' ਬਹੁਤ ਵਧੀਆ ਸੀ। **ਡਾ. ਜਸਵੀਰ ਪਾਤੜਾਂ**

ਮਾਰਚ-ਅਪ੍ਰੈਲ 2014 ਦੇ ਅੰਕ ਵਿੱਚ ਛਪੇ ਸੰਪਾਦਕੀ ਵਿੱਚ ਦੱਸਿਆ ਗਿਆ ਕਿ ਹਰ ਚੀਜ਼ ਦਾ ਮੰਡੀਕਰਨ

ਹੋ ਰਿਹਾ, ਇੱਥੋਂ ਤੱਕ ਕੇ ਗਿਆਨ ਦੇ ਸਰੋਤ ਵੀ ਬਿਜਨਸ ਸੈਂਟਰ ਬਣ ਰਹੇ ਹਨ, ਜਿਸ ਪ੍ਰਤੀ ਚਿੰਤਕ ਹੋਣ ਦੀ ਲੋੜ ਹੈ, ਸੁੱਤਿਆ ਲਈ ਜਬਰਦਸਤ ਹਲੂਣਾ ਸੀ। ਸ਼ਹੀਦ ਭਗਤ ਸਿੰਘ ਦੀ ਜੇਲ ਡਾਇਰੀ ਵਿੱਚੋਂ, ਔਰਤਾਂ ਦੀ ਮੁਕਤੀ ਲੇਖ ਸਲਾਹੁਣਯੋਗ ਸਨ। ਭਖਦੇ ਮਸਲੇ ਵਿੱਚ ਨੈਟਵਰਕ ਮਾਰਕੀਟਿੰਗ ਦੀ ਅਸਲੀਅਤ ਨੇ ਕਾਫੀ ਪ੍ਰਭਾਵਿਤ ਕੀਤਾ। ਹੋਰ ਮੈਟਰ-ਬ੍ਰਹਿਮੰਡ ਯਾਤਰਾ, ਰਹੱਸਮਈ ਘਟਨਾਵਾਂ, ਹਵਾ ਵਿੱਚ ਲਿਖੇ ਹਰਫ਼ ਆਦਿ ਚੰਗੇ ਲੱਗੇ, ਬੱਚਿਆਂ ਲਈ ਛਪਦੇ ਕਲਮ 'ਇੰਞ ਪੜੀਏ ਕਿਤਾਬਾਂ' ਸਾਹਿਤ ਪੜ੍ਹਨ ਪ੍ਰਤੀ ਰੁਚੀ ਪੈਦਾ ਕਰਦਾ ਹੈ, ਆਓ ਜਾਦੂ ਸਿੱਖੀਏ, ਦਸ ਸਵਾਲ, ਬੱਚਿਆਂ ਵਿੱਚ ਸੋਚਣ ਸਮਝਣ ਦੀ ਰੁਚੀ ਪੈਦਾ ਕਰਦੇ ਹਨ, ਮੈਂ ਤਰਕਸ਼ੀਲ ਕਿਵੇਂ ਬਣਿਆ ਤੇ ਮੇਰੀ ਗਾਥਾ (ਕੇਸ ਰਿਪੋਰਟ) ਵੀ ਪਾਠਕਾਂ ਵਿੱਚ ਡੂੰਘੀ ਸੋਚ ਪੈਦਾ ਕਰਨ ਵਾਲੇ ਸਨ। ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ ਅਤੇ ਵੈਨ ਦੀਆਂ ਤਸਵੀਰਾਂ ਖਿਚ ਭਰਪੂਰ ਸਨ। **ਲਖਵਿੰਦਰ ਸ਼ਰੀਹ ਵਾਲਾ**

ਮਾਰਚ-ਅਪ੍ਰੈਲ 2014 ਅੰਕ ਦਾ ਮੁੱਖ ਪੰਨਾ ਵਧੀਆ ਲੱਗਾ। ਸੰਪਾਦਕੀ ਦੇ ਸਿਰਲੇਖ ਦੀ ਛਪਾਈ ਬਹੁਤ ਬਾਰੀਕ ਸੀ ਜੋ ਕਿ ਅੰਕ ਦੇ ਬਾਕੀ ਹੈਡਿੰਗਾਂ ਦੀ ਤਰ੍ਹਾਂ ਹੀ ਮੋਟੀ ਛਪਾਈ ਵਾਲਾ ਹੋਣਾ ਚਾਹੀਦਾ ਸੀ। ਪਰੂਫ ਰੀਡਿੰਗ ਦੀਆਂ ਗਲਤੀਆਂ ਕਿਤੇ ਕਿਤੇ ਜ਼ਰੂਰ ਰੜਕੀਆਂ। ਪਾਸ਼ ਦੀ ਕਵਿਤਾ ਬਹੁਤਾ ਪ੍ਰਭਾਵ ਨਹੀਂ ਪਾ ਸਕੀ। ਸੰਪਾਦਕੀ, ਔਰਤ ਦੀ ਮੁਕਤੀ ਅਤੇ ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ ਬਾਕੀ ਲਿਖਤਾਂ ਦੇ ਮੁਕਾਬਲੇ ਬਹੁਤ ਵਧੀਆ ਲੱਗੀਆਂ ਭਾਵੇਂ ਕਿ ਬਾਕੀ ਮੈਟਰ ਵੀ ਅਸਰਦਾਇਕ ਸੀ। ਔਰਤ ਲੇਖਕਾਂ ਦੀ ਹਾਜ਼ਰੀ ਖੁਸ਼ੀ ਦਿੰਦੀ ਹੈ ਅਤੇ ਇੰਨ੍ਹਾਂ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਤਰਕਸ਼ੀਲ ਸਾਹਿਤ ਵੈਨ ਸਫ਼ਰ ਨੇ ਉਤਸ਼ਾਹ, ਪ੍ਰੇਰਨਾ, ਖੁਸ਼ੀ ਅਤੇ ਜੋਸ਼ ਵਧਾਇਆ ਹੈ ਕਿਉਂਕਿ ਇਸ ਸਫ਼ਰ ਦੌਰਾਨ ਨਵੇਂ ਪਾਠਕ, ਨਵੇਂ ਸੰਪਰਕ ਅਤੇ ਨਵੇਂ ਪ੍ਰੋਗਰਾਮ ਮਿਲੇ ਹਨ ਅਤੇ ਨਵੇਂ ਤਜ਼ਰਬੇ ਹੰਢਾਏ ਹਨ। ਵੈਨ ਸਫਰ ਨੇ ਇਸ ਧਾਰਨਾਂ ਨੂੰ ਵੀ ਖੋਰਾ ਲਾਇਆ ਹੈ ਕਿ ਲੋਕਾਂ ਵਿੱਚ ਪੜ੍ਹਣ ਦਾ ਰੁਝਾਨ ਬਹੁਤ ਘੱਟ ਹੈ ਕਿਉਂਕਿ ਲੋਕਾਂ ਨੇ ਸਾਹਿਤ ਖਰੀਦਣ ਵਿੱਚ ਕਮਾਲ ਦੀ ਦਿਲਚਸਪੀ ਵਿਖਾਈ ਹੈ। ਤਰਕਸ਼ੀਲ ਸਾਹਿਤ ਵੈਨ ਲਈ ਸੂਬਾ ਕਮੇਟੀ ਸਮੇਤ ਸਮੁੱਚੀ ਜਥੇਬੰਦੀ ਨੂੰ ਹਾਰਦਿਕ ਵਧਾਈਆਂ। ਜਥੇਬੰਦੀ ਦੀ ਨਵੀਂ ਪੁਲਾਂਘ ਹੈ-ਤਰਕਸ਼ੀਲ ਸਾਹਿਤ ਵੈਨ। **ਅਜੀਤ ਪ੍ਰਦੇਸੀ**

ਤਰਕਸ਼ੀਲ ਆਗੂ ਕ੍ਰਿਸ਼ਨ ਬਰਗਾੜੀ ਦੀ ਬਰਸੀ

ਮਿਤੀ 27-2-2014 ਨੂੰ ਪਿੰਡ ਬਰਗਾੜੀ ਵਿਖੇ ਕ੍ਰਿਸ਼ਨ ਬਰਗਾੜੀ ਦੀ 12ਵੀਂ ਬਰਸੀ ਤੇ ਚੇਤਨਾ ਕਾਫਲਾ ਕੱਢਿਆ ਗਿਆ। ਤਰਕਸ਼ੀਲ ਕੇਂਦਰ ਤੋਂ ਚੱਲ ਕੇ ਪਹਿਲਾ ਪੜਾਅ ਮਜਦੂਰ ਚੌਂਕ (ਰੁਲੀਆ ਸਿੰਘ ਨਗਰ) ਵਿਖੇ ਕੀਤਾ ਗਿਆ। ਰਜਿੰਦਰ ਭਦੌੜ ਨੇ ਵਿਚਾਰ ਪ੍ਰਗਟਾਏ, ਬਲਵੀਰ ਸੰਧੂ ਕਲਾਂ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ, ਰਾਮ ਸਵਰਨ ਲੱਖੇਵਾਲੀ ਨੇ ਸਟੇਜ ਸੰਚਾਲਨ ਕੀਤਾ।

ਦੂਸਰਾ ਪੜਾਅ : 'ਵੱਡਾ ਖੂਹ' ਉੱਪਰ ਸੀ। ਰਣਜੀਤ ਸਿੰਘ ਸਿਵੀਆ ਨੇ ਵਿਚਾਰ ਪ੍ਰਗਟਾਏ, ਜਗਸੀਰ ਜੀਦਾ ਨੇ ਇਨਕਲਾਬੀ ਗੀਤ, ਬੋਲੀਆਂ ਪੇਸ਼ ਕੀਤੀਆਂ। **ਸੂਬਾ ਕਮੇਟੀ ਵੱਲੋਂ ਡਾ. ਸੁਰਜੀਤ ਸਿੰਘ ਢਿੱਲੋਂ ਨੂੰ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਭੇਂਟ ਕੀਤਾ ਗਿਆ।**

ਤੀਸਰਾ ਪੜਾਅ : ਬਸ ਸਟੈਂਡ, ਬਰਗਾੜੀ। ਇੱਥੇ ਵੀ ਉਪਰੋਕਤ ਆਗੂਆਂ ਨੇ ਵਿਚਾਰ ਪ੍ਰਗਟਾਏ। ਜਾਦੂ ਦੇ ਟ੍ਰਿਕ ਵੀ ਹੋਏ ਅਤੇ ਜਗਸੀਰ ਜੀਦਾ ਨੇ ਵੀ ਪ੍ਰੋਗਰਾਮ ਪੇਸ਼ ਕੀਤਾ। ਮਾਨਸਿਕ ਸਿਹਤ ਚੇਤਨਾ ਕੇਂਦਰ ਦੀ ਲਗਾਤਾਰਤਾ ਦਾ ਵਿਸ਼ੇਸ਼ ਜ਼ਿਕਰ ਹੋਇਆ। ਕਾਫਲੇ ਵਿੱਚ ਸੂਬਾ ਆਗੂ ਚੰਨਣ ਵਾਂਦਰ, ਹਰਚੰਦ ਭਿੰਡਰ, ਸੁਖਵਿੰਦਰ ਬਾਗਪੁਰ ਤੇ ਇਕਾਈ ਬਰਗਾੜੀ ਦੇ ਮੈਂਬਰਾਂ- ਹਰਜੀਤ ਬਰਗਾੜੀ, ਦਰਸ਼ਨ ਸਾਹੋਕੇ, ਰਜਿੰਦਰ ਰੋਮਾਣਾ, ਰਾਜ ਸਿੰਘ ਮੱਲਾ, ਇਕਬਾਲ ਮਾੜੀ ਮੁਸਤਫਾ, ਰਜਿੰਦਰ ਕੌਰ ਬਰਗਾੜੀ, ਜਸ ਫਰੀਦਕੋਟ, ਗੁਰਦੀਪ, ਮੇਵਾ ਸਿੰਘ ਜੈਤੋ, ਅਵਤਾਰ ਅਰਸ਼ ਨੇ ਜਿੰਮੇਵਾਰੀਆਂ ਨਿਭਾਈਆਂ।

ਪੰਜਾਬ ਪੁਲਿਸ ਵਿੱਚ ਏ.ਐਸ.ਆਈ. ਸੁਖਬੀਰ ਸਿੰਘ ਧਾਮੀ (54) ਤੇ ਉਹਨਾਂ ਦੀ ਪਤਨੀ ਸਮਿੰਦਰ ਕੌਰ ਧਾਮੀ (50) ਨੇ ਆਪਣਾ ਮ੍ਰਿਤਕ ਸਰੀਰ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਦੀ ਵਸੀਅਤ ਕੀਤੀ। ਉਹਨਾਂ ਨੇ ਇਹ ਵਸੀਅਤ ਤਰਕਸ਼ੀਲ ਲਹਿਰ ਤੋਂ ਪ੍ਰਭਾਵਿਤ ਹੋ ਕੇ ਕੀਤੀ। ਵਸੀਅਤ ਕਰਨ ਸਮੇਂ ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ ਵੀ ਮੌਜੂਦ ਸਨ।

ਪੇਸ਼ ਕਦਮੀਆਂ

ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ : ਸ਼ਹੀਦੀ ਦਿਵਸ : ਬਰੈਂਪਟਨ : ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਰਾਜਗੁਰੂ, ਸੁਖਦੇਵ ਅਤੇ ਇਨਕਲਾਬੀ ਕਵੀ ਪਾਸ਼ ਦੇ ਸਬੰਧੀ ਕੀਤੇ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਸ਼ਾਮਿਲ ਹੋਏ। ਸ਼ਹੀਦੀ ਦਿਵਸ, ਇੱਕ ਸੈਮੀਨਾਰ, 'ਅਜੋਕੇ ਸਮੇਂ ਵਿੱਚ ਭਗਤ ਸਿੰਘ ਦੀ ਵਿਚਾਰਧਾਰਾ ਦੀ ਸਾਰਥਿਕਤਾ' ਦੇ ਰੂਪ ਵਿੱਚ ਮਨਾਇਆ ਗਿਆ। ਪ੍ਰਸਿੱਧ ਕਹਾਣੀਕਾਰ ਡਾ. ਵਰਿਆਮ ਸੰਧੂ, ਸ਼ਾਇਰ ਜਰਨੈਲ ਅੱਚਰਵਾਲ, ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਤੇ ਸੁਸਾਇਟੀ ਦੇ ਆਗੂਆਂ ਅਮ੍ਰਿਤ ਢਿੱਲੋਂ, ਸ੍ਰੀਮਤੀ ਸੁਰਿੰਦਰ ਸ਼ੌਕਰ ਅਤੇ ਡਾ. ਬਲਜਿੰਦਰ ਸੇਖੋਂ ਨੇ ਆਪਣੇ ਵਿਚਾਰ ਰੱਖੇ। ਸੰਗੀਤ ਮੰਡਲੀ ਭਦੌੜ ਦੇ ਕਲਾਕਾਰ ਨਵਤੇਜ ਨੇ ਇਨਕਲਾਬੀ ਗੀਤ ਗਾਏ। ਪ੍ਰੋਗਰਾਮ ਨੌਜਵਾਨ ਕਲਾਕਾਰ ਨਵਨੂਰ ਵੱਲੋਂ ਪੇਸ਼ ਕੀਤੇ ਸ਼ਹੀਦ ਪਾਸ਼ ਦੇ ਗੀਤ ਨਾਲ ਸ਼ੁਰੂ ਹੋਇਆ। ਆਖਿਰ ਵਿੱਚ ਡਾ. ਬਲਜਿੰਦਰ ਸੇਖੋਂ ਨੇ ਸਾਰੇ ਆਏ ਦਰਸ਼ਕਾਂ ਦਾ ਸੁਸਾਇਟੀ ਦੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਨਵਕਿਰਨ ਨੇ ਬਾਖੂਬੀ ਨਿਭਾਈ। ਕੌਮੀ ਸ਼ਹੀਦਾਂ ਨੂੰ ਸਮਰਪਿਤ ਇਹ ਪ੍ਰੋਗਰਾਮ ਸੁਸਾਇਟੀ ਵੱਲੋਂ ਪੰਜਾਬੀ ਭਾਈਚਾਰੇ ਵਿੱਚ ਤਰਕਸ਼ੀਲ ਵਿਚਾਰਾਂ ਨੂੰ ਲਿਜਾਣ ਤੇ ਲੋਕਾਂ ਨੂੰ ਤਰਕਹੀਣ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਅਗਾਂਹਵਧੂ ਵਿਚਾਰਾਂ ਨਾਲ ਜੋੜਨ ਦੇ ਇੱਕ ਉਪਰਾਲੇ ਵਜੋਂ ਕੀਤਾ ਗਿਆ। **ਡਾ. ਬਲਜਿੰਦਰ ਸੇਖੋਂ**

ਇਕਾਈ ਰੋਪੜ : ਤਰਕਸ਼ੀਲ ਸੈਮੀਨਾਰ : ਇਹ ਸੈਮੀਨਾਰ ਪਿੰਡ ਦਰਗਾਹਸ਼ਾਹ ਵਿਖੇ ਪਿੰਡ ਵਾਸੀਆਂ ਅਤੇ ਬੰਨ੍ਹ ਮਾਜਰਾ ਵਿਖੇ ਯੂਥ ਕਲੱਬ ਦੇ ਸਹਿਯੋਗ ਨਾਲ ਕਰਵਾਏ ਗਏ। 23 ਮਾਰਚ ਦੇ ਸ਼ਹੀਦਾਂ ਨੂੰ ਸਮਰਪਿਤ ਇਹਨਾਂ ਸੈਮੀਨਾਰਾਂ ਦੀ ਸ਼ੁਰੂਆਤ ਅਜੀਤ ਪ੍ਰਦੇਸ਼ੀ ਵੱਲੋਂ ਮੋਮਬੱਤੀ ਨੂੰ ਗੁਲਦਸਤੇ ਵਿੱਚ ਬਦਲ ਕੇ ਕੀਤੀ ਗਈ, ਉਹਨਾਂ ਨੇ ਜਾਦੂ-ਟ੍ਰਿਕ ਪੇਸ਼ ਕੀਤੇ। ਜਸਪਾਲ ਮਾਜਰੀ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਅਸ਼ੋਕ ਕੁਮਾਰ ਅਤੇ ਪਵਨ ਕੁਮਾਰ ਰੱਤੋ ਨੇ ਸੰਬੋਧਨ ਕੀਤਾ, ਮਾ. ਪ੍ਰੀਤਮ ਕੁਮਾਰ ਨੇ ਇਨਕਲਾਬੀ ਕਵਿਤਾ ਪੇਸ਼ ਕੀਤੀ। ਇਹਨਾਂ ਮੌਕਿਆਂ ਤੇ ਹਰਵਿੰਦਰ ਸੁਖਰਾਮਪੁਰੀ, ਸਰਪੰਚ ਕੇਸਰ ਸਿੰਘ, ਸ਼ੈਲਿੰਦਰ, ਨਿਰਮਲ ਸਿੰਘ, ਮੇਜਰ ਸਿੰਘ, ਜਗਤਾਰ ਸਿੰਘ ਆਦਿ ਹਾਜਰ ਸਨ।

ਚੇਤਨਾ ਰੈਲੀ : 23 ਮਾਰਚ ਦੇ ਸ਼ਹੀਦਾਂ ਦੀ ਸੋਚ ਦਾ ਸੰਦੇਸ਼ ਦੇਣ ਲਈ ਕੱਢੀ ਗਈ ਇਸ ਰੈਲੀ ਦੌਰਾਨ ਜਸਪਾਲ ਮਾਜਰੀ, ਦਵਿੰਦਰ ਸਰਥਲੀ, ਮਾ: ਪ੍ਰੀਤਮ ਕੁਮਾਰ ਨੇ ਇਨਕਲਾਬੀ ਕਵਿਤਾਵਾਂ, ਗੀਤ ਪੇਸ਼ ਕੀਤੇ। ਇਕਾਈ ਮੁਖੀ ਅਸ਼ੋਕ ਕੁਮਾਰ, ਅਮਰ ਨਾਥ, ਗਿਆਨ ਚੰਦ, ਪਵਨ ਰੱਤੋ, ਅਜੀਤ ਪ੍ਰਦੇਸੀ, ਹਰਵਿੰਦਰ ਸੁਖਰਾਮਪੁਰੀ, ਸੈਲਿੰਦਰ, ਮਾ: ਜੀਵਨ ਕੁਮਾਰ, ਹਰਵਿੰਦਰ ਫਿਰੋਜਪੁਰੀ, ਅਸ਼ੋਕ ਯੋਦਪੁਰੀ ਨੇ ਸ਼ਹੀਦਾਂ ਦੀ ਸੋਚ ਬਾਰੇ ਚਾਨਣਾ ਪਾਇਆ। ਸੈਮੀਨਾਰਾਂ ਤੋਂ ਪਹਿਲਾਂ ਤਰਕਸ਼ੀਲ ਚੁਣੌਤੀ ਘਰ ਘਰ ਜਾ ਕੇ ਅਤੇ ਰੈਲੀ ਸਮੇਂ 3000 ਤਰਕਸ਼ੀਲ ਚੁਣੌਤੀ, 100 ਤਰਕਸ਼ੀਲ ਮੈਗਜੀਨ, 50 ਸ਼ਹੀਦ ਭਗਤ ਸਿੰਘ ਬਾਰੇ ਕਿਤਾਬਾਂ ਮੁਫਤ ਵੰਡੀਆਂ ਗਈਆਂ।

ਸੇਵਾ ਮੁਕਤੀ ਤੇ ਤਰਕਸ਼ੀਲ ਪ੍ਰੋਗਰਾਮ : ਪੰਜਾਬ ਰਾਜ ਬਿਜਲੀ ਬੋਰਡ ਤੋਂ ਬਤੌਰ ਫੋਰਮੈਨ ਰਿਟਾਇਰ ਹੋਏ ਸ੍ਰੀ ਸਰਵਣ ਕੁਮਾਰ ਦੀ ਸੇਵਾ ਮੁਕਤੀ ਤੇ 31 ਮਾਰਚ ਨੂੰ ਪਿੰਡ ਬੜਵੇ ਵਿਖੇ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਵਜਿੰਦਰ, ਸਰਕਲ ਸਕੱਤਰ ਟੀ.ਐੱਸ.ਯੂ. ਨੇ ਇਸ ਸਾਥੀ ਦੇ ਜੀਵਨ, ਕੰਮਾਂ ਬਾਰੇ ਚਾਨਣਾ ਪਾਇਆ। ਕੁਲਵਿੰਦਰ ਮਾਹਲ ਦੀ ਟੀਮ ਨੇ ਜਾਦੂ ਦੇ ਸ਼ੋਅ, ਦਵਿੰਦਰ ਸਰਥਲੀ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਅਸ਼ੋਕ ਕੁਮਾਰ ਜੀ ਨੇ ਸਟੇਜ ਸੰਚਾਲਨ ਕੀਤਾ। ਲੋਕਪੱਖੀ ਪ੍ਰਸਿੱਧ ਗਾਇਕ ਜਗਸੀਰ ਜੀਦਾ ਨੇ ਇਨਕਲਾਬੀ ਗੀਤ, ਵਿਅੰਗਮਈ ਬੋਲੀਆਂ ਪੇਸ਼ ਕੀਤੀਆਂ। ਸਰਪੰਚ ਅਵਤਾਰ ਸਿੰਘ, ਪੰਚ ਹਰਦਿਆਲ ਸਿੰਘ, ਪੰਚ ਜਸਵੀਰ ਸਿੰਘ, ਪਵਨ ਰੱਤੋ, ਹਰਵਿੰਦਰ ਸੁਖਰਾਮਪੁਰੀ ਆਦਿ ਹਾਜਰ ਸਨ। ਕੁਲਦੀਪ ਸਿੰਘ ਅਤੇ ਪ੍ਰਿੰਸ ਦਾ ਵਿਸ਼ੇਸ਼ ਸਹਿਯੋਗ ਰਿਹਾ। **-ਗਿਆਨ ਚੰਦ**

ਇਕਾਈ ਬਠਿੰਡਾ : ਤਰਕਸ਼ੀਲ ਨਾਟਕ ਮੇਲਾ : ਪਿੰਡ ਜੰਗੀਰਾਣਾ ਦੇ ਅਗਾਂਹਵਧੂ, ਚੇਤੰਨ ਨੌਜਵਾਨਾਂ ਦੀ ਪਹਿਲ ਕਦਮੀ ਤੇ ਇਕਾਈ ਵੱਲੋਂ ਸ.ਸ.ਸ. ਸਕੂਲ ਵਿਖੇ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਭਾਈ ਮੰਨਾ ਸਿੰਘ ਰੰਗਮੰਚ ਭਗਤਾ ਭਾਈਕਾ ਵੱਲੋਂ ਸੁਖਵਿੰਦਰ ਚੀਦਾ ਦੀ ਨਿਰਦੇਸ਼ਨਾਂ ਹੇਠ ਤਰਕਸ਼ੀਲ ਨਾਟਕ, ਜਗਸੀਰ ਜੀਦਾ ਦੀ ਲੋਕ ਸੰਗੀਤ ਮੰਡਲੀ ਵੱਲੋਂ ਗੂੰਜਾਂ ਗ਼ਦਰ ਦੀਆਂ, ਤਰਕਸ਼ੀਲ ਬੋਲੀਆਂ, ਇਨਕਲਾਬੀ

ਗੀਤ ਪੇਸ਼ ਕੀਤੇ ਗਏ। ਸੁਖਦੇਵ ਮਲੂਕਪੁਰੀ ਨੇ ਪ੍ਰਭਾਵਸ਼ਾਲੀ ਮੈਜਿਕ ਸ਼ੋਅ ਪੇਸ਼ ਕੀਤਾ। ਮੰਚ ਸੰਚਾਲਨ ਇਕਾਈ ਜਥੇਬੰਦਕ ਮੁਖੀ ਰਾਮ ਸਿੰਘ ਨਿਰਮਾਣ ਨੇ ਕੀਤਾ। ਤਰਕਸ਼ੀਲ ਸਾਹਿਤ ਪ੍ਰਦਰਸ਼ਨੀ ਲਾਈ ਗਈ। ਤਰਕਸ਼ੀਲ ਆਗੂ ਹਰਿੰਦਰ ਕੁਮਾਰ, ਬਖਸ਼ੀਸ਼ ਸਿੰਘ, ਮਾਸਟਰ ਗਿਆਨ ਸਿੰਘ, ਜੋਗਿੰਦਰ ਸਿੰਘ ਸਰਦਾਰਗੜ੍ਹ, ਗਮਦੂਰ ਸਿੰਘ ਤੋਂ ਇਲਾਵਾ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਖੁਸ਼ਵਿੰਦਰ ਸ਼ੰਭੂ, ਕੇਵਲ ਸਿੰਘ, ਗੁਰਸੇਵਕ ਸਿੰਘ, ਇਕਬਾਲ ਸਿੰਘ, ਗੁਰਪ੍ਰੀਤ ਗੋਪੀ, ਨਰਿੰਦਰ ਪਾਲ, ਗੁਰਮੀਤ ਸਿੰਘ ਆਦਿ ਦਾ ਰੋਲ ਸ਼ਲਾਘਾਯੋਗ ਰਿਹਾ। ਸੂਬਾਈ ਆਗੂ ਭੂਰਾ ਸਿੰਘ ਨੇ ਸੰਬੋਧਨ ਕੀਤਾ।

ਤਰਕਸ਼ੀਲ ਸਾਹਿਤ ਪ੍ਰਦਰਸ਼ਨੀ : ਸ਼ਹੀਦ ਭਗਤ ਸਿੰਘ ਯੁਵਕ ਭਲਾਈ ਕਲੱਬ, ਚੁੱਘੇਕਲਾਂ ਵੱਲੋਂ ਗਦਰ ਸ਼ਤਾਬਦੀ ਨੂੰ ਸਮਰਪਿਤ 12ਵੇਂ ਸਲਾਨਾ ਸੱਭਿਆਚਾਰਕ ਨਾਟਕ ਮੇਲੇ ਤੇ ਤਰਕਸ਼ੀਲ ਪ੍ਰਦਰਸ਼ਨੀ ਅਤੇ ਸਾਹਿਤ ਦੀ ਸਟਾਲ ਲਾਈ ਗਈ। ਪ੍ਰਬੰਧਕਾਂ ਵਿੱਚ ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ, ਭਾਗ ਸਿੰਘ ਅਤੇ ਰਜਿੰਦਰ ਕੁਮਾਰ ਸ਼ਾਮਿਲ ਸਨ। ਕਲੱਬ ਨੇ ਸਰੀਰ ਪ੍ਰਦਾਨੀ ਮਾਤਾ ਮੁਖਤਿਆਰ ਕੌਰ ਅਤੇ ਜਲ ਕੌਰ ਦੇ ਤਰਕਸ਼ੀਲ ਪਰਿਵਾਰਕ ਮੈਂਬਰਾਂ ਮਾਸਟਰ ਦਰਸ਼ਨ ਸਿੰਘ (ਰਿਟਾ. ਪੀ.ਟੀ.ਆਈ. ਬਹਿਮਣ ਦੀਵਾਨਾ ਵਾਲੇ) ਅਤੇ ਡਾ. ਨਿਰਮਲ ਸਿੰਘ ਫੱਲੜਾਂ ਵਾਲੇ ਪਰਿਵਾਰਾਂ ਨੂੰ ਪਹਿਲੇ ਸ਼ਰੀਰ ਪ੍ਰਦਾਨੀ ਤਰਕਸ਼ੀਲ ਆਗੂ ਕ੍ਰਿਸ਼ਨ ਬਰਗਾੜੀ ਦਾ ਚਿੱਤਰ ਅਤੇ ਲੋਈ ਭੇਟ ਕਰਕੇ ਸਨਮਾਨਿਤ ਕੀਤਾ। ਸਾਹਿਤ ਸਟਾਲ ਹਰਿੰਦਰ ਕੁਮਾਰ, ਕੇਵਲ ਕ੍ਰਿਸ਼ਨ, ਰਣਧੀਰ ਗਿੱਲਪੱਤੀ, ਪ੍ਰਿਤਪਾਲ ਅਤੇ ਮਾਸਟਰ ਜੋਗਿੰਦਰ ਸਿੰਘ ਆਦਿ ਨੇ ਲਾਈ।

ਬੱਚੀ 'ਨਵਰੀਤ' ਦਾ ਜਨਮ ਦਿਨ ਨਵੀਂ ਰੀਤ ਨਾਲ ਮਨਾਇਆ : ਇਕਾਈ ਬਠਿੰਡਾ ਦੇ ਨਵੇਂ ਬਣੇ ਮੈਂਬਰ ਸੁਖਵਿੰਦਰ ਵਿਰਕ ਖੁਰਦ ਦੇ ਸਮੂਹ ਪਰਿਵਾਰ ਨੇ ਇਸ ਬੇਟੀ ਦਾ ਜਨਮ ਦਿਨ ਰਸਮੀ ਤੌਰ ਤੇ ਕੇਕ ਆਦਿ ਕੱਟਣ ਦੀ ਥਾਂ ਲੋਕ ਭਲਾਈ ਹਿਤ ਖ਼ੂਨ ਪ੍ਰਦਾਨ ਕੈਂਪ ਲਾ ਕੇ, ਤਰਕਸ਼ੀਲ ਪ੍ਰੋਗਰਾਮ ਕਰਵਾ ਕੇ ਮਨਾਇਆ। ਇਕਾਈ ਅਤੇ ਪਰਿਵਾਰ ਵੱਲੋਂ ਆਪਸੀ ਸਲਾਹ ਨਾਲ ਪੂਰੇ ਪ੍ਰੋਗਰਾਮ ਦੀ ਤਿਆਰ ਕੀਤੀ ਰੂਪ ਰੇਖਾ ਅਨੁਸਾਰ ਇਸ ਕੈਂਪ ਵਿੱਚ ਯੂਨਾਈਟਿਡ ਵੈੱਲਫੇਅਰ ਸੁਸਾਇਟੀ ਬਠਿੰਡਾ, ਪਿੰਡ ਦੇ ਚੇਤੰਨ ਨੌਜਵਾਨਾਂ, ਤਰਕਸ਼ੀਲ ਮੈਂਬਰਾਂ, ਰਿਸ਼ਤੇਦਾਰਾਂ ਨੇ 25 ਯੂਨਿਟ ਖ਼ੂਨ ਸਵੈ ਇੱਛਾ ਨਾਲ ਪ੍ਰਦਾਨ ਕੀਤਾ। ਸਟੇਜ ਲਾ ਕੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਲੋਕ ਸੰਗੀਤ ਮੰਡਲੀ ਜੀਦਾ ਨੇ ਲੋਕਪੱਖੀ ਬੋਲੀਆਂ, ਗੀਤ ਪੇਸ਼ ਕੀਤੇ। ਸੁਖਦੇਵ ਮਲੂਕਪੁਰੀ ਨੇ ਜਾਦੂ ਟ੍ਰਿਕ ਵਿਖਾਏ। ਤਰਕਸ਼ੀਲ ਜੋਨ ਆਗੂ ਰਣਜੀਤ ਬਠਿੰਡਾ ਨੇ ਵਿਚਾਰ ਸਾਂਝੇ ਕੀਤੇ। ਸਟੇਜ ਸੰਚਾਲਨ ਰਾਮ ਸਿੰਘ ਨਿਰਮਾਣ ਨੇ ਕੀਤਾ। ਤਰਕਸ਼ੀਲ ਪ੍ਰਦਰਸ਼ਨੀ ਦੀ ਜਿੰਮੇਵਾਰੀ ਬਿਕਰਮਜੀਤ, ਬੁੱਧ ਸਿੰਘ, ਹਰਨੇਕ ਸਿੰਘ, ਹਾਕਮ ਸਿੰਘ, ਮਾ. ਸੁਰਜੀਵਨ, ਜੋਗਿੰਦਰ ਸਿੰਘ, ਗਮਦੂਰ ਸਿੰਘ ਨੇ ਬਾਖੂਬੀ ਨਿਭਾਈ।

ਵਿਆਹ ਮੌਕੇ ਤਰਕਸ਼ੀਲ ਗੀਤ-ਸੰਗੀਤ : ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ ਨੇ ਆਪਣੇ ਬੇਟੇ ਸਿਮਰਨਜੀਤ (ਐਡਵੋਕੇਟ) ਅਤੇ ਕੁਲਵਿੰਦਰ ਕੌਰ ਦੇ ਵਿਆਹ ਦੀ ਰਿਸੈਪਸ਼ਨ ਪਾਰਟੀ ਮੌਕੇ ਗੰਦੇ ਗੀਤਾਂ, ਡੀ.ਜੇ. ਡਾਨਸ ਨੂੰ ਨਿਕਾਰ ਕੇ ਲੋਕ ਸੰਗੀਤ ਮੰਡਲੀ (ਜਗਸੀਰ ਜੀਦਾ), ਕਵੀਸ਼ਰੀ ਜਥਾ ਮਾਸਟਰ ਹਰਦੇਵ ਸਿੰਘ ਲਾਲ ਬਾਈ ਦੇ ਸਮਾਜ ਸੁਧਾਰਕ, ਸਭਿਆਚਾਰਕ, ਤਰਕਸ਼ੀਲ ਗੀਤਾਂ, ਵਿਅੰਗਮਈ ਬੋਲੀਆਂ, ਹਾਸਰਸ ਗੀਤਾਂ ਦਾ ਪ੍ਰੋਗਰਾਮ ਅਤੇ ਸੁਖਦੇਵ ਮਲੂਕਪੁਰੀ ਦਾ ਜਾਦੂ-ਸ਼ੋਅ ਕਰਵਾਇਆ। ਇਸ ਪ੍ਰੋਗਰਾਮ ਰਾਹੀਂ ਖੁਸ਼ੀਆਂ ਦੇ ਮੌਕਿਆਂ ਤੇ ਨਵਾਂ ਸੱਭਿਆਚਾਰਕ ਬਦਲ ਪੇਸ਼ ਕਰਨ ਦਾ ਯਤਨ ਕੀਤਾ ਗਿਆ। ਇਹ ਪ੍ਰੋਗਰਾਮ ਘਰੇ ਹੀ ਕਰਵਾਇਆ ਗਿਆ।

ਚੇਤਨਾ ਕਾਫਲਾ : 23 ਮਾਰਚ ਦੇ ਸ਼ਹੀਦਾਂ ਦੀ ਸੋਚ ਬਾਰੇ ਸੁਨੇਹਾ ਦਿੰਦਾ ਚਾਰ ਪਿੰਡਾਂ ਵਿੱਚੋਂ ਚੇਤਨਾ ਕਾਫਲਾ ਕੱਢਿਆ ਗਿਆ।

-ਰਾਮ ਸਿੰਘ ਨਿਰਮਾਣ

ਇਕਾਈ ਸੰਗਰੂਰ-ਤਰਕਸ਼ੀਲ ਨਾਟਕ ਮੇਲਾ- ਸ਼ਹਿਨਾਈ ਪੈਲੇਸ ਸੰਗਰੂਰ ਵਿਖੇ ਕਰਵਾਏ ਇਸ ਨਾਟਕ ਮੇਲੇ ਦੇ ਮੁੱਖ ਬੁਲਾਰੇ ਸੂਬਾਈ ਆਗੂ ਭੂਰਾ ਸਿੰਘ ਮਹਿਮਾ ਸਰਜਾ ਸਨ। ਸ਼ਮਾਂ ਰੋਸ਼ਨ ਕੀਤੇ ਜਾਣ ਉਪਰੰਤ ਇਕਾਈ ਜਥੇਬੰਦਕ ਮੁਖੀ ਪਰਮ ਵੇਦ ਨੇ ਹਾਜ਼ਰੀਨ ਦਾ ਸਵਾਗਤ ਕੀਤਾ। 'ਨਾਟਿਯਮ' ਜੈਤੋ ਵੱਲੋਂ ਮਾਸਟਰ ਕੀਰਤੀ ਕਿਰਪਾਲ ਦੀ ਨਿਰਦੇਸ਼ਨਾ ਹੇਠ ਦੋ ਨਾਟਕ 'ਮੈਂ ਭਗਤ ਸਿੰਘ' ਅਤੇ 'ਤਰਕਸ਼ੀਲਤਾ' ਪੇਸ਼ ਕੀਤੇ ਗਏ। ਕ੍ਰਾਂਤੀਕਾਰੀ ਸੰਗੀਤ ਮੰਡਲੀ ਭਵਾਨੀਗੜ੍ਹ, ਸੁਰਜੀਤ ਸਿੰਘ ਭੱਠਲ, ਸ.ਸ.ਸ. ਸਕੂਲ ਸਾਰੋਂ ਦੇ ਬੱਚਿਆਂ ਨੇ ਅਗਾਂਹਵਧੂ ਗੀਤ ਪੇਸ਼ ਕੀਤੇ। ਗੁਰਬਿੰਦਰ ਬੜੀ ਵੱਲੋਂ ਪ੍ਰਭਾਵਸ਼ਾਲੀ ਜਾਦੂ ਦੇ ਟ੍ਰਿਕ ਪੇਸ਼ ਕੀਤੇ ਗਏ। ਮੇਲੇ ਵਿੱਚ ਜੋਨ ਆਗੂ ਸੁਖਦੇਵ ਧੂਰੀ ਤੇ

ਇਕਾਈ ਚੱਠਾ ਨਨਹੇੜਾ ਦੇ ਮੁਖੀ ਧੰਨਾ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਮੇਲੇ ਦੀ ਸਫਲਤਾ ਵਿੱਚ ਰੰਗੀ ਰਾਮ ਭਵਾਨੀਗੜ੍ਹ, ਚਰਨਜੀਤ ਪਟਵਾਰੀ, ਸਵਰਨਜੀਤ ਸਿੰਘ, ਮਨਧੀਰ ਸਿੰਘ, ਕ੍ਰਿਸ਼ਨ ਸਿੰਘ, ਵਰਿੰਦਰ ਕੁਮਾਰ, ਚਮਕੌਰ ਮਹਿਲਾਂ, ਅਮਰੀਕ ਖੋਖਰ, ਸੁਖਦੇਵ ਸਿੰਘ, ਜਰਨੈਲ ਸਿੰਘ, ਗੁਰਪ੍ਰੀਤ ਸਿੰਘ, ਕੁਲਵੰਤ ਸਿੰਘ, ਰਾਹੁਲ ਕੁਮਾਰ, ਸੁਰਜੀਤ ਭੱਠਲ, ਰਾਮ ਸਰੂਪ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

ਤਰਕਸ਼ੀਲ ਪ੍ਰੋਗਰਾਮ : ਇਕਾਈ ਵੱਲੋਂ ਅਕਾਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਫਤਿਹਗੜ੍ਹ ਛੰਨਾ ਵਿਖੇ ਐਨ.ਐਸ.ਐਸ. ਕੈਂਪ ਦੌਰਾਨ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਪਿੰਡ ਦੇ ਪਤਵੰਤੇ ਇੰਜਨੀਅਰ ਰਮਿੰਦਰ ਸਿੰਘ ਨੇ ਸ਼ਮਾਂ ਰੋਸ਼ਨ ਕਰਕੇ ਪ੍ਰੋਗਰਾਮ ਦਾ ਆਰੰਭ ਕੀਤਾ। ਤਰਕਸ਼ੀਲ ਆਗੂਆਂ ਪਰਮਵੇਦ ਅਤੇ ਅਮਰੀਕ ਖੋਖਰ ਨੇ ਸੰਬੋਧਨ ਕੀਤਾ ਅਤੇ ਲੈਕਚਰਾਰ ਕ੍ਰਿਸ਼ਨ ਸਿੰਘ ਦੁੱਗਾਂ-ਚਮਕੌਰ ਸਿੰਘ ਦੀ ਟੀਮ ਨੇ ਜਾਦੂ-ਸ਼ੋਅ ਪੇਸ਼ ਕੀਤਾ। ਕਾਲਜ ਪ੍ਰਿੰਸੀਪਲ ਡਾ. ਸੁਮਨ ਮਿੱਤਲ ਨੇ ਧੰਨਵਾਦ ਕੀਤਾ। ਸਵਾਲ-ਜਵਾਬ ਸੈਸ਼ਨ ਵਿੱਚ ਪ੍ਰੋ. ਅਮਨਦੀਪ ਸਿੰਘ, ਪ੍ਰੋ. ਮੋਹਿਤ ਗਰਗ, ਮੈਡਮ ਕੁਲਦੀਪ ਕੌਰ, ਗੁਰਪਾਲ ਸਿੰਘ, ਵੇਦ ਪ੍ਰਕਾਸ਼, ਵਲੰਟੀਅਰ ਰੂਪਦੀਪ ਕੌਰ ਅਤੇ ਲਕਸ਼ੈ ਆਦਿ ਨੇ ਭਾਗ ਲਿਆ। ਵਲੰਟੀਅਰ ਰਜਨੀ ਨੇ ਸਟੇਜ ਸੰਚਾਲਨ ਕੀਤਾ।

ਸ.ਪ੍ਰ.ਸ. ਦੁੱਗਾ ਅਤੇ ਸ.ਪ੍ਰ.ਸ. ਬਹਾਦਰਪੁਰ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਦੁੱਗਾਂ ਵਿਖੇ ਮੁੱਖ ਅਧਿਆਪਕ ਰਾਜਵੰਤ ਸਿੰਘ ਅਤੇ ਬਹਾਦਰਪੁਰ ਵਿਖੇ ਸੈਂਟਰ ਹੈੱਡ ਟੀਚਰ ਨੀਰਜ ਅਗਰਵਾਲ ਨੇ ਸ਼ਮ੍ਹਾ ਰੋਸ਼ਨ ਕਰਕੇ ਪ੍ਰੋਗਰਾਮ ਦਾ ਆਰੰਭ ਕੀਤਾ। ਤਰਕਸ਼ੀਲ ਆਗੂਆਂ ਅਮਰੀਕ ਖੋਖਰ ਅਤੇ ਮਾਸਟਰ ਪਰਮਵੇਦ ਨੇ ਵਿਚਾਰ ਸਾਂਝੇ ਕੀਤੇ। ਦੁੱਗਾ ਸਕੂਲ ਵਿਖੇ ਪ.ਸ.ਵ.ਕ. ਦੇ ਮੈਂਬਰ ਜਸਵੰਤ ਸਿੰਘ, ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ, ਰਿਟਾਇਰਡ ਮਾਸਟਰ ਜੋਗਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜਰ ਸਨ। ਵਿਚਾਰ ਚਰਚਾ ਵਿੱਚ ਰੋਮੀ ਸਿੰਘ, ਵਿਮਲ ਕੌਰ, ਬਿੰਦੂ ਲਤਾ, ਰਜਿੰਦਰ ਕੌਰ, ਰਾਜਵਿੰਦਰ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ ਨੇ ਭਾਗ ਲਿਆ। ਬਹਾਦਰਪੁਰ ਵਿਖੇ ਸੰਜੀਵ ਬਾਂਸਲ, ਸੁਖਜਿੰਦਰ ਕੌਰ, ਅਮਨਦੀਪ ਕੌਰ ਤੇ ਰੋਜੀ ਨੇ ਸਵਾਲ-ਜਵਾਬ ਸੈਸ਼ਨ ਵਿੱਚ ਭਾਗ ਲਿਆ। **-ਸੁਰਜੀਤ ਭੱਠਲ**

ਮਾਝਾ ਜ਼ੋਨ : ਚੇਤਨਾ ਮਾਰਚ : ਜ਼ੋਨ ਅੰਮ੍ਰਿਤਸਰ ਵੱਲੋਂ 23 ਮਾਰਚ ਦੇ ਮਹਾਨ ਸ਼ਹੀਦਾਂ ਨੂੰ ਵਿਰਸਾ ਵਿਹਾਰ ਅੰਮ੍ਰਿਤਸਰ ਤੋਂ ਜਲ੍ਹਿਆਂਵਾਲੇ ਬਾਗ ਤੱਕ ਵਿਗਿਆਨਕ ਚੇਤਨਾ ਮਾਰਚ ਕਰਨ ਉਪਰੰਤ ਜਲ੍ਹਿਆਂਵਾਲੇ ਬਾਗ ਵਿਖੇ ਯਾਦ ਕੀਤਾ ਗਿਆ। ਚੇਤਨਾ ਮਾਰਚ ਦੌਰਾਨ ਅੰਧਵਿਸ਼ਵਾਸਾਂ ਤੇ ਸਮਾਜਿਕ ਬੁਰਾਈਆਂ ਖਿਲਾਫ਼ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਤੇ ਅਧਾਰਿਤ ਪੈਂਫਲਿਟ ਵੱਡੀ ਗਿਣਤੀ ਵਿੱਚ ਆਮ ਜਨਤਾ ਦੇ ਹੱਥ ਫੜਾਏ। ਜਲਿਆਂਵਾਲੇ ਬਾਗ ਵਿਖੇ ਜੋਨ ਆਗੂ ਸੰਦੀਪ ਧਾਰੀਵਾਲ ਭੋਜਾਂ, ਮੁਖਵਿੰਦਰ ਚੋਹਲਾ, ਮੁਖਤਾਰ ਗੋਪਾਲਪੁਰਾ, ਰਜਵੰਤ ਸਿੰਘ ਬਾਗੜੀਆ, ਐਡਵੋਕੇਟ ਅਮਰਜੀਤ ਬਾਈ, ਜੁਗਿੰਦਰ ਗੋਪਾਲਪੁਰਾ ਰਣਜੀਤ ਕੌਰ ਗੱਗੋਮਾਹਲ ਨੇ ਸੰਬੋਧਨ ਕੀਤਾ। ਇਸ ਮੌਕੇ ਮਾਃ ਮੇਜਰ ਸਿੰਘ, ਅਮਨ ਗੱਗੋਮਾਹਲ, ਕਾਮਰੇਡ ਅਜੀਤ ਸਿੰਘ, ਜਰਮਨਜੀਤ ਗੱਗੋਮਾਹਲ, ਮਾਃ ਸੁਰਜੀਤ ਸਿੰਘ ਖਿਲਚੀਆਂ, ਸੇਵਾ ਸਿੰਘ, ਸਰਬਜੀਤ ਸਿੰਘ, ਪ੍ਰਿੰਸਪਾਲ ਜੰਡਿਆਲਾ, ਸਤਨਾਮ ਜੰਡਿਆਲਾ, ਕਾਮਰੇਡ ਜਗੀਰ ਸਿੰਘ, ਦੀਵਾਨ ਸਿੰਘ ਧਾਰੀਵਾਲ ਭੋਜਾ, ਬਲਵੰਤ ਸਿੰਘ, ਭੁਪਿੰਦਰ ਸਿੰਘ ਕਾਲਾਬਾਲਾ, ਗੁਰਸੇਵਕ ਨੌਸਹਿਰਾ ਪੰਨੂਆਂ, ਮਾਃ ਤਰਸੇਮ ਸਿੰਘ ਲਾਲੂ ਘੁੰਮਣ, ਜਸਪਾਲ ਬਾਸਰਕੇ, ਲਖਵਿੰਦਰ ਗੋਪਾਲਪੁਰਾ, ਸੁਖਚੈਨ ਸਿੰਘ, ਸੁਖਵਿੰਦਰ ਸਿੰਘ ਖਾਰਾ ਆਦਿ ਤੋਂ ਇਲਾਵਾ ਵੱਖ-ਵੱਖ ਇਕਾਈਆਂ ਦੇ ਕਾਰਕੁੰਨ ਹਾਜਰ ਸਨ।

-ਰਜਵੰਤ ਸਿੰਘ ਬਾਗੜੀਆ / ਮੁਖਤਾਰ ਸਿੰਘ

ਪਟਿਆਲਾ : ਨਿਪੁੰਨ ਬੁਲਾਰੇ ਤਿਆਰ ਕਰਨ ਲਈ ਵਰਕਸ਼ਾਪ : ਜਥੇਬੰਦਕ ਮੁਖੀ ਰਾਜਿੰਦਰ ਭਦੌੜ ਦੀ ਅਗਵਾਈ ਹੇਠ ਪਟਿਆਲਾ ਵਿਖੇ ਤਰਕਸ਼ੀਲ ਹਾਲ ਵਿੱਚ 'ਚੰਗੇ ਬੁਲਾਰੇ ਕਿਵੇਂ ਬਣਨ' ਵਿਸ਼ੇ ਤੇ ਵਰਕਸ਼ਾਪ ਕਰਵਾਈ ਗਈ। ਇਸ ਵਿੱਚ ਸੁਸਾਇਟੀ ਦੇ ਤਿੰਨ ਜ਼ੋਨਾਂ ਪਟਿਆਲਾ, ਮਾਨਸਾ ਤੇ ਚੰਡੀਗੜ੍ਹ ਦੀਆਂ ਵੱਖ-ਵੱਖ ਇਕਾਈਆਂ ਦੇ ਕਰੀਬ 60 ਦੇ ਕਰੀਬ ਬੁਲਾਰਿਆਂ ਨੇ ਹਿੱਸਾ ਲਿਆ। ਇਸ ਮੌਕੇ ਸ੍ਰੀ ਰਾਜਿੰਦਰ ਭਦੌੜ, ਸਾਹਿਤ ਵਿਭਾਗ ਦੇ ਸੂਬਾਈ ਮੁਖੀ ਭੂਰਾ ਸਿੰਘ ਮਹਿਮਾ ਸਰਜਾ ਅਤੇ 'ਤਰਕਸ਼ੀਲ' ਮੈਗਜੀਨ ਦੇ ਸੰਪਾਦਕ ਬਲਵੀਰ ਲੌਂਗੋਵਾਲ ਨੇ ਸੰਬੋਧਨ ਕੀਤਾ। ਇਸ ਟਰੇਨਿੰਗ ਕੈਂਪ ਵਿੱਚ ਗੁਰਮੀਤ ਖਰੜ, ਰਾਮ ਸਿੰਘ ਬੰਗ, ਲਾਭ ਸਿੰਘ ਛਾਜਲਾ, ਰਾਮ ਕੁਮਾਰ, ਅਜੀਤ

ਪ੍ਰਦੇਸੀ, ਮਾ. ਪਰਮਵੇਦ, ਚਰਨਜੀਤ ਪਟਵਾਰੀ, ਘਨਸਿਆਮ ਜੋਸ਼ੀ, ਕੁਲਵੰਤ ਕੌਰ, ਚਰਨਜੀਤ ਮੁਹਾਲੀ, ਜਸਵਿੰਦਰ ਪੰਜਾਬੀ, ਕਮਲਜੀਤ ਲੌਂਗੋਵਾਲ, ਗੁਰਜੀਤ ਲੌਂਗੋਵਾਲ ਅਦਿ ਨੇ ਆਪਣੇ ਵਿਚਾਰ ਪ੍ਰਗਟਾਏ। ਸਟੇਜ ਸਕੱਤਰ ਦੀ ਜੁਮੇਵਾਰੀ ਹਰਚੰਦ ਭਿੰਡਰ ਨੇ ਨਿਭਾਈ ਅਤੇ ਸੁਰਜੀਤ ਭੱਠਲ ਨੇ ਆਪਣੇ ਅਗਾਂਹ ਵਧੂ ਗੀਤਾਂ ਨਾਲ ਮਾਹੌਲ ਨੂੰ ਸਾਹਿਤਕ ਰੰਗਤ ਦਿੱਤੀ।

-ਹਰਚੰਦ ਭਿੰਡਰ

ਇਕਾਈ ਗੁਰੂਹਰਸਹਾਏ: ਹੁਸੈਨੀਵਾਲਾ (ਫਿਰੋਜਪੁਰ) ਵਿਖੇ 23 ਮਾਰਚ ਨੂੰ ਜਥੇਬੰਦਕ ਮੁਖੀ ਅਵਤਾਰ ਦੀਪ (ਪ੍ਰੋ.) ਦੀ ਅਗਵਾਈ ਹੇਠ ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ। ਵੱਡੀ ਮਾਤਰਾ ਵਿੱਚ ਤਰਕਸ਼ੀਲ ਸਿਧਾਂਤਾਂ ਨੂੰ ਪ੍ਰਗਟਾਉਂਦਾ ਇੱਕ ਪਰਚਾ ਵੀ ਲੋਕਾਂ ਨੂੰ ਹੱਥੋ-ਹੱਥੀ ਵੰਡਿਆ ਗਿਆ। ਇਸ ਸਮੇਂ ਰਣਜੀਤ ਮੋਠਾਂਵਾਲਾ, ਮਾ. ਗੁਰਦੇਵ ਵਾਦੀਆ, ਪ੍ਰਵੀਨ ਮੇਘਾ ਰਾਏ, ਰਾਜਿੰਦਰ ਬਹਾਦਰ ਕੇ, ਬਲਦੇਵ ਸਿੰਘ, ਗੁਰਵਿੰਦਰ ਸਿੰਘ ਆਦਿ ਸ਼ਾਮਿਲ ਸਨ।

ਪੁਸਤਕ ਉੱਪਰ ਵਿਚਾਰ ਗੋਸ਼ਟੀ : 8 ਅਪ੍ਰੈਲ ਨੂੰ ਇਕਾਈ ਮੁਖੀ ਅਵਤਾਰ ਦੀਪ ਦੀ ਅਗਵਾਈ ਹੇਠ ਹੇਮ ਰਾਜ ਸਟੈਨੋ ਜੀ ਦੀ ਪੁਸਤਕ 'ਆਤਮਵਾਦੀ ਭਟਕਣਾ ਤੇ ਪਦਾਰਥਵਾਦੀ ਸੱਚ' ਤੇ ਵਿਚਾਰ ਗੋਸ਼ਟੀ ਕੀਤੀ। ਮਾ. ਮਨਜੀਤ ਸ਼ਰੀਹਵਾਲਾ ਨੇ ਸਮੁੱਚੇ ਰੂਪ ਵਿੱਚ ਪੁਸਤਕ ਦਾ ਸਾਰ ਪੇਸ਼ ਕੀਤਾ। ਸਵਾਲ-ਜਵਾਬ ਕਰਨ ਵਾਲਿਆਂ ਵਿੱਚ ਰਣਜੀਤ ਮੋਠਾਂਵਾਲੀ, ਮਾ. ਗੁਰਦੇਵ ਵਾਦੀਆਂ, ਪ੍ਰਵੀਨ ਮੇਘਾਰਾਏ, ਜਸਵਿੰਦਰ ਗੁਰੂਹਰਸਹਾਏ, ਬਲਦੇਵ ਸਿੰਘ, ਗੁਰਵਿੰਦਰ ਸਿੰਘ ਅਤੇ ਹਾਜ਼ਰ ਸਰੋਤੇ ਸ਼ਾਮਿਲ ਸਨ। ਪ੍ਰੋ. ਅਵਤਾਰ ਦੀਪ, ਲਖਵਿੰਦਰ ਸ਼ਰੀਹਵਾਲਾ, ਮਾ. ਪ੍ਰਵੀਨ ਜੰਡਵਾਲਾ ਅਤੇ ਮਾ. ਜਗਜੀਤ ਸਿੰਘ ਚੁੱਘਾ ਨੇ ਪੁਸਤਕ ਵਿੱਚ ਪ੍ਰਗਟਾਏ ਵਿਚਾਰਾਂ ਬਾਰੇ ਵਿਸਥਾਰਤ ਵਿਆਖਿਆ ਕੀਤੀ।

ਇਕਾਈ ਮੋਹਾਲੀ : 1. 23 ਫਰਵਰੀ ਨੂੰ ਅੰਧਵਿਸ਼ਵਾਸ ਰੋਕੂ ਕਾਨੂੰਨ ਉੱਤੇ ਚਰਚਾ ਕਰਵਾਈ ਗਈ ਤੇ ਲਹਿਰ ਨਾਲ ਜੁੜੇ ਸਮਰਥਕਾਂ ਦੇ ਵਿਚਾਰ ਲਏ ਗਏ। ਇਸ ਚਰਚਾ ਦੇ ਮੁੱਖ ਬੁਲਾਰੇ ਸੁਸਾਇਟੀ ਦੇ ਕਾਨੂੰਨ ਵਿਭਾਗ ਦੇ ਮੁਖੀ ਹਰਿੰਦਰ ਲਾਲੀ ਸਨ। ਵਿਸ਼ਾ ਗੰਭੀਰ ਹੋਣ ਦੇ ਬਾਵਜੂਦ ਚਰਚਾ 'ਚ ਭਾਗ ਲੈਣ ਵਾਲਿਆਂ ਦੀ ਗਿਣਤੀ ਉਤਸ਼ਾਹ ਦੇਣ ਵਾਲੀ ਸੀ।

2. ਪਿੰਡ ਭੜੌਂਜੀਆਂ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਪਿੰਡ ਵਾਸੀਆਂ ਨੂੰ ਵਹਿਮਾਂ ਭਰਮਾਂ ਖਿਲਾਫ ਜਾਗਰੂਕ ਕਰਦੀਆਂ ਫਿਲਮਾਂ ਦਿਖਾਈਆਂ ਗਈਆਂ। **-ਹਰਪ੍ਰੀਤ ਮੋਹਾਲੀ**

ਇਕਾਈ ਧਾਰੀਵਾਲ ਭੋਜਾ : ਨਾਟਕ ਮੇਲਾ : ਸਰਗਰਮ ਵਰਕਰ ਭੁਪਿੰਦਰ ਸਿੰਘ ਦੇ ਯਤਨਾਂ ਸਦਕਾ ਪਿੰਡ ਕਾਲਾਬਾਲਾ ਵਿਖੇ ਇਸ ਇਕਾਈ ਵੱਲੋਂ ਨਾਟਕ ਮੇਲੇ ਦਾ ਆਯੋਜਨ ਕੀਤਾ ਗਿਆ। ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਸ ਮੇਲੇ ਵਿੱਚ ਚੰਡੀਗੜ੍ਹ ਸਕੂਲ ਆਫ ਡਰਾਮਾ ਵੱਲੋਂ 'ਇਹ ਲਹੂ ਕਿਸਦਾ ਹੈ', 'ਮਿੱਟੀ ਰੁਦਨ ਕਰੇ' ਅਤੇ 'ਬੁੱਤ ਜਾਗ ਪਿਆ' ਆਦਿ ਨਾਟਕ ਖੇਡੇ ਗਏ। ਜ਼ੋਨ ਆਗੂ ਸੰਦੀਪ ਧਾਰੀਵਾਲ ਭੋਜਾ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਬਾਰੇ ਸੰਬੋਧਨ ਕੀਤਾ। ਦੀਵਾਨ ਸਿੰਘ ਧਾਰੀਵਾਲ ਭੋਜਾਂ ਨੇ ਕ੍ਰਾਂਤੀਕਾਰੀ ਕਵਿਤਾਵਾਂ ਪੇਸ਼ ਕੀਤੀਆਂ, ਮੰਚ ਸੰਚਾਲਨ ਮੁਖਤਾਰ ਗੋਪਾਲਪੁਰ ਨੇ ਕੀਤਾ। ਪੁਸਤਕ ਪ੍ਰਦਰਸ਼ਨੀ ਅਮਨਦੀਪ ਤੇ ਗਗਨਦੀਪ ਨੇ ਲਗਾਈ। ਮੇਲੇ ਦੀ ਸਫਲਤਾ ਵਿੱਚ ਭੁਪਿੰਦਰ ਸਿੰਘ, ਹਰਵਿੰਦਰ ਸਿੰਘ, ਮਾਸਟਰ ਜਸਪਾਲ, ਮਾਸਟਰ ਭੋਲਾ, ਡਾ. ਕੁਲਦੀਪ ਸਿੰਘ, ਪ੍ਰਿੰਸਪਾਲ ਜੰਡਿਆਲਾ, ਬੇਅੰਤ ਸਿੰਘ ਡੇਅਰੀਵਾਲ, ਸਿੰਗਾਰਾ ਸਿੰਘ ਠੱਕਰ ਸੰਧੂ ਦਾ ਵਿਸ਼ੇਸ਼ ਯੋਗਦਾਨ ਸੀ। **-ਮੁਖਤਾਰ ਸਿੰਘ**

ਤਰਕਸ਼ੀਲ ਸਾਹਿਤ ਵੈਨ ਦਾ ਸਫ਼ਰ

25-1-2014 : ਖਾਲਸਾ ਹਾਈ ਸਕੂਲ, ਤਲਵੰਡੀ ਸਾਬੋ ਵਿਖੇ ਸਥਾਨਕ ਇਕਾਈ ਦੇ ਸਹਿਯੋਗ ਨਾਲ ਤਰਕਸ਼ੀਲ ਸਮਾਗਮ ਕੀਤਾ ਗਿਆ। ਮਾਸਟਰ ਚਾਨਣ ਬੋਪਾਰਾਏ, ਅਵਤਾਰ ਸੇਮਾ ਨੇ ਸੰਬੋਧਨ ਕੀਤਾ। ਜਸਵੰਤ ਬੋਪਾਰਾਏ, ਪੱਪੀ ਸਿੰਘ ਸਰਾਂ, ਕ੍ਰਿਸ਼ਨ ਗੁਰੂ ਸਰੀਆ ਆਦਿ ਨੇ ਸ਼ਮੂਲੀਅਤ ਕੀਤੀ। ਪ੍ਰਿੰਸੀਪਲ ਪਰਮਜੀਤ ਕੌਰ ਦਾ ਪ੍ਰਸ਼ੰਸਾਯੋਗ ਸਹਿਯੋਗ ਰਿਹਾ। ਯੂਨੀਵਰਸਲ ਪਬਲਿਕ ਸਕੂਲ, ਤਲਵੰਡੀ ਸਾਬੋ ਵਿਖੇ ਵੀ ਸਮਾਰੋਹ ਕੀਤਾ। ਪ੍ਰਿੰਸੀਪਲ ਮਨਜੀਤ ਕੌਰ ਨੇ ਟੀਮ ਨੂੰ ਜੀ ਆਇਆਂ ਨੂੰ ਕਿਹਾ ਅਤੇ ਸਕੂਲ ਚੇਅਰਮੈਨ ਸੁਖਚੈਨ ਸਿੰਘ ਨੇ ਵਿਚਾਰ ਪ੍ਰਗਟਾਏ। ਤਰਕਸ਼ੀਲ ਸੁਸਾਇਟੀ ਵੱਲੋਂ ਜਗਦੀਪ ਗਿੱਲ ਨੇ ਗੀਤ, ਅਵਤਾਰ ਸੇਮਾ, ਮਾ: ਚਾਨਣ ਸਿੰਘ, ਬਲਦੇਵ ਗਿੱਲ, ਜਸਵੰਤ ਬੋਪਾਰਾਏ ਨੇ ਵਿਚਾਰ ਪੇਸ਼ ਕੀਤੇ।

28.1.2014: ਸ.ਸ.ਸ.ਸ. ਸਕੂਲ (ਲੜਕੀਆਂ) ਕਾਲਿਆਂਵਾਲੀ ਅਤੇ ਜਵਾਹਰ ਨਵੋਦਿਆ ਵਿਦਿਆਲਯ, ਔਢਾ (ਸਿਰਸਾ) ਵਿਖੇ ਇਕਾਈ ਕਾਲਿਆਂਵਾਲੀ ਦੇ ਸਹਿਯੋਗ ਨਾਲ ਪ੍ਰੋਗਰਾਮ ਦਿੱਤੇ। ਸਟੇਜ ਸੰਚਾਲਨ ਮਾ. ਸਮਸ਼ੇਰ ਸਿੰਘ ਨੇ ਕੀਤਾ। ਵਿਚਾਰ ਜਸਵੰਤ ਬੋਪਾਰਾਏ, ਨਰੇਸ਼ ਮਹੇਸ਼ਵਰੀ (ਪੱਤਰਕਾਰ-ਪੰਜਾਬੀ ਕੇਸਰੀ), ਰਜਿੰਦਰ ਜੋਧਪੁਰੀਆ ਨੇ ਪ੍ਰਗਟਾਏ। ਮਾ. ਅਜਾਇਬ ਜਲਾਲਆਣਾ ਨੇ ਜਾਦੂ ਦੇ ਟਰਿੱਕ ਪੇਸ਼ ਕੀਤੇ। ਸਰਕਾਰੀ ਸਕੂਲ ਵਿਖੇ ਪ੍ਰਿੰਸੀਪਲ ਹਵਾ ਸਿੰਘ ਨੇ ਧੰਨਵਾਦ ਕੀਤਾ ਅਤੇ ਮਾ. ਦਰਸ਼ਨ ਸਿੰਘ, ਰਾਜ ਸਿੰਘ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਡਰਾਇਵਰ ਜੱਗਾ ਸਿੰਘ ਨੇ ਸਾਊਂਡ ਸਰਵਿਸ ਦੀ ਸੇਵਾ ਨਿਭਾਈ। ਜੇ.ਐਨ.ਵੀ. ਔਢਾ ਵਿਖੇ ਪ੍ਰਧਾਨਗੀ, ਪ੍ਰਿੰਸੀਪਲ ਜੀ.ਕੇ. ਮਿਸਰਾ ਨੇ ਕੀਤੀ। ਇੱਥੇ ਸੁਖਵਿੰਦਰ ਸਿੰਘ ਪ੍ਰਯੋਗਸ਼ਾਲਾ ਸਹਾਇਕ, ਚਰਿਜ ਨਾਰੰਗ, ਆਰਟ ਅਧਿਆਪਕ ਐਮ.ਐੱਲ.ਸ਼ਰਮਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

29.01.2014 : ਇਕਾਈ ਕਾਲਿਆਂਵਾਲੀ ਦੇ ਸਹਿਯੋਗ ਨਾਲ ਸ.ਸ.ਸ. ਸਕੂਲ, ਔਢਾ ਵਿਖੇ ਪ੍ਰਿੰਸੀਪਲ ਸੁਭਾਸ਼ ਫੁਟੇਲਾ ਅਤੇ ਮਾਤਾ ਹਰਕੀ ਦੇਵੀ ਮਹਿਲਾ ਮਹਾਵਿਦਿਆਲਯ, ਔਢਾ ਵਿਖੇ ਪ੍ਰਿੰਸੀਪਲ ਡਾ. ਸ਼ਮੀਸ਼ ਸ਼ਰਮਾ ਦੀ ਅਗਵਾਈ ਅਤੇ ਪ੍ਰਬੰਧਾਂ ਹੇਠ ਪ੍ਰੋਗਰਾਮ ਪੇਸ਼ ਕੀਤੇ ਗਏ। ਮੁੱਖ ਮਹਿਮਾਨ ਸ. ਹਰਦਿਆਲ ਸਿੰਘ ਗਦਰਾਨਾ, ਵਿਸ਼ੇਸ਼ ਮਹਿਮਾਨ ਮੰਦਰ ਸਿੰਘ ਸਰਾਂ ਸਨ। ਮੁੱਖ ਬੁਲਾਰੇ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਨੇ ਵਿਚਾਰ ਪ੍ਰਗਟਾਏ। ਅਜਾਇਬ ਜਲਾਲਆਣਾ ਨੇ ਜਾਦੂ ਟ੍ਰਿਕ ਵਿਖਾਏ। ਮਾ. ਸਮਸ਼ੇਰ ਸਿੰਘ ਨੇ ਸਟੇਜ ਸੰਚਾਲਨ ਕੀਤਾ। ਪੁਸਤਕ ਵਿਕਰੀ ਵਿੱਚ ਜਸਵੰਤ ਬੋਪਾਰਾਏ, ਜੱਗਾ ਸਿੰਘ, ਰਾਜ ਸਿੰਘ, ਰਾਜਿੰਦਰ ਜੋਧਪੁਰੀਆ ਨੇ ਯੋਗਦਾਨ ਪਾਇਆ।

30.1.2014 : ਦਸਮੇਸ਼ ਸ.ਸ. ਸਕੂਲ, ਚੋਰਮਾਰ ਖੇੜਾ, ਸ.ਹ.ਸ. ਜਲਾਲਾਨਾ ਵਿਖੇ ਇਸੇ ਇਕਾਈ ਕਾਲਿਆਂਵਾਲੀ ਦੇ ਸਹਿਯੋਗ ਨਾਲ ਹੋਏ ਪ੍ਰੋਗਰਾਮਾਂ ਵਿੱਚ ਜਸਵੰਤ ਬੋਪਾਰਾਏ ਨੇ ਵਿਚਾਰ, ਅਜਾਇਬ ਜਲਾਲਾਨਾ ਨੇ ਜਾਦੂ ਟ੍ਰਿਕ ਪੇਸ਼ ਕੀਤੇ। ਸਟੇਜ ਮਾ. ਸਮਸ਼ੇਰ ਨੇ ਸੰਭਾਲੀ। ਪ੍ਰਿੰਸੀਪਲ ਹਰਦੇਵ ਸਿੰਘ ਨੇ ਧੰਨਵਾਦ ਕੀਤਾ। ਇਸ ਮੌਕੇ ਆਰੋਹੀ ਮਾਡਲ ਸਕੂਲ, ਜਲਾਲਾਨਾ ਦਾ ਸਟਾਫ, ਬੱਚੇ ਵੀ ਹਾਜਰ ਸਨ।

31.1.2014 : ਇਕਾਈ ਭਾਈ ਰੂਪਾ ਦੇ ਸਹਿਯੋਗ ਨਾਲ ਸ.ਸ.ਸ. ਸਕੂਲ (ਲੜਕੇ), ਸ.ਸ.ਸ.ਸ. (ਲੜਕੀਆਂ) ਭਾਈ ਰੂਪਾ ਵਿਖੇ ਤਰਕਸ਼ੀਲ ਸਾਹਿਤ ਵੈਨ ਪੁੱਜੀ। ਰਜਿੰਦਰ ਭਦੌੜ, ਜਸਵੰਤ ਬੋਪਾਰਾਏ, ਬੂਟਾ ਸਿੰਘ, ਬਲਬੀਰ ਸਿੰਘ ਨੇ ਸੰਬੋਧਨ ਕੀਤਾ। ਜਾਦੂ-ਆਈਟਮਾਂ ਪੇਸ਼ ਕੀਤੀਆਂ। ਸਹਾਇਕ ਯੂਨਿਟ ਅਫਸਰ (ਰਿਟਾ.) ਗੁਰਮੇਲ ਸਿੰਘ, ਐੱਸ.ਆਈ. ਮਲਕੀਤ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਮਿਰਗਿੰਦਰ ਮਿੰਟੂ, ਜੀਤ ਸਿੰਘ, ਗੁਰਦੀਪ ਸੈਣੀ, ਕਾਮਰੇਡ ਮਲਕੀਤ ਸਿੰਘ ਆਦਿ ਵੀ ਹਾਜ਼ਰ ਸਨ।

1.2.2014 : ਆਰੀਆ ਸੀਨੀ. ਸੈਕੰ. ਸਕੂਲ, ਰਾਮਪੁਰਾ ਮੰਡੀ ਅਤੇ ਸ.ਸ.ਸ. ਪਿੰਡ ਰਾਮਪੁਰਾ ਵਿਖੇ ਸੂਬਾਈ ਆਗੂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਾਦੂ-ਟ੍ਰਿਕ ਵਿਖਾਏ। ਇਸ ਮੌਕੇ ਪ੍ਰਿੰਸੀਪਲ ਗੁਰਤੇਜ ਸਿੰਘ, ਇੰਚਾਰਜ ਰੇਸ਼ਮਾ ਰਾਣੀ, ਹਰਿੰਦਰ ਬੱਲੀ, ਭੀਮ ਸੈਨ ਤਰਕ, ਜਗਦੇਵ ਸਿੰਘ, ਜੰਟਾ ਸਿੰਘ, ਗਗਨਦੀਪ, ਗੁਰਪ੍ਰੀਤ ਸਹਿਣਾ, ਬਲਵੀਰ ਸੰਧੂਕਲਾਂ ਵੀ ਹਾਜਰ ਸਨ।

2-2-2014 : ਵਿਸ਼ੇਸ ਸੱਦੇ ਤੇ ਇਕਾਈ ਜ਼ੀਰਾ ਦੇ ਸਹਿਯੋਗ ਨਾਲ ਸਾਹਿਤ ਸਭਾ ਜੀਰਾ ਦੇ ਸਲਾਨਾ ਸਮਾਗਮ ਵਿੱਚ ਵੈਨ ਪੁੱਜੀ ਅਤੇ ਪੁਸਤਕ ਵਿਕਰੀ ਪ੍ਰਦਰਸ਼ਨੀ ਲਗਾਈ ਗਈ। ਇਸ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋਡਿਊਸ਼ਰ ਦੂਰਦਰਸ਼ਨ ਜਲੰਧਰ ਲਖਵਿੰਦਰ ਸਿੰਘ ਜੌਹਲ ਸਨ, ਜਿੰਨ੍ਹਾਂ ਨੇ ਸਟੇਜ ਤੋਂ ਬੋਲਦਿਆਂ ਘਰ-ਘਰ ਅਗਾਂਹਵਧੂ ਸਾਹਿਤ ਪਹੁੰਚਾਉਣ ਲਈ ਤਰਕਸ਼ੀਲਾਂ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ, ਸਟੇਜ ਤੋਂ ਚੱਲਕੇ ਵੈਨ ਤੱਕ ਪਹੁੰਚੇ, ਪੁਸਤਕਾਂ ਖਰੀਦੀਆਂ ਅਤੇ ਰਿਕਾਰਡਿੰਗ ਟੀਮ ਨੇ ਪੁਸਤਕ ਪ੍ਰਦਰਸ਼ਨੀ ਦੀ ਪ੍ਰੈਸ-ਕਵਰਿੰਗ ਕੀਤੀ ਜੋ 3 ਫਰਵਰੀ ਨੂੰ ਸ਼ਾਮ 7 ਵਜੇ ਜਲੰਧਰ ਦੂਰਦਰਸ਼ਨ ਤੋਂ ਟੈਲੀਕਾਸਟ ਕੀਤੀ ਗਈ। ਸਭਾ ਅਤੇ ਇਕਾਈ ਦੇ ਮੈਂਬਰਾਂ ਗੁਰਚਰਨ ਨੂਰਪੁਰ, ਵੇਦ ਪ੍ਰਕਾਸ਼ ਸੋਨੀ, ਹਰਚਰਨ ਚੋਹਲਾ, ਪਰਮਜੀਤ ਬਰਾੜ ਅਤੇ ਪ੍ਰਤਾਪ ਹੀਰਾ ਨੇ ਵਿਸ਼ੇਸ਼ ਯੋਗਦਾਨ ਪਾਇਆ।(ਸਤੇਸ਼ ਭੂੰਦੜ)

3-2-2014 : ਮਾਨਸਾ ਜ਼ੋਨ ਦੀ ਇਕਾਈ ਜੋਗਾ ਦੀ ਦੇਖਰੇਖ ਹੇਠ ਮਾਈ ਭਾਗੋ ਗਰਲਜ ਕਾਲਜ, ਰੱਲਾ ਅਤੇ ਸ.ਸ.ਸ. ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਦਿੱਤੇ ਗਏ। ਮੁੱਖ ਬੁਲਾਰੇ ਵਜੋਂ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਸਟੇਜ ਸੰਚਾਲਨ ਇੰਦਰਜੀਤ ਝੱਬਰ ਨੇ ਕੀਤਾ। ਅਜਮੇਰ ਅਕਲੀਆਂ ਨੇ ਗੀਤ ਪੇਸ਼ ਕੀਤੇ। ਕਾਲਜ ਪ੍ਰਿੰਸੀਪਲ ਸ੍ਰੀਮਤੀ ਜਸਮੇਲ ਕੌਰ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ

ਮੌਕੇ ਚੇਅਰਮੈਨ ਡਾ. ਬਲਵਿੰਦਰ ਬਰਾੜ, ਸਰਪੰਚ ਬਿੱਕਰ ਸਿੰਘ, ਮੂਲ ਚੰਦ ਅਕਲੀਆਂ, ਬਿੱਕਰ ਸਿੰਘ ਜੋਗਾ, ਰੁਪਿੰਦਰ ਅਕਲੀਆਂ, ਸੁਖਪਾਲ ਜੋਗਾ, ਰੇਸ਼ਮ ਅਕਲੀਆ, ਭੁਪਿੰਦਰ ਫੌਜੀ, ਭੁਪਿੰਦਰ ਅਕਲੀਆ, ਜਸਵੰਤ ਬੋਪਾਰਾਏ ਹਾਜਰ ਸਨ। **-ਭੁਪਿੰਦਰ ਫੌਜੀ**

4-2-2014 : ਇਕਾਈ ਖੀਵਾ ਕਲਾਂ (ਮਾਨਸਾ) ਦੀ ਅਗਵਾਈ ਹੇਠ ਪਿੰਡ ਮੱਤੀ, ਖੀਵਾ ਖੁਰਦ, ਹੀਰੋ ਕਲਾਂ, ਖੀਵਾ ਕਲਾਂ ਦੀਆਂ ਸੱਥਾਂ ਵਿੱਚ ਪ੍ਰੋਗਰਾਮ ਦਿੱਤੇ ਗਏ। ਜ਼ੋਨ ਆਗੂ ਅੰਮ੍ਰਿਤ ਰਿਸ਼ੀ ਅਤੇ ਜਸਵੰਤ ਬੋਪਾਰਾਏ ਨੇ ਸੰਬੋਧਨ ਕੀਤਾ। ਸਟੇਜ ਭੁਪਿੰਦਰ ਫੌਜੀ ਨੇ ਚਲਾਈ ਅਤੇ ਬਲਬੀਰ ਸੰਧੂ ਕਲਾਂ ਨੇ ਜਾਦੂ-ਟ੍ਰਿਕ ਪੇਸ਼ ਕੀਤੇ। ਜਸਵੰਤ ਮੱਤੀ ਅਤੇ ਸੱਤਪਾਲ ਕੌਰ (ਖੀਵਾ ਖੁਰਦ) ਨੇ ਟੀਮ ਦਾ ਧੰਨਵਾਦ ਕੀਤਾ। ਹਰਮੇਸ਼ ਮੱਤੀ, ਗੁਰਪ੍ਰੀਤ ਖੀਵਾ, ਪਰਮਿੰਦਰ ਖੀਵਾ, ਗੁਰਜੀਤ ਸਿੰਘ ਆਦਿ ਦਾ ਪੂਰਾ ਸਹਿਯੋਗ ਰਿਹਾ।

5-2-2014 : ਇਕਾਈ ਬੀਰ ਖੁਰਦ (ਮਾਨਸਾ) ਦੇ ਸਹਿਯੋਗ ਨਾਲ ਸ.ਸ.ਸ.ਸ. ਬੀਰ ਹੋਡਲਾ, ਬੀਰ ਖੁਰਦ ਦੀ ਸੱਥ ਅਤੇ ਮਾਡਰਨ ਕਾਲਜ ਆਫ ਐਜੂਕੇਸ਼ਨ, ਬੀਰ ਕਲਾਂ ਵਿਖੇ ਪ੍ਰੋਗਰਾਮ ਪੇਸ਼ ਕੀਤਾ। ਜਸਵੰਤ ਬੋਪਾਰਾਏ ਨੇ ਵਿਚਾਰ ਪ੍ਰਗਟਾਏ, ਭੁਪਿੰਦਰ ਫੌਜੀ ਨੇ ਜਾਦੂ-ਟ੍ਰਿਕ ਪੇਸ਼ ਕੀਤੇ, ਸਟੇਜ ਸੰਚਾਲਨ ਸੁਖਪਾਲ ਬੀਰ ਨੇ ਕੀਤਾ। ਸਕੂਲ ਵਿਖੇ ਡਾ. ਕਰਨੈਲ ਵੈਰਾਗੀ ਨੇ ਟੀਮ ਦਾ ਧੰਨਵਾਦ ਕੀਤਾ। ਇਕਾਈ ਆਗੂਆਂ ਸੁਖਵਿੰਦਰ ਸਿੰਘ (ਜਥੇਬੰਦਕ ਮੁਖੀ), ਬੂਟਾ ਸਿੰਘ, ਹਰਜੀਤ ਸਿੰਘ, ਡਾ. ਜੁਗਰਾਜ, ਬੂਟਾ ਧਲੇਵਾ, ਸਤਿੰਦਰ, ਬੁੱਧ ਸਿੰਘ ਸਰਾਂ, ਅਵਤਾਰ ਸਿੰਘ, ਹਰਦੀਪ ਗਿੱਲ, ਗੁਰਨੈਬ ਸਿੰਘ ਆਦਿ ਦਾ ਪੂਰਨ ਸਹਿਯੋਗ ਰਿਹਾ।

6-2-2014 : ਇਕਾਈ ਭੀਖੀ ਦੀ ਅਗਵਾਈ ਹੇਠ ਆਦਰਸ਼ ਸ.ਸ.ਸ. ਭੁਪਾਲ ਅਤੇ ਸ.ਹ.ਸ. ਅਤਲਾ ਕਲਾਂ ਵਿਖੇ ਦਿੱਤੇ ਪ੍ਰੋਗਰਾਮਾਂ ਵਿੱਚ ਅੰਮ੍ਰਿਤ ਰਿਸ਼ੀ ਅਤੇ ਜਸਵੰਤ ਬੋਪਾਰਾਏ ਨੇ ਸੰਬੋਧਨ ਕੀਤਾ, ਭੁਪਿੰਦਰ ਫੌਜੀ ਨੇ ਜਾਦੂ-ਟ੍ਰਿਕ ਪੇਸ਼ ਕੀਤੇ। ਜਸ਼ਨਪ੍ਰੀਤ ਨੇ ਕਵਿਤਾ ਪੇਸ਼ ਕੀਤੀ। ਬਸ ਸਟੈਂਡ ਭੀਖੀ ਵਿਖੇ ਵੀ ਵੈਨ ਨੇ ਪੁਸਤਕ ਪ੍ਰਦਰਸ਼ਨੀ ਲਾਈ। ਜਸਪਾਲ ਅਤਲਾ, ਬਲਕਾਰ ਸਿੰਘ, ਹਰਜਿੰਦਰ ਸਿੰਘ, ਹਰਦੀਪ ਸਿੰਘ ਦਾ ਪ੍ਰਸ਼ੰਸਾਯੋਗ ਸਹਿਯੋਗ ਰਿਹਾ।

7-2-2014 : ਇਕਾਈ ਭੀਖੀ ਦੀ ਅਗਵਾਈ ਵਿੱਚ ਨੈਸ਼ਨਲ ਕਾਲਜ ਭੀਖੀ ਵਿਖੇ ਦਿੱਤੇ ਪ੍ਰੋਗਰਾਮ ਵਿੱਚ ਰਜਿੰਦਰ ਭਦੌੜ ਅਤੇ ਜਸਵੰਤ ਬੋਪਾਰਾਏ ਨੇ ਸੰਬੋਧਨ ਕੀਤਾ। ਸਟੇਜ ਜਸਵੰਤ ਮੱਤੀ ਨੇ ਚਲਾਈ। ਜਸਪਾਲ ਅਤਲਾ, ਹਰਮੇਸ਼ ਬਾਬੇ ਕਾ, ਰਣਜੀਤ ਸਿੰਘ ਦਾ ਪੂਰਾ ਸਹਿਯੋਗ ਰਿਹਾ।

8-2-2014 : ਇਕਾਈ ਮਾਨਸਾ ਦੇ ਸਹਿਯੋਗ ਨਾਲ ਮਾਤਾ ਸੁੰਦਰੀ ਗਰਲਜ ਕਾਲਜ, ਮਾਨਸਾ ਵਿਖੇ ਪ੍ਰੋਗਰਾਮ ਦਿੱਤਾ। ਸੂਬਾਈ ਆਗੂ ਭੂਰਾ ਸਿੰਘ ਮਹਿਮਾ ਸਰਜਾ ਨੇ ਸੰਬੋਧਨ ਕੀਤਾ। ਜਸਵੰਤ ਬੋਪਾਰਾਏ ਨੇ ਸਟੇਜ ਸੰਚਾਲਨ ਕੀਤਾ। ਮਾਸਟਰ ਗੁਰਪਿਆਰ ਕੋਟਲੀ ਨੇ ਜਾਦੂ ਦੇ ਟ੍ਰਿਕ ਵਿਖਾਏ। ਪ੍ਰਿੰਸੀਪਲ ਸ੍ਰੀਮਤੀ ਇੰਦਰਜੀਤ ਕੌਰ ਨੇ ਟੀਮ ਦਾ ਧੰਨਵਾਦ ਕੀਤਾ। ਗੁਰਪ੍ਰੀਤ ਸਹਿਣਾ, ਗੁਰਦੀਪ ਸਿੰਘ, ਹਰਬੰਸ ਸਿੰਘ, ਬਲਕਾਰ ਸਿੰਘ ਦਾ ਪੂਰਨ ਸਹਿਯੋਗ ਰਿਹਾ।

9-2-2014 : ਇਕਾਈ ਬੁਢਲਾਡਾ (ਮਾਨਸਾ) ਦੇ ਸਹਿਯੋਗ ਨਾਲ ਪਿੰਡ ਬੱਛੋਆਣਾ, ਦਿਆਲਪੁਰਾ ਵਿਖੇ ਪੇਸ਼ ਕੀਤੇ ਪ੍ਰੋਗਰਾਮਾਂ ਵਿੱਚ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਸਵੰਤ ਬੋਪਾਰਾਏ, ਜਸਵੀਰ ਸੋਨੀ ਨੇ ਸਟੇਜ ਚਲਾਈ। ਪ੍ਰੋਗਰਾਮਾਂ ਦੀ ਸਫਲਤਾ ਵਿੱਚ ਸਾਬਕਾ ਸਰਪੰਚ ਛੱਜੂ ਸਿੰਘ, ਬਹਾਲ ਸਿੰਘ, ਮਾਸਟਰ ਮੇਲਾ ਸਿੰਘ, ਭੋਲਾ ਦਿਆਲਪੁਰੀਆ, ਮਹਿੰਦਰ ਦਿਆਲਪੁਰਾ ਜਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ (ਡਕੌਂਦਾ), ਜੋਗਿੰਦਰ ਸਿੰਘ ਆਗੂ ਕਿਸਾਨ ਯੂਨੀਅਨ (ਉਗਰਾਹਾਂ) ਦਾ ਵਿਸ਼ੇਸ਼ ਯੋਗਦਾਨ ਰਿਹਾ।

10-2-2014 : ਇਕਾਈ ਬੁਢਲਾਡਾ ਦੇ ਸਹਿਯੋਗ ਨਾਲ ਸ.ਸ਼.ਸ.ਸ. (ਲੜਕੇ) ਬੁਢਲਾਡਾ, ਸ.ਸ.ਸ.ਸ. ਰੰਘੜਿਆਲ ਵਿਖੇ ਕਰਵਾਏ ਪ੍ਰੋਗਰਾਮ ਵਿੱਚ ਜਸਵੀਰ ਸੋਨੀ, ਜਸਵੰਤ ਬੋਪਾਰਾਏ ਨੇ ਸੰਬੋਧਨ ਕੀਤਾ। ਪ੍ਰਿੰਸੀਪਲ ਸ੍ਰੀ ਵਿਜੈ ਕੁਮਾਰ, ਡੀ.ਪੀ.ਈ. ਮੱਖਣ ਸਿੰਘ, ਸਮੂਹ ਸਟਾਫ ਅਤੇ ਇਕਾਈ ਮੁਖੀ ਬਲਜੀਤ ਸਿੰਘ ਨੇ ਪੂਰਾ ਸਹਿਯੋਗ ਦਿੱਤਾ। ਸਕੂਲਾਂ ਤੋਂ ਵਾਪਸੀ ਤੇ ਜੋਨ ਮੁਖੀ (ਮਾਨਸਾ) ਵਧਾਵਾ ਸਿੰਘ, ਇਕਾਈ ਮੁਖੀ (ਕੁਲਰੀਆਂ) ਦਰਸ਼ਨ ਆਜ਼ਾਦ, ਵਿੱਤ ਮੁਖੀ ਅਮਨ ਕੁਲਰੀਆਂ, ਜਸਵੀਰ ਰੰਘੜਿਆਲ ਦੇ ਸਹਿਯੋਗ ਨਾਲ ਬਰੇਟਾ ਮੰਡੀ ਅਤੇ ਬਸ ਸਟੈਂਡ ਕੁਲਰੀਆਂ ਤੇ ਪੁਸਤਕ ਪ੍ਰਦਰਸ਼ਨੀ ਲਾਈ ਗਈ।

11.2.2014 : ਇਕਾਈ ਕੁਲਰੀਆਂ ਦੀ ਅਗਵਾਈ ਹੇਠ ਸ.ਹ.ਸਕੂਲ ਕਿਸ਼ਨਗੜ੍ਹ, ਸ.ਹ.ਸ. ਖੁਡਾਲ ਸੇਖੂਪੁਰ ਅਤੇ ਕਲਪਨਾ ਚਾਵਲਾ ਮਾਡਲ ਸਕੂਲ, ਧੰਨਪੁਰਾ ਵਿਖੇ ਪ੍ਰੋਗਰਾਮ ਪੇਸ਼ ਕੀਤੇ ਗਏ। ਜਸਵੰਤ ਬੋਪਾਰਾਏ ਨੇ ਸੰਬੋਧਨ ਕੀਤਾ, ਭੁਪਿੰਦਰ ਫੌਜੀ ਨੇ ਜਾਦੂ ਟ੍ਰਿਕ ਪੇਸ਼ ਕੀਤੇ। ਵਧਾਵਾ ਸਿੰਘ, ਦਰਸ਼ਨ ਆਜਾਦ, ਅਮਨ

ਕੁਲਰੀਆਂ, ਜਸਵੀਰ ਰੰਘੜਿਆਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਖੁਡਾਲ ਸਕੂਲ ਵਿਖੇ ਮਾਸਟਰ ਹੁਸਨਵੀਰ ਖੁਡਾਲ ਨੇ ਵੀ ਸੰਬੋਧਨ ਕੀਤਾ।

12.2.2014 : ਇਕਾਈ ਕੁਲਰੀਆਂ ਦੇ ਸਹਿਯੋਗ ਨਾਲ ਪਿੰਡ ਮੰਡੇਰ ਦੀ ਸੱਥ, ਸੰਤ ਬਾਬਾ ਅਤਰ ਸਿੰਘ ਪਬਲਿਕ ਸਕੂਲ ਮੰਡੇਰ, ਸ.ਸ.ਸ. ਕੁਲਰੀਆਂ, ਸ. ਪ੍ਰਾਇ. ਸਕੂਲ ਕੁਲਰੀਆਂ, ਸ.ਹ.ਸ. ਭਾਵਾ, ਸ.ਪ੍ਰ.ਸ. ਭਾਣਾ, ਬਰੀਬਾਲਾ ਡੋਗਰਾ, ਭਾਈ ਬਹਿਲ ਪਬਲਿਕ ਸਕੂਲ ਚੱਕ ਅਲੀਸ਼ੇਰ, ਸ.ਸ.ਸ.ਸ. ਰਾਮਗੜ੍ਹ ਸ਼ਾਹਪੁਰੀਆ, ਸ.ਮਿ.ਸ. ਚੱਕ ਅਲੀਸ਼ੇਰ ਵਿਖੇ ਵੈਨ ਪੁੱਜੀ। ਦਰਸ਼ਨ ਆਜ਼ਾਦ, ਅਮਨ ਕੁਲਰੀਆਂ, ਕਾਲਾ ਟੇਲਰ, ਕ੍ਰਿਸ਼ਨ ਸਿੰਘ, ਜਸਵੀਰ ਰੰਘੜਿਆਲ, ਲਾਭ ਬੱਪੀਆਣਾ, ਭੀਮ ਮੰਡੇਰ ਨੇ ਪੂਰਨ ਸਹਿਯੋਗ ਦਿੱਤਾ।

13.2.2014 : ਇਕਾਈ ਮਾਖਾ (ਮਾਨਸਾ) ਦੇ ਸਹਿਯੋਗ ਨਾਲ ਸ. ਹਾਈ ਸਕੂਲ ਮਾਖਾ, ਭਾਈ ਗੁਰਦਾਸ ਅਕੈਡਮੀ ਮਾਖਾ, ਸ.ਸ.ਸ.ਸ. ਰਾਏਪੁਰ ਵਿਖੇ ਦਿੱਤੇ ਪ੍ਰੋਗਰਾਮਾਂ ਵਿੱਚ ਸਟੇਜ ਸੰਚਾਲਨ ਪਰਮਜੀਤ ਮਾਖਾ, ਨਰਿੰਦਰ ਮਾਖਾ ਨੇ ਕੀਤਾ। ਜਸਵੰਤ ਬੋਪਾਰਾਏ ਨੇ ਵਿਚਾਰ ਅਤੇ ਭੁਪਿੰਦਰ ਫੌਜੀ ਭੀਖੀ ਨੇ ਜਾਦੂ-ਟ੍ਰਿਕ ਪੇਸ਼ ਕੀਤੇ। ਸੁਰਜੀਤ ਮਾਖਾ, ਕੁਲਵੀਰ ਮਾਖਾ ਨੇ ਸਹਿਯੋਗ ਦਿੱਤਾ।

14.2.2014 : ਇਕਾਈ ਮਾਖਾ ਦੇ ਸਹਿਯੋਗ ਨਾਲ ਪਿੰਡ ਮਾਖਾ ਆਦਰਸ਼ ਪਬਲਿਕ ਸਕੂਲ ਰਾਪੁਰ, ਐੱਫ.ਐੱਸ.ਡੀ. ਸ.ਸ.ਸ. ਜੌੜਕੀਆ, ਪਿੰਡ ਮੌਜੀਆਂ ਵਿੱਚ ਵੈਨ ਦੇ ਮਾਧਿਅਮ ਰਾਹੀਂ ਕਰਵਾਏ ਪ੍ਰੋਗਰਾਮਾਂ ਵਿੱਚ ਰਜਿੰਦਰ ਭਦੌੜ ਮੁੱਖ ਬੁਲਾਰੇ ਵਜੋਂ ਬੋਲੇ। ਬਲਵੀਰ ਸੰਧੂ ਕਲਾਂ, ਭਾਨਾ ਸਿੰਘ ਨੇ ਜਾਦੂ ਦੇ ਟ੍ਰਿਕ ਵਿਖਾਏ। ਪਰਮਜੀਤ ਮਾਖਾ ਨੇ ਸਟੇਜ ਸੰਚਾਲਨ ਕੀਤਾ। ਪ੍ਰਧਾਨ ਰਘੁਵੀਰ ਸਿੰਘ, ਪ੍ਰਿੰਸੀਪਲ ਫੌਜਾ ਸਿੰਘ ਨੇ ਧੰਨਵਾਦ ਕੀਤਾ। ਨਰਿੰਦਰ ਮਾਖਾ, ਸੁਰਜੀਤ ਮਾਖਾ, ਕੁਲਵੀਰ ਮਾਖਾ, ਮੱਖਣ ਸਿੰਘ, ਸੁਰਜੀਤ ਸੀਤਾ, ਨਿਰਮਲ ਸਿੰਘ, ਬਿੰਦਰ ਸਿੰਘ, ਸਰਪੰਚ ਜੱਸਾ ਸਿੰਘ ਨੇ ਪੂਰਨ ਸਹਿਯੋਗ ਦਿੱਤਾ।

15.2.2014 : ਇਕਾਈ ਲਾਲਿਆਂ ਵਾਲੀ ਝੁਨੀਰ ਦੀ ਦੇਖਰੇਖ ਹੇਠਾਂ ਸ.ਸ.ਸ.ਸ. ਝੁਨੀਰ ਅਤੇ ਲਾਲਿਆਂ ਵਾਲੀ ਵਿਖੇ ਰੱਖੇ ਪ੍ਰੋਗਰਾਮਾਂ ਵਿੱਚ ਸੂਬਾਈ ਆਗੂ ਹਰਿੰਦਰ ਲਾਲੀ ਨੇ ਆਪਣੇ ਵਿਚਾਰ ਪ੍ਰਗਟਾਏ। ਪ੍ਰਿੰਸੀਪਲ ਕੁਲਦੀਪ ਸਿੰਘ ਨੇ ਧੰਨਵਾਦ ਕੀਤਾ। ਜਸਵੰਤ ਬੋਪਾਰਾਏ, ਗੁਰਦੀਪ ਲਾਲਿਆਂ ਵਾਲੀ, ਗੁਰਲਾਲ ਚਹਿਲਾਂ ਵਾਲੀ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਬਸ ਸਟੈਂਡ ਝੁਨੀਰ ਵਿਖੇ ਵੀ ਪੁਸਤਕ-ਪ੍ਰਦਰਸ਼ਨੀ ਲਾਈ ਗਈ।

16.2.2014 : ਇਸੇ ਇਕਾਈ ਦੇ ਸਹਿਯੋਗ ਨਾਲ ਪਿੰਡ ਦਸੌਂਧੀਆ ਅਤੇ ਸਾਹਨੇਵਾਲੀ ਦੀਆਂ ਸੱਥਾਂ ਵਿੱਚ ਵੈਨ ਪੁੱਜੀ। ਮਾਸਟਰ ਗੁਰਪਿਆਰ ਕੋਟਲੀ, ਜਸਵੰਤ ਬੋਪਾਰਾਏ ਨੇ ਲੋਕਾਂ ਨੂੰ ਸੰਬੋਧਨ ਕੀਤਾ। ਭਾਨਾ ਸਿੰਘ ਨੇ ਜਾਦੂ ਟ੍ਰਿਕ ਵਿਖਾਏ। ਵਿਸ਼ੇਸ਼ ਸਹਿਯੋਗ-ਗੁਰਦੀਪ ਸਿੰਘ, ਗੁਰਲਾਲ ਸਿੰਘ, ਮੰਗਲ ਸਿੰਘ ਸਾਬਕਾ ਸਰਪੰਚ, ਨਿਰਭੈ ਸਿੰਘ, ਅਮਰੀਕ ਸਿੰਘ ਸਾਹਨੇਵਾਲੀ, ਗੁਰਦਾਸ ਸਿੰਘ।


17.2.2014 : ਇਕਾਈ ਕੁਲਰੀਆਂ ਦੇ ਆਗੂ ਵਧਾਵਾ ਸਿੰਘ, ਜਸਵੀਰ ਸਿੰਘ ਦੇ ਸਹਿਯੋਗ ਨਾਲ ਸ.ਹ.ਸ. ਕਾਹਨੇਵਾਲ, ਸ.ਸ.ਸ.ਸ. ਫੱਤਾ ਮਾਲੋਕਾ ਵਿਖੇ ਵੈਨ ਰਾਹੀਂ ਹੋਏ ਪ੍ਰੋਗਰਾਮਾਂ ਵਿੱਚ ਰਜਿੰਦਰ ਭਦੌੜ ਨੇ ਸੰਬੋਧਨ ਕੀਤਾ। ਜਸਵੰਤ ਬੋਪਾਰਾਏ ਨੇ ਸਟੇਜ ਚਲਾਈ।


18.2.2014 : ਮਾਤਾ ਗੁਜਰੀ ਸਰਵ ਹਿਤਕਾਰੀ ਗਰਲਜ ਕਾਲਜ, ਸਰਦੂਲਗੜ੍ਹ ਵਿਖੇ ਪ੍ਰੋਗਰਾਮ ਦਿੱਤਾ। ਬਘੇਲ ਸਿੰਘ ਸਰਦੂਲਗੜ੍ਹ ਦਾ ਪ੍ਰੋਗਰਾਮ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਬੁਲਾਰੇ : ਰਜਿੰਦਰ ਭਦੌੜ, ਜਸਵੰਤ ਬੋਪਾਰਾਏ।

19.2.2014 : ਪਿੰਡ ਚਹਿਲਾਂਵਾਲੀ ਦੀ ਲਾਇਬ੍ਰੇਰੀ ਅਤੇ ਕਚਹਿਰੀਆਂ ਚੌਂਕ ਮਾਨਸਾ ਮੰਡੀ ਵੈਨ ਪੁੱਜੀ। ਸਹਿਯੋਗ-ਬਲਜੀਤ ਦਿਆਲਪੁਰਾ, ਬਲਕਰਨ ਸਿੰਘ, ਗੁਰਲਾਲ ਸਿੰਘ। ਬੁਲਾਰੇ-ਜਸਵੀਰ ਸੋਨੀ, ਜਸਵੰਤ ਬੋਪਾਰਾਏ।

ਵਿਸ਼ੇਸ਼ : ਇਹਨਾਂ ਸਾਰੀਆਂ ਥਾਵਾਂ, ਸਕੂਲਾਂ ਵਿੱਚ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਵੱਲੋਂ ਵੱਡੀ ਮਾਤਰਾ ਵਿੱਚ ਸਾਹਿਤ ਦੀ ਵਿਕਰੀ ਕੀਤੀ ਗਈ ਅਤੇ ਮੈਗਜ਼ੀਨ ਦੇ ਚੰਦੇ ਭਰੇ ਗਏ। ਸਾਰਿਆਂ ਨੇ ਭਰਪੂਰ ਸਹਿਯੋਗ ਦਿੰਦਿਆਂ ਵੈਨ-ਪ੍ਰਬੰਧਕਾਂ ਨੂੰ ਮੁੜ ਛੇਤੀ ਆਉਣ ਦਾ ਸੱਦਾ ਦਿੱਤਾ। ਅਦਾਰਾ ਵੱਡੇ ਪੱਧਰ ਤੇ ਦਿੱਤੇ ਸਹਿਯੋਗ ਲਈ ਸਾਰੀਆਂ ਸਿੱਖਿਆ ਸੰਸਥਾਵਾਂ, ਪਿੰਡਾਂ, ਇਕਾਈਆਂ, ਜ਼ੋਨਾਂ ਦਾ ਧੰਨਵਾਦ ਕਰਦਾ ਹੈ। ਆਸ ਕਰਦਾ ਹੈ ਕਿ ਖਰੀਦਿਆ ਗਿਆ ਸਾਹਿਤ, ਅਧਿਐਨ-ਚਿੰਤਨ ਉਪਰੰਤ ਪੰਜਾਬ ਦੀ ਫ਼ਿਜ਼ਾ ਅੰਦਰ ਵਿਗਿਆਨਕ ਸੋਚ ਦਾ ਪ੍ਰਸਾਰ ਕਰੇਗਾ।


ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਪ੍ਰਕਾਸ਼ਨ













































































ਪੁਸਤਕ ਪ੍ਰਾਪਤੀ ਲਈ ਸੰਪਰਕ :

ਦਫ਼ਤਰ, ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)

ਤਰਕਸ਼ੀਲ ਚੌਂਕ, ਬਰਨਾਲਾ

ਫੋਨ-01679 241466

ਮੋਬਾ. 98769 53561

tarkshilloffice@gmail.com



ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਦੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕਹਾਣੀਕਾਰ ਵਰਿਆਮ ਸੰਧੂ



4 ਅਪ੍ਰੈਲ 2014 ਨੂੰ ਬਰਨਾਲਾ ਵਿਖੇ ਹੋਏ ਸੂਬਾਈ ਛਿਮਾਹੀ ਇਕੱਤਰਤਾ 'ਚ ਸ਼ਾਮਲ ਡੈਲੀਗੇਟ



ਇਕੱਤਰਤਾ ਦੌਰਾਨ ਸੁਸਾਇਟੀ ਵੱਲੋਂ ਪ੍ਰਕਾਸ਼ਿਤ ਨਵੀਆਂ ਪੁਸਤਕਾਂ ਰਿਲੀਜ਼ ਕਰਦੇ ਹੋਏ ਸੂਬਾਈ ਆਗੂ



ਅੰਮ੍ਰਿਤਸਰ ਜ਼ੋਨ ਵੱਲੋਂ ਕੱਢੇ ਗਏ ਵਿਗਿਆਨਕ ਚੇਤਨਾ ਮਾਰਚ ਦਾ ਦ੍ਰਿਸ਼



ਨੇਤਰਦਾਨੀ ਮਾਤਾ ਗੰਗਾ ਦੇਵੀ ਦੇ ਮੁਕਤਸਰ ਵਿਖੇ ਧਾਰਮਿਕ ਰਸਮਾਂ ਤੋਂ ਬਿਨਾਂ ਹੋਏ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਮੁਖੀ ਰਜਿੰਦਰ ਭਦੌੜ



ਸ. ਸ. ਸ. ਸੋਹਾਣਾ ਵਿਖੇ ਤਰਕਸ਼ੀਲ ਸਾਹਿਤ ਵੈਨ 'ਚ ਪੁਸਤਕਾਂ ਵਾਚ ਰਹੀਆਂ ਵਿਦਿਆਰਥਣਾਂ

If undelivered please return to :

Tarksheel

Tarksheel Bhawan, Tarksheel Chowk,
Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....